22-JULY-PAGE-1.qxd 7/21/2023 10:49 PM Page 1

ਸ਼ਨੀਵਾਰ, 22 ਜੁਲਾਈ, 2023
7 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 51

# ਨਵਾਂ ਜ਼ਮਾਨਾ

DAILY NAWAN ZAMANA • SATURDAY, 22 JULY, 2023

ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਦੇਸ਼ ਬਚਾਇਆ, ਪਰ ਪਤਨੀ ਨੂੰ ਬੇਇੱਜ਼ਤ ਹੋਣੋਂ ਨਾ ਬਚਾਅ ਸਕਿਆ...

**ਇੰਫਾਲ** : ਮਨੀਪੁਰ ਵਿਚ ਭੀੜ ਨੇ ਜਿਨ੍ਹਾਂ ਦੋ ਮਹਿਲਾਵਾਂ ਨੂੰ ਨਿਰਵਸਤਰ ਘੁਮਾਇਆ ਅਤੇ ਜਿਨਸੀ ਤਸੀਹੇ ਦਿੱਤੇ, ਉਨ੍ਹਾਂ ਵਿੱਚੋਂ ਇਕ ਦੇ ਪਤੀ ਨੇ ਕਾਰਗਿਲ ਦੀ ਲੜਾਈ ਲੜੀ ਸੀ। ਫੌਜ ਵਿਚ ਆਸਾਮ ਰੈਜੀਮੈਂਟ ਦੇ ਸੂਬੇਦਾਰ ਰਹੇ ਪਤੀ ਨੇ ਕਿਹਾ-ਮੈਂ ਕਾਰਗਿਲ ਜੰਗ ਵਿਚ ਦੇਸ਼ ਖਾਤਰ ਲੜਿਆ ਅਤੇ ਸ੍ਰੀਲੰਕਾ ਵਿਚ ਭਾਰਤੀ ਅਮਨ ਬਹਾਲੀ ਬਲ ਦਾ ਹਿੱਸਾ ਵੀ ਰਿਹਾ। ਮੈਂ ਰਾਸ਼ਟਰ ਦੀ ਰਾਖੀ ਕੀਤੀ ਪਰ ਦੁਖੀ ਹਾਂ ਕਿ ਰਿਟਾਇਰਮੈਂਟ ਤੋਂ ਬਾਅਦ ਆਪਣੇ ਘਰ, ਪਤਨੀ ਤੇ ਸਾਥੀ ਪਿੰਡ ਵਾਸੀਆਂ ਦੀ ਰਾਖੀ ਨਹੀਂ ਕਰ ਸਕਿਆ। ਮੈਂ ਦੁਖੀ ਹਾਂ।

ਉਸ ਨੇ ਕਿਹਾ-ਚਾਰ ਮਈ ਦੇ ਸਵੇਰ ਭੀੜ ਨੇ ਪਿੰਡ ਦੇ ਕਈ ਘਰ ਸਾੜ ਦਿੱਤੇ, ਦੋ ਮਹਿਲਾਵਾਂ ਨੂੰ ਲੋਕਾਂ ਦੇ ਸਾਹਮਣੇ ਨਿਰਵਸਤਰ ਘੁਮਾਇਆ। ਪੁਲਸ ਮੌਜੂਦ ਸੀ, ਪਰ ਉਸ ਨੇ ਕੁਝ ਨਹੀਂ ਕੀਤਾ। ਮੈਂ ਚਾਹੁੰਦਾ ਹਾਂ ਕਿ ਘਰ ਸਾੜਨ ਵਾਲਿਆਂ ਤੇ ਮਹਿਲਾਵਾਂ ਨੂੰ ਬੇਇੱਜ਼ਤ ਕਰਨ ਵਾਲਿਆਂ ਨੂੰ ਇਬਰਤਨਾਕ ਸਜ਼ਾ ਮਿਲੇ।

19 ਜੁਲਾਈ ਤੋਂ ਸੋਸ਼ਲ ਮੀਡੀਆ 'ਤੇ ਮਨੀਪੁਰ ਦੀ ਵੀਡੀਓ ਵਾਇਰਲ ਹੈ, ਜਿਸ ਵਿਚ ਭੀੜ ਵੱਲੋਂ ਦੋ ਕੁੱਕੀ ਮਹਿਲਾਵਾਂ ਨੂੰ ਨਿਰਵਸਤਰ ਘੁਮਾਉਂਦੇ ਦੇਖਿਆ ਜਾ ਸਕਦਾ ਹੈ। ਮਹਿਲਾਵਾਂ ਨੂੰ ਜਿਨਸੀ ਤਸੀਹੇ ਦਿੱਤੇ ਗਏ। ਇਕ ਨਾਲ ਤਾਂ ਕਥਿਤ ਤੌਰ 'ਤੇ ਸਮੂਹਿਕ ਬਲਾਤਕਾਰ ਕੀਤਾ ਗਿਆ।

ਇਹ ਵਾਕਿਆ ਚਾਰ ਮਈ ਦਾ ਹੈ, ਪਰ ਵੀਡੀਓ ਬੁੱਧਵਾਰ ਸਾਹਮਣੇ ਆਈ। ਲੱਗਭੱਗ ਢਾਈ ਮਹੀਨੇ ਮਨੀਪੁਰ ਦੀ ਹਿੰਸਾ ਬਾਰੇ ਖਾਮੋਸ਼ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੀ ਵਾਰ ਬਿਆਨ ਦੇ ਕੇ ਕਿਹਾ ਕਿ ਇਸ ਘਟਨਾ ਨੇ 140 ਕਰੋੜ ਦੇਸ਼ਵਾਸੀਆਂ ਨੂੰ ਸ਼ਰਮਸਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਜੇ ਸਰਕਾਰ ਨੇ ਕਾਰਵਾਈ ਨਾ ਕੀਤੀ ਤਾਂ ਉਹ ਕਰੇਗੀ। ਕੌਮੀ ਮਹਿਲਾ ਕਮਿਸ਼ਨ ਨੇ ਇਸ ਮਾਮਲੇ ਵਿਚ ਖੁਦ ਨੋਟਿਸ ਲੈਣ ਦਾ ਐਲਾਨ ਕੀਤਾ ਹੈ, ਪਰ ਇਕ ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਕੌਮੀ ਮਹਿਲਾ ਕਮਿਸ਼ਨ ਖੁਦ ਨੋਟਿਸ ਲੈਣ ਦਾ ਜਿਹੜਾ ਦਾਅਵਾ ਕਰ ਰਹੀ ਹੈ, ਦਰਅਸਲ ਉਸ ਕੋਲ ਘਟਨਾ ਦੀ ਲਿਖਤੀ ਸ਼ਿਕਾਇਤ 38 ਦਿਨ ਪਹਿਲਾਂ 12 ਜੂਨ ਨੂੰ ਹੀ ਕਰ ਦਿੱਤੀ ਗਈ ਸੀ। ਏਨੇ ਦਿਨ ਨਾ ਉਸ ਨੇ ਕੋਈ ਕਾਰਵਾਈ ਕੀਤੀ ਤੇ ਨਾ ਕੋਈ ਪ੍ਰਤੀਕ੍ਰਿਆ ਦਿੱਤੀ।

ਕਮਿਸ਼ਨ ਨੂੰ ਸ਼ਿਕਾਇਤ ਦੋ ਮਨੀਪੁਰੀ ਮਹਿਲਾਵਾਂ ਤੇ ਮਨੀਪੁਰ ਆਦਿਵਾਸੀ ਸੰਘ ਨੇ ਦਿੱਤੀ ਸੀ। ਸੰਘ ਦਾ ਹੈੱਡਕੁਆਰਟਰ ਵਿਦੇਸ਼ ਵਿਚ ਹੈ। ਸ਼ਿਕਾਇਤਕਰਤਾਵਾਂ ਨੇ ਦੋਹਾਂ ਪੀੜਤ ਮਹਿਲਾਵਾਂ ਨਾਲ ਗੱਲ ਕਰਕੇ ਕਮਿਸ਼ਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੂੰ ਈਮੇਲ ਕੀਤੀ ਸੀ। ਸ਼ਿਕਾਇਤ ਵਿਚ ਸਪੱਸ਼ਟ ਲਿਖਿਆ ਗਿਆ ਸੀ ਕਿ ਚਾਰ ਮਈ ਨੂੰ ਕਾਂਗਪੋਕਪੀ ਜ਼ਿਲ੍ਹੇ ਦੇ ਇਕ ਪਿੰਡ ਵਿਚ ਦੋ ਮਹਿਲਾਵਾਂ ਨੂੰ ਨਿਰਵਸਤਰ ਕਰਕੇ ਘੁਮਾਇਆ ਗਿਆ, ਕੁੱਟਿਆ ਗਿਆ ਅਤੇ ਫਿਰ ਦੰਗਾਈ ਮੈਤੇਈ ਭੀੜ ਨੇ ਸਰਵਜਨਕ ਤੌਰ 'ਤੇ ਸਮੂਹਕ ਬਲਾਤਕਾਰ ਕੀਤਾ। ਸ਼ਿਕਾਇਤ ਵਿਚ ਅਪੀਲ ਕੀਤੀ ਗਈ ਸੀ ਕਿ ਕਮਿਸ਼ਨ ਬਲਾਤਕਾਰ, ਅਗਵਾ, ਸਰਵਜਨਕ ਹੱਤਿਆ, ਜਲਾਉਣ ਤੇ ਹੱਤਿਆ ਸਣੇ ਯੌਨ ਹਿੰਸਾ ਦੇ ਕਾਰਿਆਂ ਨਾਲ ਕੁੱਕੀ-ਜ਼ੋਮੀ ਆਦਿਵਾਸੀ ਮਹਿਲਾਵਾਂ ਉੱਤੇ ਅੱਤਿਆਚਾਰ ਦੀ ਫੌਰੀ ਪੜਤਾਲ ਕਰੇ।

ਸ਼ਿਕਾਇਤ ਵਿਚ ਹੋਰ ਵੀ ਕਈ ਮਿਸਾਲਾਂ ਦੇ ਹਵਾਲੇ ਨਾਲ ਕਿਹਾ ਗਿਆ ਕਿ ਮਨੀਪੁਰ ਦੀ ਹਿੰਸਾ ਦੌਰਾਨ ਕਈ ਕੁੱਕੀ-ਜ਼ੋਮੀ ਮਹਿਲਾਵਾਂ ਨੂੰ ਗਰਭ ਅਵਸਥਾ ਦੇ ਪੂਰੇ ਹੋਣ ਦੇ ਕਰੀਬ ਜਾਂ ਸਰਜਰੀ ਤੋਂ ਬਾਅਦ ਠੀਕ ਹੋਣ ਦੌਰਾਨ ਜਾਨ ਬਚਾਉਣ ਲਈ ਮਜਬੂਰ ਹੋਣਾ ਪਿਆ। ਕੁਝ ਨੇ ਆਰਜ਼ੀ ਕੈਂਪਾਂ ਵਿਚ ਬੱਚੇ ਨੂੰ ਜਨਮ ਦਿੱਤਾ। ਤਿੰਨ ਮਈ ਨੂੰ ਇਕ ਯੂਨੀਵਰਸਿਟੀ ਵਿਚ ਵਿਦਿਆਰਥਣਾਂ ਨੂੰ ਭੀੜ ਨੇ ਹੋਸਟਲ ਵਿੱਚੋਂ ਕੱਢ ਕੇ ਬਦਸਲੂਕੀ ਤੇ ਗਾਲੀ-ਗਲੋਚ ਕੀਤੀ। ਇਕ ਵਿਦਿਆਰਥਣ ਨੇ ਬਾਥਰੂਮ ਵਿਚ ਲੁਕ ਕੇ ਜਾਨ ਬਚਾਈ। ਇਸ ਦੌਰਾਨ ਭੀੜ 'ਕੁੱਕੀ ਮਹਿਲਾਵਾਂ ਨੂੰ ਮਾਰ ਦਿਓ' ਵਰਗੇ ਨਾਅਰੇ ਲਾ ਰਹੀ ਸੀ। ਆਸਾਮ ਰਾਈਫਲਜ਼ ਦੇ ਜਵਾਨਾਂ ਨੇ ਤੜਕੇ ਸਵਾ ਤਿੰਨ ਵਜੇ ਵਿਦਿਆਰਥਣਾਂ ਨੂੰ ਬਚਾਇਆ। ਚਾਰ ਮਈ ਨੂੰ ਇਕ ਨਰਸਿੰਗ ਇੰਸਟੀਚਿਊਟ ਦੀ 22 ਸਾਲਾ ਵਿਦਿਆਰਥਣ 'ਤੇ ਲੱਗਭੱਗ 40 ਲੋਕਾਂ ਦੀ ਭੀੜ ਨੇ ਹਮਲਾ ਕੀਤਾ। ਉਸ ਦੇ ਅਗਲੇ ਦੰਦ ਟੁੱਟ ਗਏ। ਉਸ ਵੇਲੇ ਮੈਤੇਈ ਮਹਿਲਾਵਾਂ ਚਿੱਲਾਈਆਂ-ਉਸ ਦਾ ਬਲਾਤਕਾਰ ਕਰੋ। ਉਸ ਨੂੰ ਤਸੀਹੇ ਦਿਓ। ਉਸ ਦੇ ਟੁਕੜੇ-ਟੁਕੜੇ ਕਰ ਦਿਓ। ਪੰਜ ਮਈ ਨੂੰ 20 ਸਾਲ ਦੀਆਂ ਦੋ ਮੁਟਿਆਰਾਂ ਨੂੰ ਮੈਤੇਈ ਬਦਮਾਸ਼ਾਂ ਨੇ ਮੂੰਹ ਬੰਦ ਕਰਕੇ ਕੁੱਟਿਆ, ਘਸੀਟਿਆ ਤੇ ਦੋ ਘੰਟੇ ਤੱਕ ਕਮਰੇ ਵਿਚ ਕੈਦ ਰੱਖਿਆ। ਇਸ ਦੇ ਬਾਅਦ ਬਲਾਤਕਾਰ ਕੀਤਾ ਤੇ ਫਿਰ ਹੱਤਿਆ ਕਰ ਦਿੱਤੀ। ਛੇ ਮਈ ਨੂੰ 45 ਸਾਲਾ ਵਿਧਵਾ ਨੂੰ ਮੈਤੇਈ ਭੀੜ ਨੇ ਬੇਰਹਿਮੀ ਨਾਲ ਕੁੱਟਿਆ, ਗੋਲੀ ਮਾਰੀ ਤੇ ਸਾੜ ਦਿੱਤਾ ਗਿਆ। ਇਕ ਤਾਂ 15 ਸਾਲਾ ਕੁੜੀ ਨੂੰ ਅਗਵਾ ਕਰ ਲਿਆ ਗਿਆ ਤੇ ਮੈਡੀਕਲ ਜਾਂਚ ਵਿਚ ਉਸ ਨਾਲ ਬਲਾਤਕਾਰ ਦੀ ਪੁਸ਼ਟੀ ਹੋਈ।

## 'ਬੇਟੀ ਬਚਾਓ' ਨਾਅਰਾ 'ਬੇਟੀ ਜਲਾਓ' ਬਣ ਗਿਆ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸ਼ੁੱਕਰਵਾਰ ਮਨੀਪੁਰ ਦੀ ਹਿੰਸਾ, ਬਿਲਕਿਸ ਬਾਨੋ ਤੇ ਮਹਿਲਾ ਭਲਵਾਨਾਂ ਦੇ ਯੌਨ ਸ਼ੋਸ਼ਣ ਦੇ ਮੁੱਦਿਆਂ 'ਤੇ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਭਾਜਪਾ ਦਾ 'ਬੇਟੀ ਬਚਾਓ' ਨਾਅਰਾ 'ਬੇਟੀ ਜਲਾਓ' ਬਣ ਗਿਆ ਹੈ।

ਹੁਕਮਰਾਨ ਤ੍ਰਿਣਮੂਲ ਕਾਂਗਰਸ ਦੀ ਸ਼ਹੀਦੀ ਦਿਹਾੜੇ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਕਿਹਾ-ਤੁਸੀਂ (ਭਾਜਪਾ ਨੇ) ਬੇਟੀ ਬਚਾਓ ਦਾ ਨਾਅਰਾ ਦਿੱਤਾ, ਇਹ ਹੁਣ ਕਿੱਥੇ ਹੈ? ਅਸੀਂ ਮਨੀਪੁਰ ਦੇ ਲੋਕਾਂ ਦੇ ਨਾਲ ਖੜ੍ਹੇ ਹਾਂ। ਮਨੀਪੁਰ ਸੜ ਰਿਹਾ ਹੈ, ਸਾਰਾ ਦੇਸ਼ ਸੜ ਰਿਹਾ ਹੈ। ਬਿਲਕਿਸ ਬਾਨੋ ਕੇਸ ਵਿਚ ਮੁਲਜ਼ਮ ਜ਼ਮਾਨਤ 'ਤੇ ਛੱਡ ਦਿੱਤੇ ਗਏ। ਮਹਿਲਾ ਭਲਵਾਨਾਂ ਦੇ ਯੌਨ ਸ਼ੋਸ਼ਣ ਦੇ ਮਾਮਲੇ ਵਿਚ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ ਵੀ ਜ਼ਮਾਨਤ ਮਿਲ ਗਈ। ਦੇਸ਼ ਦੀਆਂ ਮਹਿਲਾਵਾਂ ਤੁਹਾਨੂੰ ਅਗਲੀਆਂ ਚੋਣਾਂ ਵਿਚ ਦੇਸ਼ ਦੀ ਸਿਆਸਤ 'ਚੋਂ ਬਾਹਰ ਕੱਢ ਮਾਰਨਗੀਆਂ।

ਉਨ੍ਹਾ ਕਿਹਾ-ਤ੍ਰਿਣਮੂਲ ਕਾਂਗਰਸ ਕੁਰਸੀ ਦੀ ਚਾਹਵਾਨ ਨਹੀਂ, ਇਹ ਭਾਜਪਾ ਦੀ ਸਰਕਾਰ ਨੂੰ ਚਲਦੀ ਕਰਨਾ ਚਾਹੁੰਦੀ ਹੈ। ਉਹ ਆਪੋਜ਼ੀਸ਼ਨ ਦੇ ਗੱਠਜੋੜ 'ਇੰਡੀਆ' ਦੇ ਬੈਨਰ ਹੇਠ ਕੇਂਦਰ ਵਿਰੁੱਧ ਪ੍ਰੋਟੈਸਟ ਕਰਨਗੇ।

ਪਾਰਟੀ ਆਗੂ ਅਭਿਸ਼ੇਕ ਬੈਨਰਜੀ ਨੇ ਐਲਾਨਿਆ ਕਿ ਬੰਗਾਲ ਦਾ ਨਰੇਗਾ ਤੇ ਹੋਰ ਸਕੀਮਾਂ ਦਾ ਫੰਡ ਰੋਕਣ ਵਿਰੁੱਧ ਗਾਂਧੀ ਜੈਅੰਤੀ 'ਤੇ ਕੇਂਦਰ ਸਰਕਾਰ ਵਿਰੁੱਧ ਦਿੱਲੀ 'ਚ ਜ਼ਬਰਦਸਤ ਪ੍ਰੋਟੈਸਟ ਕੀਤਾ ਜਾਵੇਗਾ।



## ਸੰਸਦ ਦੇ ਦੋਨੋਂ ਸਦਨ ਨਹੀਂ ਚੱਲੇ

**ਨਵੀਂ ਦਿੱਲੀ** : ਸੰਸਦ ਦੇ ਮੌਨਸੂਨ ਸੈਸ਼ਨ 'ਚ ਸ਼ੁੱਕਰਵਾਰ ਲਗਾਤਾਰ ਦੂਸਰੇ ਦਿਨ ਲੋਕ ਸਭਾ 'ਚ ਮਨੀਪੁਰ ਹਿੰਸਾ ਦੀ ਗੂੰਜ ਸੁਣਾਈ ਦਿੱਤੀ ਅਤੇ ਇਸ ਮੁੱਦੇ 'ਤੇ ਸਦਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ ਅਤੇ ਚਰਚਾ ਕਰਵਾਉਣ ਦੀ ਮੰਗ ਨੂੰ ਲੈ ਕੇ ਵਿਰੋਧੀ ਧਿਰ ਦੇ ਭਾਰੀ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਇੱਕ ਵਾਰ ਮੁੜ ਮੁਅੱਤਲ ਕਰਨ ਮਗਰੋਂ ਲੱਗਭੱਗ 12.15 ਵਜੇ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਵਿਰੋਧੀ ਮੈਂਬਰਾਂ ਨੇ ਮਨੀਪੁਰ ਦਾ ਮੁੱਦਾ ਉਠਾਉਣਾ ਸ਼ੁਰੂ ਕਰ ਦਿੱਤਾ। ਕਾਂਗਰਸ, ਡੀ ਐੱਮ ਕੇ ਤੇ ਖੱਬੇ ਪੱਖੀ ਪਾਰਟੀਆਂ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਵੀ ਕੀਤੀ। ਕੁਝ ਨੇ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ 'ਤੇ ਲਿਖਿਆ ਸੀ, "ਇੰਡੀਆ ਚਾਹੁੰਦਾ ਹੈ ਪ੍ਰਧਾਨ ਮੰਤਰੀ ਸਦਨ 'ਚ ਆਉਣ।" ਇਸ ਦੌਰਾਨ 'ਜਵਾਬ ਦਿਓ ਜਵਾਬ ਦਿਓ' ਦੇ ਨਾਅਰੇ ਵੀ ਲੱਗੇ। ਉਧਰ ਕੌਮੀ ਰਾਜਧਾਨੀ ਦੇ ਸੇਵਾ ਮਾਮਲੇ 'ਤੇ ਆਰਡੀਨੈਂਸ ਅਦਾਲਤ 'ਚ ਵਿਚਾਰ ਅਧੀਨ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਉਸ ਦੀ ਥਾਂ ਬਿੱਲ ਲਿਆਉਣ ਦੇ ਮੁੱਦੇ 'ਤੇ ਵਿਰੋਧੀ ਧਿਰਾਂ ਦੇ ਹੰਗਾਮੇ ਕਾਰਨ ਰਾਜ ਸਭਾ ਦੀ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਕਾਰਵਾਈ ਢਾਈ ਵਜੇ ਤੱਕ ਮੁਲਤਵੀ ਕੀਤੀ ਗਈ ਸੀ।

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਲੋਕ ਸਭਾ 'ਚ ਕਿਹਾ ਕਿ ਸਰਕਾਰ ਮਨੀਪੁਰ ਦੀ ਘਟਨਾ 'ਤੇ ਚਰਚਾ ਲਈ ਤਿਆਰ ਹੈ, ਪਰ ਵਿਰੋਧੀ ਧਿਰ ਗੰਭੀਰ ਨਹੀਂ ਦਿਖਾਈ ਦੇ ਰਹੀ। ਹੰਗਾਮੇ ਦੌਰਾਨ ਸਰਕਾਰ ਦਾ ਪੱਖ ਰੱਖਦਿਆਂ ਰਾਜਨਾਥ ਨੇ ਇਹ ਵੀ ਕਿਹਾ ਕਿ ਕੁੱਝ ਸਿਆਸੀ ਪਾਰਟੀਆਂ ਅਜਿਹੀ ਸਥਿਤੀ ਪੈਦਾ ਕਰਨਾ ਚਾਹੁੰਦੀਆਂ ਹਨ ਕਿ ਸਦਨ 'ਚ ਮਨੀਪੁਰ ਦੇ ਵਿਸ਼ੇ 'ਤੇ ਚਰਚਾ ਨਾ ਹੋਵੇ। ਉਨ੍ਹਾ ਕਿਹਾ ਕਿ ਮਨੀਪੁਰ ਦੀ ਘਟਨਾ ਦੀ ਗੰਭੀਰਤਾ ਨੂੰ ਸਮਝਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਕਿਹਾ ਹੈ ਕਿ ਇਸ ਨਾਲ ਪੂਰਾ ਦੇਸ਼ ਸ਼ਰਮਸਾਰ ਹੋਇਆ ਹੈ ਅਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

## ਹਿੰਸਾ ਖਿਲਾਫ ਜ਼ੋਰਦਾਰ ਅਵਾਜ਼ ਬੁਲੰਦ ਕਰਨ ਦਾ ਸੱਦਾ

**ਜਲੰਧਰ** : ਮਨੀਪੁਰ 'ਚ ਔਰਤਾਂ ਨੂੰ ਨਿਰਵਸਤਰ ਕਰਕੇ ਸਰੇਆਮ ਸੜਕਾਂ 'ਤੇ ਚੱਲਣ ਲਈ ਮਜਬੂਰ ਕਰਨ ਅਤੇ ਉਹਨਾਂ ਨੂੰ ਬਿਆਨ ਨਾ ਕੀਤੇ ਜਾਣ ਵਾਲੇ ਅੰਦਾਜ਼ ਵਿਚ ਜ਼ਲੀਲ ਕਰਨ ਦੀ ਘਟਨਾ ਦੀ ਜ਼ੋਰਦਾਰ ਨਿੰਦਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਹੈ ਕਿ ਮੋਦੀ ਹਕੂਮਤ ਦੀ ਸਰਪ੍ਰਸਤੀ ਹੇਠ ਹੋ ਰਹੀਆਂ ਅਜਿਹੀਆਂ ਬੇਹਯਾਈ ਭਰੀਆਂ ਘਟਨਾਵਾਂ ਖਿਲਾਫ ਸਮੂਹ

● ਬਾਕੀ ਸਫ਼ਾ 2 'ਤੇ

## ਮਮਤਾ ਦੇ ਘਰ ਵੜਦਾ ਗ੍ਰਿਫ਼ਤਾਰ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਕਾਲੀਘਾਟ ਸਥਿਤ ਰਿਹਾਇਸ਼ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਹੇਠ ਪੁਲਸ ਨੇ ਸ਼ੁੱਕਰਵਾਰ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਦੀ ਕਾਰ ਵਿੱਚੋਂ ਹਥਿਆਰ ਵੀ ਮਿਲੇ ਹਨ। ਕੋਲਕਾਤਾ ਦੇ ਪੁਲਸ ਕਮਿਸ਼ਨਰ ਵਿਨੀਤ ਗੋਇਲ ਨੇ ਦੱਸਿਆ ਕਿ ਵਿਅਕਤੀ ਨੇ ਕਾਲਾ ਕੋਟ ਪਾਇਆ ਹੋਇਆ ਸੀ ਅਤੇ ਉਸ ਦੀ ਪਛਾਣ ਨੂਰ ਆਲਮ ਵਜੋਂ ਹੋਈ ਹੈ। ਆਲਮ ਦੀ ਕਾਰ 'ਤੇ 'ਪੁਲਸ' ਦਾ ਸਟਿਕਰ ਵੀ ਲੱਗਿਆ ਹੋਇਆ ਹੈ। ਕਾਰ ਜ਼ਬਤ ਕਰ ਲਈ ਗਈ ਹੈ।

## ਭਲਵਾਨਾਂ ਬਾਰੇ ਫੈਸਲਾ ਅੱਜ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਸ਼ੁੱਕਰਵਾਰ ਕਿਹਾ ਕਿ ਭਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਨੂੰ ਏਸ਼ੀਆਈ ਖੇਡਾਂ ਲਈ ਚੋਣ ਟਰਾਇਲ ਤੋਂ ਮਿਲੀ ਛੋਟ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ 22 ਜੁਲਾਈ ਨੂੰ ਫੈਸਲਾ ਸੁਣਾਇਆ ਜਾਵੇਗਾ। ਜੱਜ ਸੁਬਰਾਮਣੀਅਮ ਪ੍ਰਸਾਦ ਨੇ ਅੰਡਰ-20 ਵਿਸ਼ਵ ਚੈਂਪੀਅਨ ਅੰਤਿਮ ਪੰਘਾਲ ਅਤੇ ਅੰਡਰ-23 ਏਸ਼ੀਆਈ ਚੈਂਪੀਅਨ ਸੁਜੀਤ ਕਲਕਟ ਦੀ ਪਟੀਸ਼ਨ 'ਤੇ ਫੈਸਲਾ ਸੁਰੱਖਿਅਤ ਰੱਖਿਆ।

## ਜੈਪੁਰ 'ਚ ਭੁਚਾਲ ਦੇ ਝਟਕੇ

**ਜੈਪੁਰ** : ਰਾਜਸਥਾਨ ਦੀ ਰਾਜਧਾਨੀ ਜੈਪੁਰ 'ਚ ਸ਼ੁੱਕਰਵਾਰ ਤੜਕੇ 4.4 ਸ਼ਿੱਦਤ ਦੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਲੋਕ ਘਬਰਾ ਕੇ ਘਰਾਂ ਵਿੱਚੋਂ ਬਾਹਰ ਆ ਗਏ। ਸਵੇਰੇ ਚਾਰ ਵੱਜ ਕੇ ਨੌਂ ਮਿੰਟ 'ਤੇ ਭੂਚਾਲ ਕਰੀਬ ਦਸ ਕਿਲੋਮੀਟਰ ਦੀ ਡੂੰਘਾਈ 'ਤੇ ਆਇਆ ਸੀ।

## ਫਰਜ਼ੀ ਕਾਲ ਸੈਂਟਰ ਚਲਾਉਂਦੇ 29 ਨੌਜਵਾਨ ਗ੍ਰਿਫ਼ਤਾਰ

**ਲੁਧਿਆਣਾ** : ਪੁਲਸ ਨੇ ਫਰਜ਼ੀ ਕਾਲ ਸੈਂਟਰ ਚਲਾ ਰਹੇ 29 ਨੌਜਵਾਨ ਗ੍ਰਿਫ਼ਤਾਰ ਕੀਤੇ ਹਨ। ਇਹ ਵਿਦੇਸ਼ਾਂ ਵਿਚ ਬੈਠੇ ਲੋਕਾਂ ਦੇ ਕੰਪਿਊਟਰ ਹੈਕ ਕਰਕੇ ਉਨ੍ਹਾਂ ਪਾਸੋਂ ਵਸੂਲੀ ਕਰਦੇ ਸਨ। ਪੁਲਸ ਵਲੋਂ ਇਨ੍ਹਾਂ ਪਾਸੋਂ ਹੋਰ ਵੀ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਪੁਲਸ ਨੇ ਨੌਜਵਾਨਾਂ ਦੇ ਕਬਜ਼ੇ ਵਿਚੋਂ ਕਾਫ਼ੀ ਮਾਤਰਾ ਵਿਚ ਸਮਾਨ ਵੀ ਬਰਾਮਦ ਕੀਤਾ ਹੈ।

## ਰਾਹੁਲ ਦੀ ਅਪੀਲ 'ਤੇ ਗੁਜਰਾਤ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ** : ਮੋਦੀ ਸਰਨੇਮ ਵਾਲੇ ਮਾਮਲੇ ਵਿਚ ਸਜ਼ਾ ਉੱਤੇ ਰੋਕ ਲਾਉਣ ਦੇ ਗੁਜਰਾਤ ਹਾਈ ਕੋਰਟ ਦੇ ਇਨਕਾਰ ਖਿਲਾਫ ਰਾਹੁਲ ਗਾਂਧੀ ਦੀ ਅਪੀਲ 'ਤੇ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਗੁਜਰਾਤ ਸਰਕਾਰ ਤੇ ਉੱਥੋਂ ਦੇ ਭਾਜਪਾ ਵਿਧਾਇਕ ਪੁਰਨੇਸ਼ ਮੋਦੀ ਨੂੰ ਨੋਟਿਸ ਜਾਰੀ ਕਰਕੇ 10 ਦਿਨਾਂ ਵਿਚ ਜਵਾਬ ਮੰਗਿਆ ਤੇ ਅਗਲੀ ਸੁਣਵਾਈ ਲਈ 4 ਅਗਸਤ ਦੀ ਤਰੀਕ ਤੈਅ ਕੀਤੀ। ਇਹ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਬੈਂਚ ਦੀ ਅਗਵਾਈ ਕਰ ਰਹੇ ਜਸਟਿਸ ਬੀ ਆਰ ਗਵਈ ਨੇ ਕਿਹਾ ਕਿ ਉਨ੍ਹਾ ਦੇ ਪਿਤਾ ਭਾਵੇਂ ਕਾਂਗਰਸ ਦੇ ਮੈਂਬਰ ਨਹੀਂ ਰਹੇ ਪਰ ਕਾਂਗਰਸ ਨਾਲ ਕਰੀਬ ਤੋਂ ਜੁੜੇ ਰਹੇ ਅਤੇ ਭਰਾ ਅਜੇ ਵੀ ਕਾਂਗਰਸ ਵਿਚ ਹਨ, ਜੇ ਕਿਸੇ ਧਿਰ ਨੂੰ ਇਤਰਾਜ਼ ਹੋਵੇ ਤਾਂ ਉਹ ਬੈਂਚ ਤੋਂ ਹਟਣ ਲਈ ਤਿਆਰ ਹਨ। ਇਸ 'ਤੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਰਾਹੁਲ ਦੇ ਵਕੀਲ ਮਨੂੰ ਸਿੰਘਵੀ ਨੇ ਕਿਹਾ ਕਿ ਪਟੀਸ਼ਨਰ (ਰਾਹੁਲ) ਅਪਰਾਧਕ ਮਾਣਹਾਨੀ ਦੇ ਮਾਮਲੇ ਵਿਚ ਦੋ ਸਾਲ ਦੀ ਸਜ਼ਾ ਕਾਰਨ 111 ਦਿਨਾਂ ਤੋਂ ਲੋਕ ਸਭਾ ਵਿਚ ਜਾ ਨਹੀਂ ਸਕੇ ਹਨ, ਇਸ ਲਈ ਸਜ਼ਾ 'ਤੇ ਅੰਤਰਮ ਰੋਕ ਤਾਂ ਲਾ ਹੀ ਦਿੱਤੀ ਜਾਵੇ। ਬੈਂਚ ਨੇ ਕਿਹਾ ਕਿ ਉਹ ਕੋਈ ਹੁਕਮ ਪਾਸ ਕਰਨ ਤੋਂ ਪਹਿਲਾਂ ਦੂਜੀਆਂ ਧਿਰਾਂ ਨੂੰ ਸੁਣਨਾ ਚਾਹੇਗੀ।

## ਸੀਨੀਅਰ ਕਾਂਸਟੇਬਲ ਤੇ ਹੋਮਗਾਰਡ ਗ੍ਰਿਫ਼ਤਾਰ

### ਇੱਕ ਹੋਰ ਮਾਮਲੇ 'ਚ ਏ ਐਸ ਆਈ ਨੱਪਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਇੱਕ ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ 'ਚ ਸ਼ੁੱਕਰਵਾਰ ਹੁਸ਼ਿਆਰਪੁਰ ਤੋਂ ਸੀਨੀਅਰ ਕਾਂਸਟੇਬਲ ਕਿੰਦਰ ਸਿੰਘ, ਹੋਮਗਾਰਡ ਜੁਝਾਰ ਅਤੇ ਇੱਕ ਪ੍ਰਾਈਵੇਟ ਵਿਅਕਤੀ ਰੋਹਿਤ ਹਾਂਸ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਨੂੰ ਪੰਜਾਬ ਰੋਡਵੇਜ਼ ਡੀਪੂ ਹੁਸ਼ਿਆਰਪੁਰ ਵਿਖੇ ਤਾਇਨਾਤ ਕੰਡਕਟਰ ਗੁਰਮੇਲ ਸਿੰਘ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬੱਸ ਕੰਡਕਟਰ ਨੇ ਵਿਜੀਲੈਂਸ ਫਲਾਇੰਗ ਸਕੁਐਡ-1, ਪੰਜਾਬ ਮੋਹਾਲੀ ਕੋਲ ਪਹੁੰਚ ਕਰਕੇ ਸ਼ਿਕਾਇਤ ਦਰਜ ਕਰਵਾਈ ਕਿ ਉਕਤ ਪੁਲਸ ਮੁਲਾਜ਼ਮਾਂ ਨੇ ਉਸ ਦੇ ਕਬਜ਼ੇ ਵਿਚੋਂ ਮਾਮੂਲੀ ਮਾਤਰਾ ਵਿਚ ਅਫੀਮ ਬਰਾਮਦ ਕੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਉਸ ਨੂੰ ਇਹ

● ਬਾਕੀ ਸਫ਼ਾ 2 'ਤੇ

## ਸ਼੍ਰੋਮਣੀ ਕਮੇਟੀ ਗੁਰਬਾਣੀ ਪ੍ਰਸਾਰਨ ਦਾ ਅਧਿਕਾਰ ਇੱਕ ਚੈਨਲ ਨੂੰ ਸੌਂਪਣ ਲਈ ਉਤਾਵਲੀ ਕਿਉਂ ?

### ਸਰਕਾਰ 24 ਘੰਟਿਆਂ 'ਚ ਮੁਫ਼ਤ ਪ੍ਰਸਾਰਨ ਸੇਵਾ ਲਈ ਸਾਰੇ ਪ੍ਰਬੰਧ ਕਰਨ ਲਈ ਤਿਆਰ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਨੂੰ ਇਹ ਦੱਸਣ ਦੀ ਚੁਣੌਤੀ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਦੇ ਅਧਿਕਾਰ ਸਭ ਲਈ ਮੁਫਤ ਕਰਨ ਦੀ ਬਜਾਏ ਸਿਰਫ ਇੱਕ ਚੈਨਲ ਨੂੰ ਦੇਣ ਲਈ ਕਾਹਲ ਕਿਉਂ ਦਿਖਾਈ ਜਾ ਰਹੀ ਹੈ। ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਆਖਿਆ ਕਿ ਭਾਈਚਾਰੇ, ਫਿਰਕੂ ਸਦਭਾਵਨਾ ਅਤੇ ਵਿਸ਼ਵ ਸ਼ਾਂਤੀ ਦੇ ਸੰਕਲਪ ਨੂੰ ਮਜ਼ਬੂਤ ਕਰਨ ਲਈ ਗੁਰਬਾਣੀ ਦਾ ਸੰਦੇਸ਼ ਦੁਨੀਆ ਭਰ 'ਚ ਫੈਲਣਾ ਚਾਹੀਦਾ ਹੈ। ਉਨ੍ਹਾਂ ਵੱਧ ਤੋਂ ਵੱਧ ਪਹੁੰਚ ਯਕੀਨੀ ਬਣਾਉਣ ਲਈ ਗੁਰਬਾਣੀ ਦਾ ਪ੍ਰਸਾਰਨ ਹਰੇਕ ਲਈ ਮੁਫ਼ਤ ਕਰਨ ਦੀ ਵਕਾਲਤ ਕੀਤੀ। ਭਗਵੰਤ ਮਾਨ ਨੇ ਕਿਹਾ ਕਿ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਆ ਰਹੀ ਹੈ ਤਾਂ ਸੂਬਾ ਸਰਕਾਰ ਇਸ ਸੇਵਾ ਲਈ 24 ਘੰਟਿਆਂ 'ਚ ਸਾਰੇ ਪ੍ਰਬੰਧ ਕਰਨ ਲਈ ਤਿਆਰ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਸਰਬੱਤ ਦੇ ਭਲੇ' ਦਾ ਸੰਦੇਸ਼ ਦੁਨੀਆ ਭਰ 'ਚ ਫੈਲਾਉਣ ਲਈ ਸਰਬ ਸਾਂਝੀ ਗੁਰਬਾਣੀ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਕਿੰਨੀ ਅਜੀਬ ਗੱਲ ਹੈ ਕਿ ਲੰਮੇ ਸਮੇਂ ਤੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਨ ਦਾ ਅਧਿਕਾਰ ਸਿਰਫ਼ ਇਕ ਨਿੱਜੀ ਚੈਨਲ ਨੂੰ ਹੀ ਸੀ। ਭਗਵੰਤ ਮਾਨ ਨੇ ਕਿਹਾ

● ਬਾਕੀ ਸਫ਼ਾ 2 'ਤੇ

## ਬ੍ਰਿਜ ਭੂਸ਼ਣ ਨੂੰ ਇਸ ਪੜਾਅ 'ਤੇ ਹਿਰਾਸਤ 'ਚ ਲੈਣ ਦੀ ਕੋਈ ਤੁਕ ਨਹੀਂ : ਕੋਰਟ

**ਨਵੀਂ ਦਿੱਲੀ** : ਦਿੱਲੀ ਦੀ ਕੋਰਟ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ ਛੇ ਮਹਿਲਾ ਭਲਵਾਨਾਂ ਵੱਲੋਂ ਲਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨਾਲ ਸਬੰਧਤ ਕੇਸ 'ਚ ਨਿਯਮਤ ਜ਼ਮਾਨਤ ਦੇਣ ਤੋਂ ਇਕ ਦਿਨ ਮਗਰੋਂ ਜਾਰੀ ਹੁਕਮਾਂ 'ਚ ਕਿਹਾ ਕਿ ਸਿੰਘ ਖਿਲਾਫ ਲੱਗੇ ਜਿਨਸੀ ਸੋਸ਼ਣ ਦੇ ਦੋਸ਼ 'ਗੰਭੀਰ' ਹਨ, ਪਰ ਇਸ ਪੜਾਅ 'ਤੇ ਉਸ ਨੂੰ ਹਿਰਾਸਤ 'ਚ ਲੈਣ ਦੀ ਕੋਈ ਤੁੱਕ ਨਹੀਂ, ਕਿਉਂਕਿ ਇਸ ਨਾਲ ਕੋਈ ਮੰਤਵ ਪੂਰਾ ਨਹੀਂ ਹੋਣਾ। ਐਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਹਰਜੀਤ ਸਿੰਘ ਜਸਪਾਲ ਨੇ ਉਪਰੋਕਟ ਟਿੱਪਣੀ ਵੀਰਵਾਰ ਨੂੰ ਜਾਰੀ ਨੌਂ ਸਫਿਆਂ ਦੇ ਆਪਣੇ ਹੁਕਮਾਂ 'ਚ ਕੀਤੀ ਹੈ।

## ਗਿਆਰ੍ਹਵੀਂ ਦਾ ਵਿਦਿਆਰਥੀ ਲਾਪਤਾ, ਬੈਗ ਤੇ ਸਾਈਕਲ ਨਹਿਰ ਕੰਢੇ ਮਿਲੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**



ਸ਼ੁਤਰਾਣਾ ਦੇ ਡੇਰਾ ਗੋਬਿੰਦਪੁਰਾ ਤੋਂ ਸ਼ੁੱਕਰਵਾਰ ਸਵੇਰੇ ਸਕੂਲ ਜਾਂਦੇ ਸਮੇਂ ਛੇਵੀਂ ਜਮਾਤ ਦਾ ਵਿਦਿਆਰਥੀ ਅਸਮੀਤ ਸਿੰਘ (11) ਲਾਪਤਾ ਹੋ ਗਿਆ। ਪਰਿਵਾਰ ਵਾਲੇ ਤੇ ਪੁਲਸ ਉਸਨੂੰ ਭਾਖੜਾ ਨਹਿਰ 'ਚ ਲੱਭ ਰਹੇ ਸਨ। ਤਾਏ ਸਤਪਾਲ ਸਿੰਘ ਨੇ ਦੱਸਿਆ ਕਿ ਉਸਦੇ ਛੋਟੇ ਭਰਾ ਜਸਪਾਲ ਸਿੰਘ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ ਤੇ ਉਸਦੇ ਮੁੰਡਾ-ਕੁੜੀ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਜੈਖਰ 'ਚ ਪੜ੍ਹਦੇ ਸੀ। ਅਸਮੀਤ ਦੇ ਸਕੂਲ ਲਈ ਨਿਕਲਣ ਤੋਂ ਕੁਝ ਸਮਾਂ ਬਾਅਦ ਪ੍ਰਿੰਸੀਪਲ ਨਿਧਾਨ ਸਿੰਘ ਨੇ ਫੋਨ 'ਤੇ ਦੱਸਿਆ ਕਿ ਉਨ੍ਹਾ ਨੂੰ ਕਿਸੇ ਨੇ ਅਸਮੀਤ ਦਾ ਬੈਗ ਤੇ ਸਾਈਕਲ ਨਹਿਰ ਕੰਢੇ ਪਿਆ ਹੋਣ ਬਾਰੇ ਫੋਨ ਕੀਤਾ ਹੈ। ਜਾ ਕੇ ਦੇਖਿਆ ਤਾਂ ਬੈਗ ਤੇ ਸਾਈਕਲ ਉਥੇ ਸੀ ਪਰ ਅਸਮੀਤ ਨਹੀਂ ਮਿਲਿਆ। ਪਰਿਵਾਰ ਵੱਲੋਂ ਸੂਚਨਾ ਦੇਣ 'ਤੇ ਬਾਦਸ਼ਾਹਪੁਰ ਚੌਕੀ ਦੇ ਏ ਐੱਸ ਆਈ ਪਵਿੱਤਰ ਸਿੰਘ ਨੇ ਮੁਲਾਜ਼ਮਾਂ ਤੇ ਲੋਕਾਂ ਨਾਲ ਮਿਲ ਕੇ ਅਸਮੀਤ ਦੀ ਨਹਿਰ 'ਚ ਭਾਲ ਸ਼ੁਰੂ ਕਰ ਦਿੱਤੀ।

## ਜੱਜ ਦੂਜਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਨਾ ਬਣਨ : ਚੀਫ ਜਸਟਿਸ



**ਨਵੀਂ ਦਿੱਲੀ** : ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਸਾਰੀਆਂ ਹਾਈ ਕੋਰਟਾਂ ਦੇ ਚੀਫ ਜਸਟਿਸਾਂ ਨੂੰ ਲਿਖੇ ਇੱਕ ਪੱਤਰ 'ਚ ਕਿਹਾ ਹੈ ਕਿ ਜੱਜਾਂ ਨੂੰ ਪ੍ਰੋਟੋਕੋਲ ਸਹੂਲਤਾਂ ਦੀ ਵਰਤੋਂ ਇਸ ਢੰਗ ਨਾਲ ਨਹੀਂ ਕਰਨੀ ਚਾਹੀਦੀ ਕਿ ਦੂਸਰਿਆਂ ਲਈ ਸਮੱਸਿਆਵਾਂ ਖੜ੍ਹੀਆਂ ਹੋਣ ਜਾਂ ਨਿਆਂਪਾਲਿਕਾ ਨੂੰ ਲੋਕਾਂ ਦੀਆਂ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਵੇ। ਚੀਫ ਜਸਟਿਸ ਨੇ ਆਪਣੇ ਪੱਤਰ 'ਚ ਹਾਲ ਹੀ ਦੀ ਇੱਕ ਘਟਨਾ 'ਤੇ ਨਾਰਾਜ਼ਗੀ ਪ੍ਰਗਟਾਈ, ਜਿਸ 'ਚ ਇਲਾਹਾਬਾਦ ਹਾਈ ਕੋਰਟ ਦੇ ਇੱਕ ਜੱਜ ਨੇ ਰੇਲ ਗੱਡੀ ਦੀ ਯਾਤਰਾ ਦੌਰਾਨ 'ਉਸ ਦੀਆਂ ਲੋੜਾਂ ਨੂੰ ਪੂਰਾ ਨਾ ਕਰਨ' ਕਾਰਨ ਰੇਲਵੇ ਅਥਾਰਟੀਆਂ ਤੋਂ ਜਵਾਬ ਮੰਗਿਆ ਸੀ।

## ਗਿਆਨਵਾਪੀ ਮਸਜਿਦ ਦੇ ਵਿਗਿਆਨਕ ਸਰਵੇ ਦਾ ਹੁਕਮ

**ਵਾਰਾਨਸੀ** : ਇੱਥੋਂ ਦੀ ਅਦਾਲਤ ਨੇ ਕਾਸ਼ੀ ਵਿਸ਼ਵਨਾਥ ਮੰਦਰ ਨੇੜੇ ਸਥਿਤ ਗਿਆਨਵਾਪੀ ਮਸਜਿਦ ਦਾ ਵਿਗਿਆਨਕ ਸਰਵੇ ਕਰਵਾਉਣ ਦਾ ਹੁਕਮ ਦਿੱਤਾ ਹੈ। ਸਰਕਾਰੀ ਵਕੀਲ ਰਾਜੇਸ਼ ਮਿਸ਼ਰਾ ਨੇ ਇਹ ਜਾਣਕਾਰੀ ਦਿੱਤੀ। ਹਾਲਾਂਕਿ, ਮਸਜਿਦ ਦਾ ਉਹ ਢਾਂਚਾ ਜਿੱਥੇ 'ਸ਼ਿਵਲਿੰਗ' ਹੋਣ ਦਾ ਦਾਅਵਾ ਕੀਤਾ ਗਿਆ ਹੈ, ਇਸ ਸਰਵੇ ਦਾ ਹਿੱਸਾ ਨਹੀਂ ਹੋਵੇਗਾ। ਜੱਜ ਏ ਕੇ ਵਿਸ਼ਵੇਸ਼ ਦੀ ਅਦਾਲਤ ਨੇ ਹਿੰਦੂ ਸ਼ਰਧਾਲੂਆਂ ਦੇ ਗਰੁੱਪ ਦੀ ਪਟੀਸ਼ਨ 'ਤੇ ਇਹ ਆਦੇਸ਼ ਦਿੱਤਾ। ਇਸ ਪਟੀਸ਼ਨ 'ਚ ਇਹ ਪਤਾ ਲਗਾਉਣ ਲਈ ਵਿਗਿਆਨਕ ਸਰਵੇ ਕਰਵਾਉਣ ਦੀ ਮੰਗ ਕੀਤੀ ਗਈ ਸੀ ਕਿ ਮਸਜਿਦ ਹਿੰਦੂ ਮੰਦਰ ਵਾਲੀ ਥਾਂ 'ਤੇ ਉਸਾਰੀ ਗਈ ਹੈ ਜਾਂ ਨਹੀਂ।



## ਅੱਜ-ਨਾਮਾ

ਕਈਆਂ ਆਗੂਆਂ ਦੀ ਪਹਿਲਾਂ ਹੋਈ ਪੇਸ਼ੀ,
ਮਨਪ੍ਰੀਤ ਬਾਦਲ ਦਾ ਲੱਗਾ ਹੈ ਵਾਰ ਬੇਲੀ।
ਵਿਜੀਲੈਂਸ ਤੋਂ ਗਿਆ ਕੋਈ ਪਹੁੰਚ ਸੰਮਨ,
ਕਰਦੇ ਚਰਚਾ ਨੇ ਚੈਨਲ-ਅਖਬਾਰ ਬੇਲੀ।
ਪੁਤਲਾ ਜਿਹੜਾ ਈਮਾਨ ਦਾ ਸੁਣੀਂਦਾ ਸੀ,
ਕੀਤਾ ਬੜਾ ਸੁਣਿਆ ਭ੍ਰਿਸ਼ਟਾਚਾਰ ਬੇਲੀ।
ਨਿਕਲਦਾ ਜਾਂਚ ਦਾ ਸਿੱਟਾ ਹੈ ਕੋਈ ਭਾਵੇਂ,
ਲੱਗਾ ਪਿਆ ਦਾਅ 'ਤੇ ਸਭ ਵੱਕਾਰ ਬੇਲੀ।
ਕੀਤੜੀ ਕਈ ਵਾਰੀ ਉਹਨੇ ਦਲ-ਬਦਲੀ,
ਕੁਰਸੀ ਇੱਕੋ 'ਤੇ ਲੱਗੀ ਰਹੀ ਅੱਖ ਬੇਲੀ।
ਖੜੋਤਾ ਸਿੰਗਲਾ ਸਰੂਪ ਪਿਆ ਰਾਹ ਰੋਕੀ,
ਜੀਹਨੂੰ ਸਮਝਿਆ ਕਦੇ ਨਹੀਂ ਕੱਖ ਬੇਲੀ।

-ਤੀਸ ਮਾਰ ਖਾਂ

## ਤਿੰਨ ਰੋਜ਼ਾ ਪਾਰਟੀ ਸਕੂਲ ਆਰੰਭ



**ਚੰਡੀਗੜ੍ਹ** : ਇਥੇ ਸੀ ਪੀ ਆਈ ਦੇ ਸੂਬਾ ਹੈਡਕੁਆਟਰ ਵਿਖੇ ਤਿੰਨ-ਰੋਜ਼ਾ ਪਾਰਟੀ ਸਕੂਲ ਸ਼ੁੱਕਰਵਾਰ ਆਰੰਭ ਹੋਇਆ। ਸਭ ਤੋਂ ਪਹਿਲਾਂ ਵਿਦਿਆ ਵਿਭਾਗ ਦੇ ਸਕੱਤਰ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਸਾਥੀਆਂ ਨੂੰ ਜੀ-ਆਇਆਂ ਕਿਹਾ ਤੇ ਸਕੂਲ ਦੀ ਵਰਤਮਾਨ ਸਥਿਤੀਆਂ ਵਿਚ ਮਹੱਤਤਾ ਤੋਂ ਜਾਣੂ ਕਰਾਇਆ। ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਸਕੂਲ ਦਾ ਉਦਘਾਟਨ ਕੀਤਾ। ਕੇਂਦਰੀ ਪਾਰਟੀ ਸਕੂਲ ਦੇ ਪ੍ਰਿੰਸੀਪਲ ਅਨਿਲ ਰਾਜਿਮਵਾਲਾ ਨੇ ਮਾਰਕਸਵਾਦ ਕੀ ਹੈ? ਅਤੇ ਵਿਰੋਧ ਵਿਕਾਸੀ ਪਦਾਰਥਵਾਦ ਦੀ ਸਰਲ ਢੰਗ ਨਾਲ ਸਾਥੀਆਂ ਨੂੰ ਵਿਆਖਿਆ ਕੀਤੀ। ਜੇ ਐਨ ਯੂ ਤੋਂ ਆਏ ਮਾਹਿਰ ਅਮਿਤ ਜੀ ਰਾਜਨੀਤਕ ਆਰਥਿਕਤਾ ਪੜ੍ਹਾਉਣਗੇ। ਸਕੂਲ ਵਿਚ 18 ਜ਼ਿਲ੍ਹਿਆਂ ਵਿਚੋਂ 40 ਤਾਂ ਵੱਧ ਸਾਥੀ ਹਿੱਸਾ ਲੈ ਰਹੇ ਹਨ।

## ਪੁਲਸ 'ਤੇ ਹਮਲਾ, ਮੁਲਜ਼ਮ ਛੁਡਾ ਕੇ ਲੈ ਗਏ

**ਮਾਛੀਵਾੜਾ ਸਾਹਿਬ** : ਹਮਲਾਵਰਾਂ ਨੇ ਵੀਰਵਾਰ ਰਾਤ ਸਤਲੁਜ ਦਰਿਆ ਕਿਨਾਰੇ ਰੇਤੇ ਦੀ ਨਾਜਾਇਜ਼ ਮਾਈਨਿੰਗ ਰੋਕਣ ਗਏ ਮਾਛੀਵਾੜਾ ਪੁਲਸ ਦੇ ਸਹਾਇਕ ਥਾਣੇਦਾਰ ਤੇ ਪੁਲਸ ਮੁਲਾਜ਼ਮਾਂ 'ਤੇ ਹਮਲਾ ਕਰ ਦਿੱਤਾ ਅਤੇ ਪੁਲਸ ਦੇ ਕਬਜ਼ੇ 'ਚੋਂ ਰੇਤੇ ਦੀ ਭਰੀ ਟਰਾਲੀ ਅਤੇ ਗ੍ਰਿਫ਼ਤਾਰ ਕੀਤਾ ਮੁਲਜ਼ਮ ਵੀ ਛੁਡਵਾ ਕੇ ਲੈ ਗਏ। ਇੱਕ ਮੁਲਾਜ਼ਮ ਦਾ ਮੋਬਾਈਲ ਫੋਨ ਅਤੇ ਪੰਜ ਹਜ਼ਾਰ ਰੁਪਏ ਵੀ ਖੋਹ ਕੇ ਲੈ ਗਏ। ਮਾਛੀਵਾੜਾ ਪੁਲਸ ਨੇ ਇਸ ਮਾਮਲੇ ਵਿਚ 7 ਜਣਿਆਂ ਦੀ ਪਛਾਣ ਕੀਤੀ ਹੈ। ਜ਼ਖਮੀ ਸਹਾਇਕ ਥਾਣੇਦਾਰ ਜਸਵੰਤ ਸਿੰਘ ਤੇ ਮੁਲਾਜ਼ਮ ਪਰਮਜੀਤ ਸਿੰਘ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਇਰਾਦਾ ਕਤਲ ਦੇ ਕੇਸ 'ਚ ਨਾਮਜ਼ਦ ਮੁਲਜ਼ਮਾਂ ਵਿੱਚੋਂ ਦੋ ਦੀ ਪਛਾਣ ਸ਼ਸ਼ੀ ਪਾਲ ਤੇ ਵੇਦ ਪਾਲ (ਪਿਓ-ਪੁੱਤਰ) ਵਾਸੀ ਟੰਡੀ ਮੰਡ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਘਟਨਾ ਦੀ ਸੂਚਨਾ ਮਿਲਣ ਮਗਰੋਂ ਪੁਲਸ ਨੇ ਪਿੰਡ ਟੰਡੀ ਮੰਡ ਨੂੰ ਘੇਰ ਲਿਆ ਅਤੇ ਬਾਕੀ ਮੁਲਜ਼ਮਾਂ ਦੀ ਭਾਲ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ।



ਮੌਕੇ 'ਤੇ ਪੁੱਜੀ ਐੱਸ ਐੱਸ ਪੀ ਅਮਨੀਤ ਕੌਂਡਲ।

22-JULY-PAGE-1.qxd 7/21/2023 10:49 PM Page 2



## ਸਾਂਝ ਕੇਂਦਰ ਹਠੂਰ ਵਿਖੇ ਨਸ਼ਿਆਂ ਖਿਲਾਫ ਜਾਗਰੂਕਤਾ ਕੈਂਪ



**ਹਠੂਰ (ਨਛੱਤਰ ਸੰਧੂ)**-ਗੁਰਵਿੰਦਰ ਸਿੰਘ ਡੀ ਐਸ ਪੀ ਸਪੈਸ਼ਲ ਬ੍ਰਾਂਚ ਜਗਰਾਓਂ ਵੱਲੋਂ ਨਸ਼ਿਆਂ ਦੀ ਰੋਕਥਾਮ ਸੰਬੰਧੀ ਸਾਂਝ ਕੇਂਦਰ ਹਠੂਰ ਵਿਖੇ ਜਾਗਰੂਕਤਾ ਕੈਂਪ ਲਾਇਆ ਗਿਆ ਜਿਸ ਵਿੱਚ ਇਲਾਕੇ ਦੇ ਸਮਾਜਸੇਵੀ ਲੋਕਾਂ ਨੇ ਭਾਗ ਲਿਆ। ਇਸ ਮੌਕੇ ਗੁਰਵਿੰਦਰ ਸਿੰਘ ਡੀ ਐਸ ਪੀ ਸਪੈਸ਼ਲ ਬ੍ਰਾਂਚ ਜਗਰਾਓਂ ਨੇ ਨਸ਼ਿਆਂ ਦੀ ਰੋਕਥਾਮ ਲਈ ਸਮਾਜ ਸੇਵੀਆਂ ਨੂੰ ਨਾਲ ਜੋੜ ਕੇ ਨਸ਼ਿਆਂ ਦੇ ਪੈਂਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾਇਆ। ਇਸ ਮੌਕੇ ਐਸ ਐਚ ਓ ਰੁਪਿੰਦਰ ਕੌਰ, ਏ ਐਸ ਆਈ ਕੁਲਦੀਪ ਸਿੰਘ, ਮੁਨਸ਼ੀ ਜਸਵਿੰਦਰ ਸਿੰਘ, ਜੱਸਪ੍ਰੀਤ ਸਿੰਘ, ਸਤਵਿੰਦਰ ਸਿੰਘ, ਅਮ੍ਰਿਤ ਸਿੰਘ, ਪ੍ਰਧਾਨ ਸੁਰਜੀਤ ਸਿੰਘ ਲੱਖਾ, ਪ੍ਰਧਾਨ ਪਰਮਿੰਦਰ ਸਿੰਘ ਹਠੂਰ, ਸਰਪੰਚ ਜਸਵੀਰ ਸਿੰਘ ਲੱਖਾ, ਸਰਪੰਚ ਕਰਮਜੀਤ ਸਿੰਘ ਦੇਹੜਕਾ, ਪ੍ਰਧਾਨ ਜਸਕਮਲਪ੍ਰੀਤ ਸਿੰਘ ਨਿਪਾ, ਪੰਚ ਹੈਪੀ ਸਿੰਘ ਮਾਨੂਕੇ, ਅਮਨਪ੍ਰੀਤ ਸਿੰਘ ਪੰਚ, ਪ੍ਰਧਾਨ ਰਾਜਵਿੰਦਰ ਸਿੰਘ, ਪ੍ਰਧਾਨ ਬੂਟਾ ਸਿੰਘ ਭੰਮੀਪੁਰਾ ਆਦਿ ਹਾਜ਼ਰ ਸਨ।

## ਮੈਰੀਟੋਰੀਅਸ ਸਕੂਲ ਦੇ ਦਾਖਲੇ ਲਈ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਸਨਮਾਨਤ



**ਤਪਾ ਮੰਡੀ (ਅਰੁਣ ਗੋਇਲ)**-ਸਰਕਾਰੀ ਹਾਈ ਸਕੂਲ ਤਾਜੋਕੇ ਦੇ 4 ਵਿਦਿਆਰਥੀਆਂ ਨੇ ਮੈਰੀਟੋਰੀਅਸ ਸਕੂਲ ਦੇ ਦਾਖਲੇ ਲਈ ਪ੍ਰੀਖਿਆ ਪਾਸ ਕਰਨ ਤੇ ਸਕੂਲ ਦੇ ਸਮੂਹ ਸਟਾਫ, ਪਸਵਕ ਕਮੇਟੀ ਨੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਸੰਬੰਧੀ ਸਕੂਲ ਇੰਚਾਰਜ ਨਿਰਮਲ ਸਿੰਘ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਖੁਸ਼ਪ੍ਰੀਤ ਕੌਰ, ਪ੍ਰਭਪ੍ਰੀਤ ਸਿੰਘ, ਜਸਪ੍ਰੀਤ ਕੌਰ ਤੇ ਮਨਦੀਪ ਕੌਰ ਨੇ ਮੈਰੀਟੋਰੀਅਸ ਸਕੂਲ ਦਾ ਟੈਸਟ ਪਾਸ ਕੀਤਾ ਗਿਆ, ਜਿਨ੍ਹਾਂ ਨੂੰ ਸਕੂਲ ਦੇ ਇੰਚਾਰਜ, ਪਸਵਕ ਕਮੇਟੀ ਮੈਂਬਰਾਂ ਤੇ ਸਮੂਹ ਸਟਾਫ ਨੇ ਇਸ ਪ੍ਰਗਤੀ 'ਤੇ ਸਨਮਾਨ ਕੀਤਾ ਗਿਆ ਅਤੇ ਬੱਚਿਆਂ ਦੇ ਅਗਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਚੇਅਰਮੈਨ ਐੱਸ ਐੱਮ ਸੀ ਕਮੇਟੀ ਹਾਕਮ ਸਿੰਘ, ਮੈਂਬਰ ਜਗਤਾਰ ਸਿੰਘ ਤੋਂ ਇਲਾਵਾ ਕਪਿਲ ਦੇਵ, ਮੈਡਮ ਚਰਨਜੀਤ ਕੌਰ, ਸੁਨੀਤਾ ਰਾਣੀ, ਦੀਪਤੀ ਮਿੱਤਲ, ਸ਼ਿਵਾਨੀ ਬਾਂਸਲ, ਨੀਰਜਾ ਮੈਡਮ, ਸੁਖਜੀਤ ਕੌਰ, ਗੁਰਮੀਤ ਕੌਰ, ਪਲਵਿੰਦਰ ਕੌਰ, ਅਸ਼ੀਨਾ ਅਗਰਵਾਲ, ਰਜਨੀ ਮੈਡਮ, ਚੀਨੂ ਗਰਗ, ਮੀਰਾ ਰਾਣੀ ਤੇ ਕਲਰਕ ਬਲਜੀਤ ਸਿੰਘ ਆਦਿ ਹਾਜ਼ਰ ਸਨ ਤੇ ਇੰਚਾਰਜ ਨਿਰਮਲ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਾਰਜਕਾਰੀ ਚੇਅਰਮੈਨ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਰਾਜ ਕੁਮਾਰ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਹਰਪ੍ਰੀਤ ਕੌਰ, ਸੀ.ਜੇ.ਐਮ./ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪ੍ਰਾਇਮਰੀ ਸਕੂਲ ਲੜਕੇ ਅਤੇ ਲੜਕੀਆਂ, ਪਿੰਡ ਉਦੇਕਰਨ ਅਤੇ ਸੰਗੂਧੋਣ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਵੱਖ ਵੱਖ ਸਕੂਲਾਂ ਵਿੱਚ ਕੈਂਪ ਲਗਾਏ ਗਏ। ਵਿਦਿਆਰਥੀਆਂ ਨੂੰ ਪੋਕਸੋ ਅਤੇ ਨਾਲਸਾ ਦੀਆਂ ਵੱਖ ਵੱਖ ਸਕੀਮਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਪ੍ਰਾਇਮਰੀ ਸਕੂਲ ਦੇ ਸਟਾਫ ਨੂੰ ਜਿਨਸੀ ਛੇੜਛਾੜ ਸੰਬੰਧੀ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਵਿਦਿਆਰਥੀਆਂ ਨੂੰ ਪੋਕਸੋ ਐਕਟ 'ਤੇ ਡਾਕੂਮੈਂਟਰੀ ਫਿਲਮ ਦਿਖਾਈ ਗਈ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਦੇ ਸਕੱਤਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਾਜ ਕੁਮਾਰ ਦੀ ਪ੍ਰਧਾਨਗੀ ਹੇਠ ਜੁਡੀਸ਼ੀਅਲ ਅਫਸਰ ਸਾਹਿਬਾਨ ਦੀ ਇੱਕ ਮੀਟਿੰਗ ਕੀਤੀ ਗਈ ਜਿਸ ਵਿੱਚ ਸਾਰੇ ਜੁਡੀਸ਼ੀਅਲ ਅਫਸਰਾਂ ਨੇ ਕਿਹਾ ਕਿ ਲੱਗ ਰਹੀ ਨੈਸ਼ਨਲ ਲੋਕ ਅਦਾਲਤ 9 ਸਤੰਬਰ ਨੂੰ ਵੱਧ ਤੋਂ ਵੱਧ ਕੇਸ ਲਗਾ ਕੇ ਨਿਪਟਾਰਾ ਕਰਵਾਉਣ ਲਈ ਉਪਰਾਲੇ ਕੀਤੇ ਜਾਣ। ਉਸ ਵਿੱਚ ਆਪਣੇ ਕੇਸ ਦਾ ਲੋਕ ਅਦਾਲਤ ਵਿੱਚ ਨਿਪਟਾਰਾ ਕਰਾਉਣ ਲਈ ਉਹ ਸੰਬੰਧਤ ਅਦਾਲਤ ਨੂੰ ਦਰਖਾਸਤ ਦੇ ਕੇ ਆਪਣੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਟੋਲ ਫ੍ਰੀ ਨੰਬਰ 1968 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਪ੍ਰਭਜੋਤ ਕੌਰ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾਇਮਰੀ) ਅਤੇ ਸੰਬੰਧਤ ਸਕੂਲਾਂ ਦੇ ਮੁਖੀ ਹਾਜ਼ਰ ਸਨ।

## ਪ੍ਰਵੀਨ ਸ਼ਰਮਾ ਬਣੇ ਨਗਰ ਨਿਗਮ ਮੋਗਾ ਦੇ ਕਾਰਜਕਾਰੀ ਮੇਅਰ



**ਮੋਗਾ (ਅਮਰਜੀਤ ਬੱਬਰੀ)**-ਆਮ ਆਦਮੀ ਪਾਰਟੀ ਹਲਕਾ ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਤੇ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਵੱਲੋਂ ਬੀਤੇ ਦਿਨੀਂ ਨਗਰ ਨਿਗਮ ਮੋਗਾ ਵਿੱਚ ਕਾਂਗਰਸੀ ਮੇਅਰ ਖ਼ਿਲਾਫ਼ ਬੇਭਰੋਸਗੀ ਮਤਾ ਪਾਇਆ ਗਿਆ ਸੀ, ਜਿਸ ਕਾਰਨ ਅੱਜ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਨਗਰ ਨਿਗਮ ਮੋਗਾ ਦੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ ਪੀਨਾ ਨੂੰ ਨਿਗਮ ਦਾ ਕਾਰਜਕਾਰੀ ਮੇਅਰ ਐਲਾਨਿਆ ਗਿਆ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਦੀ ਕਮਿਸ਼ਨਰ ਪੂਨਮ ਸਿੰਘ, ਡਿਪਟੀ ਮੇਅਰ ਅਸ਼ੋਕ ਧਮੀਜਾ ਤੇ ਕੌਂਸਲਰਾਂ ਨੇ ਪ੍ਰਵੀਨ ਸ਼ਰਮਾ ਪੀਨਾ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਮਿਹਨਤੀ ਵਰਕਰਾਂ ਨੂੰ ਪੂਰਾ ਮਾਨ ਸਨਮਾਨ ਦਿੰਦੀ ਹੈ ਤੇ ਭਵਿੱਖ ਵਿੱਚ ਵੀ ਦਿੰਦੀ ਰਹੇਗੀ। ਇਸ ਮੌਕੇ ਕਾਰਜਕਾਰੀ ਮੇਅਰ ਪ੍ਰਵੀਨ ਸ਼ਰਮਾ ਨੇ ਕਿਹਾ ਕਿ ਜੋ ਉਨ੍ਹਾਂ ਨੂੰ ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

## ਐਨ ਸੀ ਸੀ ਅਕੈਡਮੀ ਵਿਖੇ 10 ਰੋਜ਼ਾ ਕੈਂਪ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਐਨ.ਸੀ.ਸੀ ਅਕੈਡਮੀ ਵਿਖੇ 11 ਤੋਂ 20 ਜੁਲਾਈ ਤੱਕ 10 ਰੋਜ਼ਾਨਾ ਪ੍ਰੀ ਟੀ.ਐਸ.ਸੀ 9 ਅਤੇ ਸੀ.ਏ.ਟੀ.ਸੀ 42 ਐਨ.ਸੀ.ਸੀ ਕੈਂਪ ਦਾ ਆਯੋਜਨ ਕੀਤਾ ਗਿਆ। ਫਸਟ ਅਫਸਰ ਡਾ. ਜੈ ਗੋਪਾਲ ਗੋਇਲ ਨੇ ਦੱਸਿਆ ਕਿ ਇਹ ਕੈਂਪ ਗਰੁੱਪ ਕੈਪਟਨ ਬੀ.ਐਸ. ਗਿੱਲ ਕੈਂਪ ਕਮਾਂਡੈਂਟ 4 ਪੰਜਾਬ ਏਅਰ ਸੁਕਾਰਡਨ, ਐਨ.ਸੀ.ਸੀ ਲੁਧਿਆਣਾ ਅਤੇ ਕਮਾਂਡਿੰਗ ਅਫ਼ਸਰ ਕਰਨਲ ਰਣਬੀਰ ਸਿੰਘ ਸੈਨਾ ਮੈਡਲ 6 ਪੰਜਾਬ ਗਰਲਜ਼ ਅਕੈਡਮੀ ਮਲੋਟ ਦੇ ਦਿਸ਼ਾਂ ਨਿਰਦੇਸ਼ ਵਿਚ ਕਰਵਾਇਆ ਗਿਆ। ਇਸ ਕੈਂਪ ਵਿਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਬ੍ਰਿਗੇਡੀਅਰ ਐੱਚ.ਐੱਨ. ਚੌਹਾਨ ਗਰੁੱਪ ਕਮਾਂਡਰ ਲੁਧਿਆਣਾ ਨੇ ਸ਼ਿਰਕਤ ਕੀਤੀ। ਉਨ੍ਹਾਂ ਕੈਡਿਟਾਂ ਦੇ ਸਨਮੁੱਖ ਹੁੰਦਿਆਂ ਹੋਇਆ ਕੈਡਿਟਾਂ ਨੂੰ ਸੈਨਾ ਪ੍ਰਤੀ ਜ਼ਿੰਮੇਵਾਰੀ ਤੋਂ ਜਾਣੂੰ ਕਰਵਾਇਆ ਅਤੇ ਵਿਸ਼ੇਸ਼ ਤੌਰ 'ਤੇ ਅਨੁਸ਼ਾਸਨ 'ਤੇ ਜ਼ੋਰ ਦਿੰਦਿਆਂ ਦੇਸ਼ ਦੀ ਸੇਵਾ ਲਈ ਤੱਤਪਰ ਰਹਿਣ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਦਿਆਰਥੀ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਦੇਸ਼ ਦਾ ਭਵਿੱਖ ਜ਼ਿੰਮੇਵਾਰ ਹੱਥਾਂ ਵਿਚ ਸੌਂਪਣਾ ਸਾਡੀ ਜ਼ਿੰਮੇਵਾਰੀ ਬਣਦੀ ਹੈ, ਇਸੇ ਲਈ ਐਨ.ਸੀ.ਸੀ ਕੈਂਪਾਂ ਜ਼ਰੀਏ ਬਹਾਦਰ, ਇਮਾਨਦਾਰ ਅਤੇ ਅਨੁਸ਼ਾਸਿਤ ਕੈਡਿਟਾਂ ਨੂੰ ਟ੍ਰੇਨਿੰਗ ਦੇ ਕੇ ਤਿਆਰ ਕੀਤਾ ਜਾਂਦਾ ਹੈ। ਇਸ ਮੌਕੇ ਬ੍ਰਿਗੇਡੀਅਰ ਚੌਹਾਨ ਵੱਲੋਂ ਐਨ.ਸੀ.ਸੀ ਟ੍ਰੇਨਿੰਗ ਜਿਵੇਂ ਕਿ ਫਾਇਰਿੰਗ, ਮੈਪ ਰੀਡਿੰਗ, ਫੀਲਡ ਕਰਾਫਟ, ਬੈਟਲ ਕਰਾਫਟ, ਹਾਈਜੀਨ ਐਂਡ ਸੈਨੀਟੇਸ਼ਨ, ਏਅਰ ਮਾਡਲਿੰਗ, ਡਰਿਲ ਆਦਿ ਦਾ ਨਿਰੀਖਣ ਕੀਤਾ ਗਿਆ। ਇਸ ਕੈਂਪ ਵਿਚ ਲੁਧਿਆਣਾ, ਮੋਗਾ, ਫਿਰੋਜ਼ਪੁਰ, ਮਲੋਟ, ਅਬੋਹਰ ਤੋਂ ਕੁੱਲ 418 ਕੈਡਿਟਾਂ ਨੇ ਭਾਗ ਲਿਆ। ਇਨ੍ਹਾਂ ਨੂੰ ਟ੍ਰੇਨਿੰਗ ਦੇਣ ਲਈ 14 ਏ.ਐਨ.ਓ, 15 ਜੀ.ਸੀ.ਓ, 18 ਐਨ.ਸੀ ਓ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ। ਜੇਤੂ ਕੈਡਿਟਾਂ ਨੂੰ ਗਰੁੱਪ ਕੈਪਟਨ ਬੀ.ਐਸ. ਗਿੱਲ ਕੈਂਪ ਕਮਾਂਡਰ ਅਤੇ ਕਮਾਂਡਿੰਗ ਅਫ਼ਸਰ ਕਰਨਲ ਰਣਬੀਰ ਸਿੰਘ ਸੈਨਾ ਮੈਡਲ ਵੱਲੋਂ ਤਮਗੇ ਦੇ ਕੇ ਸਨਮਾਨਤ ਕੀਤਾ ਗਿਆ।

## ਲਾਇਨ ਕਲੱਬ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਨੂੰ ਐਲ ਈ ਡੀ ਦਾਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਲਾਇਨਜ਼ ਕਲੱਬ ਸਮਾਣਾ ਵੱਲੋਂ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ (ਲੜਕੀਆਂ) ਦੇ ਵਿਦਿਆਰਥੀਆਂ ਦੀ ਜ਼ਰੂਰਤ ਨੂੰ ਵੇਖਦੇ ਹੋਏ ਇਕ 32 ਇੰਚੀ ਸਮਾਟ ਐਲ ਈ ਡੀ ਦਾਨ ਵਜੋਂ ਦਿੱਤੀ ਗਈ। ਕਲੱਬ ਪ੍ਰਧਾਨ ਸੰਜੂ ਕੁਮਾਰ, ਸੈਕਟਰੀ ਸਿਧਾਰਥ ਗਰਗ ਅਤੇ ਕੈਸ਼ੀਅਰ ਪ੍ਰਦੀਪ ਗੁਪਤਾ ਨੇ ਦੱਸਿਆ ਕਿ ਕਲੱਬ ਦੇ ਇਸ ਪ੍ਰਾਜੈਕਟ ਨੂੰ ਕਲੱਬ ਮੈਂਬਰ ਰਾਜੀਵ ਗੁਪਤਾ ਵੱਲੋਂ ਸਪਾਂਸਰ ਕੀਤਾ ਗਿਆ ਹੈ। ਕਲੱਬ ਹਮੇਸ਼ਾ ਜਰੂਰਤਮੰਦਾ ਦੀ ਸੇਵਾ ਲਈ ਤਿਆਰ ਰਹਿੰਦਾ ਹੈ ਅਤੇ ਸਮੇਂ-ਸਮੇਂ ਤੇ ਪ੍ਰਾਜੈਕਟਾਂ ਰਾਹੀ ਅੱਖਾਂ ਦੇ ਫਰੀ ਆਪ੍ਰੇਸ਼ਨ ਕੈਂਪ, ਖੂਨਦਾਨ ਕੈਂਪ, ਅਤੇ ਮੈਡੀਕਲ ਕੈਂਪਾ ਰਾਹੀ ਸਮਾਜ ਦੀ ਸੇਵਾ ਕੀਤੀ ਜਾਂਦੀ ਹੈ। ਇਸ ਮੌਕੇ ਲਾਇਨਜ਼ ਇੰਜੀ: ਕਰਨ ਗੁਪਤਾ, ਅਸ਼ੋਕ ਸਿੰਗਲਾ, ਪ੍ਰਦੀਪ ਮਿੰਕਾ, ਕ੍ਰਿਸ਼ਨ ਗੋਇਲ, ਰਾਕੇਸ਼ ਗਰਗ, ਪ੍ਰਦੀਪ ਗੋਇਲ, ਸੰਜੀਵ ਕੋਸ਼ਿਕ ਅਤੇ ਸਕੂਲ ਮੁਖੀ ਜਸਵਿੰਦਰ ਸਿੰਘ, ਧੀਰਜ ਕੁਮਾਰ ਭੋਲੂ ਤੇ ਹੋਰ ਸਟਾਫ ਮੈਂਬਰ ਵੀ ਮੌਜੂਦ ਰਹੇ।

# ਮਨੀਪੁਰ 'ਚ ਵਾਪਰੀਆਂ ਘਟਨਾਵਾਂ ਅਤੀ ਨਿੰਦਣਯੋਗ : ਨੀਤੂ/ਕਰਮਵੀਰ ਬੱਧਨੀ



**ਪਟਿਆਲਾ** : ਮਨੀਪੁਰ 'ਚ ਮਹਿਲਾਵਾਂ ਨਾਲ ਵਾਪਰੀ ਘਟਨਾ ਦੀ ਵੀਡੀਓ ਬਹੁਤ ਹੀ ਨਿੰਦਣਯੋਗ ਤੇ ਬਰਦਾਸ਼ਤ ਤੋਂ ਬਾਹਰ ਹੈ। ਵੀਡਿਓ ਵਿੱਚ ਮਹਿਲਾਵਾਂ ਨੂੰ ਨਿਰਵਸਤਰ ਕਰਕੇ ਘੁਮਾਇਆ ਜਾ ਰਿਹਾ ਹੈ, ਮਰਦਾਂ ਦੀ ਭੀੜ ਉਹਨਾਂ ਦਾ ਅਨੰਦ ਲੈ ਰਹੀ ਹੈ। ਸਰੇਆਮ ਉਹਨਾਂ ਦੇ ਜਿਸਮ ਨਾਲ ਖੇਡਿਆ ਜਾ ਰਿਹਾ ਹੈ। ਇਹ ਘਟਨਾ ਉਸ ਸੂਬੇ ਦੀ ਹੈ ਜਿਥੇ ਕੇਂਦਰ ਦੀ ਸਰਕਾਰ ਆਪਣਾ ਹਿੱਤ ਮਜ਼ਬੂਤ ਕਰਨ ਲਈ ਦੋ ਧਿਰਾਂ ਨੂੰ ਆਪਸ 'ਚ ਲੜਾ ਆਪ ਤਮਾਸ਼ਾ ਦੇਖ ਰਹੀ ਹੈ। ਇਹ ਘਟਨਾ ਅਤਿ ਨਿੰਦਣਯੋਗ ਹੈ ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਂ ਸਕਦਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਬੱਧਨੀ ਅਤੇ ਸੂਬਾਈ ਗਰਲਜ਼ ਕਨਵੀਨਰ ਨੀਤੂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰੈੱਸ ਦੇ ਨਾਂਅ ਇਕ ਬਿਆਨ ਜਾਰੀ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਹ ਘਟਨਾ ਉਸ ਦੇਸ਼ ਦੀ ਹੈ ਜਿਸ ਵਿੱਚ ਬੇਟੀ ਪੜ੍ਹਾਓ ਬੇਟੀ ਬਚਾਓ ਦੇ ਏਜੰਡੇ 'ਤੇ ਕੰਮ ਕੀਤਾ ਜਾਂਦਾ ਹੈ, ਹਰ ਦਿਨ ਮਹਿਲਾਵਾਂ ਦੇ ਨਾਂ ਉਪਰ ਇੱਕ ਨਵਾਂ ਢੋਂਗ ਰਚਿਆ ਜਾਂਦਾ ਹੈ ਪਰ ਅੱਜ ਉਹਨਾਂ ਮਹਿਲਾਵਾਂ ਨਾਲ ਵਾਪਰੀ ਇਹ ਘਟਨਾ ਚੁੱਪੀ ਤੋੜਨ ਲਈ ਮਜਬੂਰ ਕਰਦੀ ਹੈ। ਅੱਜ ਮਨੀਪੁਰ ਦੀਆਂ ਬੇਟੀਆਂ ਨਾਲ ਵਾਪਰੀ ਇਹ ਘਟਨਾ ਸਾਨੂੰ ਇਹ ਸਵਾਲ ਕਰਦੀ ਹੈ ਕਿ ਕਿਉਂ ਆਪਣੇ ਹੀ ਦੇਸ਼ ਵਿੱਚ ਬੇਟੀਆਂ ਨੂੰ ਇਹਨਾਂ ਘਟਨਾਵਾਂ ਦਾ ਸ਼ਿਕਾਰ ਹੋਣਾ ਪੈ ਰਿਹਾ? ਕਿਉਂ ਸਰਕਾਰਾਂ ਇਸ ਮਸਲੇ 'ਤੇ ਆਪਣੀ ਚੁੱਪੀ ਨਹੀਂ ਤੋੜ ਰਹੀਆਂ? ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਪੰਜਾਬ ਸੂਬਾ ਗਰਲਜ਼ ਕਮੇਟੀ ਇਸ ਮੰਦਭਾਗੀ ਘਟਨਾ ਦਾ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕਰਦੀ ਹੈ। ਇਸ ਘਟਨਾ ਦੇ ਸੰਬੰਧ ਵਿੱਚ ਕੱਲ੍ਹ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਨੈਸ਼ਨਲ ਕਾਲ ਦੇ ਸੱਦੇ 'ਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਇਸ ਘਟਨਾ ਦੇ ਸੰਬੰਧ ਵਿੱਚ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਸ ਸਮੇਂ ਉਹਨਾਂ ਨਾਲ ਸੂਬਾਈ ਕੋ-ਕਨਵੀਨਰ ਸੰਜਨਾ ਫਾਜ਼ਿਲਕਾ, ਜਸਪ੍ਰੀਤ ਬੱਧਨੀ, ਹਰਮਨ ਮਲੋਟ, ਰਮਨਦੀਪ ਮੁਕਤਸਰ, ਨਵਕਿਰਨ ਮੋਗਾ, ਕੋਮਲ ਪਟਿਆਲਾ, ਮੋਨਿਕਾ ਰਾਣੀ ਆਦਿ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਹੜ੍ਹ ਪੀੜਤ ਕਿਸਾਨਾਂ ਨੂੰ ਦੇਵੇਗੀ ਪਨੀਰੀ



ਜਥੇਬੰਦੀ ਵੱਲੋਂ ਬੀਜੀ ਪਨੀਰੀ ਤੇ ਕਿਸਾਨ ਆਗੂ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਕਿਰਤੀ ਕਿਸਾਨ ਯੂਨੀਅਨ ਵੱਲੋਂ ਜ਼ਿਲ੍ਹਾ ਪਟਿਆਲਾ ਵਿੱਚ ਪਿੰਡਾਂ ਦੀਆਂ ਇਕਾਈਆਂ ਦੇ ਸਹਿਯੋਗ ਨਾਲ ਗਿਆਰਾਂ ਸੌ ਏਕੜ ਝੋਨੇ ਦੀ ਪਨੀਰੀ ਤਿਆਰ ਕੀਤੀ ਜਾ ਰਹੀ ਹੈ। ਇਹ ਪਨੀਰੀ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਮੁਫਤ ਦਿੱਤੀ ਜਾਵੇਗੀ। ਪੰਜ ਏਕੜ ਜ਼ਮੀਨ ਵਾਲੇ ਕਿਸਾਨ ਨੂੰ 15 ਦਿਨਾਂ ਬਾਅਦ ਪਨੀਰੀ ਪੁਟਵਾਉਣੀ ਸ਼ੁਰੂ ਕਰ ਦਿੱਤੀ ਜਾਵੇਗੀ। ਲੋੜਵੰਦਾਂ ਕਿਸਾਨਾਂ ਨੂੰ ਪਨੀਰੀ ਮਹੁੱਈਆ ਕਰਵਾਉਣ ਦੀ ਸਹੂਲਤ ਦੇਣ ਲਈ ਜਥੇਬੰਦੀ ਵੱਲੋਂ ਹੈਲਪ ਲਾਈਨ ਨੰਬਰ ਜਾਰੀ ਕੀਤਾ ਗਿਆ ਹੈ। ਜਥੇਬੰਦੀ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਦੇਧਨਾਂ, ਦਲਜਿੰਦਰ ਸਿੰਘ ਹਰਿਆਉ, ਹਰਵਿੰਦਰ ਸਿੰਘ ਗਿੱਲ, ਜਸਵੀਰ ਸਿੰਘ ਫਤਿਹਪੁਰ ਨੇ ਦੱਸਿਆ ਕਿ ਹਲਕਾ ਸ਼ੁਤਰਾਣਾ ਵਿੱਚ ਐਕਸਪ੍ਰੈਸ ਵੇਅ ਅਤੇ ਦਿੱਲੀ ਸੰਗਰੂਰ ਨੈਸ਼ਨਲ ਕੌਮੀ ਮੁੱਖ ਮਾਰਗ ਨਾਲ ਹੜ੍ਹ ਦੇ ਪਾਣੀ ਦੀ ਡਾਫ ਲੱਗਣ ਤੋਂ ਬਾਅਦ ਉਕਤ ਮਾਰਗਾਂ ਦੇ ਟੁੱਟਣ ਨਾਲ ਪਿੰਡਾਂ ਦਾ ਭਾਰੀ ਨੁਕਸਾਨ ਹੋਇਆ ਹੈ। ਪਹਿਲਾਂ ਤੋਂ ਕਰਜ਼ੇ ਦੀ ਮਾਰ ਝੱਲ ਰਹੀ ਕਿਸਾਨੀ ਨੂੰ ਬਚਾਉਣ ਲਈ ਜਥੇਬੰਦੀ ਨੇ ਪਿੰਡ ਹਰਿਆਊ ਖੁਰਦ ਦੀ ਇਕਾਈ ਨੇ ਪੌਣੇ ਪੰਜ ਏਕੜ ਵਿੱਚ, ਚੁਨਾਗਰਾ ਇਕਾਈ ਨੇ ਪੌਣੇ ਦੋ ਏਕੜ ਵਿੱਚ, ਦੇਧਨਾਂ ਇਕਾਈ ਨੇ ਤਿੰਨ ਏਕੜ ਵਿੱਚ, ਪਿੰਡ ਫਤਿਹਪੁਰ ਵਿਖੇ ਅੱਧਾ ਏਕੜ ਵਿੱਚ ਪੀ ਆਰ 126, ਢਾਬੀ ਗੁਜਰਾਂ ਵਿਖੇ ਇੱਕ ਏਕੜ ਵਿੱਚ 1509 ਅਤੇ 126 ਦੀ ਪਨੀਰੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਹੈ ਕਿ ਇਹ ਪਨੀਰੀ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਅਗਸਤ ਦੇ ਪਹਿਲੇ ਹਫਤੇ ਪੁਟਵਾਉਣੀ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਹੈ ਕਿ ਪਨੀਰੀ ਤਿਆਰ ਕਰਵਾਉਣ ਵਿਚ ਹਰਦੀਪ ਖਾਂਗ, ਡਾ ਮਹਿੰਦਰ ਸਿੰਘ ਜੰਬਰ, ਕਰਮਜੀਤ ਸਿੰਘ ਪਾਤੜਾਂ, ਗੁਰਵੰਤ ਸਿੰਘ ਸੰਧੂ, ਰਣਧੀਰ ਸਿੰਘ ਧੀਰਾ, ਗਗਨਦੀਪ ਸਿੰਘ ਚੁਨਾਗਰਾ ਸੁਖਚੈਨ ਸਿੰਘ, ਅਮਰਿੰਦਰ ਸਿੰਘ ਵਿਰਕ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਸੋਨੂੰ ਵਿਰਕ, ਹਰਦੀਪ ਦਿਉਲ, ਜੋਗਿੰਦਰ ਸਿੰਘ ਦੇਧਨਾ, ਰਣਜੀਤ ਸਿੰਘ ਸੰਧੂ ਵੱਲੋਂ ਸਾਥ ਦਿੱਤਾ ਜਾ ਰਿਹਾ ਹੈ। ਇਸੇ ਦੌਰਾਨ ਜਥੇਬੰਦੀ ਨੇ ਹੈਲਪ ਨੰਬਰ 9877428009 ਵੀ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋੜਵੰਦ ਕਿਸਾਨ ਪਨੀਰੀ ਹਾਸਲ ਕਰਨ ਜਾਂ ਇਸ ਸੰਬੰਧੀ ਕਿਸੇ ਤਰ੍ਹਾਂ ਦੀ ਸੂਚਨਾ ਲੈਣ ਲਈ ਉਕਤ ਨੰਬਰ ਉਤੇ ਸੰਪਰਕ ਕਰ ਸਕਦੇ ਹਨ।

# ਬਲਜੀਤ ਸੋਢਾ ਨੂੰ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਅੰਤਿਮ ਵਿਦਾਇਗੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਕਿਯੂ ਡਕੌਂਦਾ ਦੇ ਆਗੂ ਬਲਜੀਤ ਸਿੰਘ ਸੋਢਾ ਮਹਿਲ ਕਲਾਂ ਦੇ ਅੰਤਿਮ ਸੰਸਕਾਰ ਸਮੇਂ ਵੱਡੀ ਗਿਣਤੀ 'ਚ ਕਿਸਾਨ ਲਹਿਰ ਦੇ ਆਗੂ, ਵਰਕਰ ਸ਼ਾਮਲ ਹੋਏ। ਜਥੇਬੰਦੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਕਿਸਾਨ ਲਹਿਰ ਦੇ ਨਿਧੱੜਕ ਯੋਧੇ ਬਲਜੀਤ ਸਿੰਘ ਸੋਢਾ ਦੀ ਬੇਵਕਤੀ ਮੌਤ ਨਾਲ ਕਿਸਾਨੀ ਅਤੇ ਜਮਹੂਰੀ ਲਹਿਰ ਨੂੰ ਅਤੇ ਪ੍ਰੀਵਾਰ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਕਿਸਾਨ ਆਗੂਆਂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ, ਨਾਨਕ ਸਿੰਘ, ਅਮਨਦੀਪ ਰਾਏਸਰ, ਅਮਰਜੀਤ ਠੁੱਲੀਵਾਲ, ਭਿੰਦਰ ਸਿੰਘ, ਸਤਨਾਮ ਸਿੰਘ ਮੂੰਮ, ਜੱਗਾ ਸਿੰਘ, ਸਤਪਾਲ ਸਿੰਘ ਸੋਹੀ, ਪ੍ਰੀਤਮ ਸਿੰਘ ਪੀਤਾ, ਅਜਮੇਰ ਸਿੰਘ ਮਹਿਲ ਕਲਾਂ ਨੇ ਕਿਹਾ ਕਿ ਸਾਥੀ ਬਲਜੀਤ ਸਿੰਘ ਸੋਢਾ ਵਲੋਂ ਕਿਸਾਨੀ ਸੰਘਰਸ਼ 'ਚ ਪਾਏ ਵਡਮੁੱਲੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਕਿਸਾਨ ਆਗੂ ਸੋਢਾ ਨੂੰ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਅੰਤਿਮ ਵਿਦਾਇਗੀ ਦਿੱਤੀ। ਸ਼ਹੀਦ ਕਿਰਨਜੀਤ ਕੌਰ ਯਾਦਗਾਰ ਕਮੇਟੀ ਦੇ ਆਗੂ ਸੁਰਿੰਦਰ ਸਿੰਘ ਜਲਾਲਦੀਵਾਲ, ਨਰਾਇਣ ਦੱਤ, ਗੁਰਮੀਤ ਸੁਖਪੁਰਾ, ਜਰਨੈਲ ਸਿੰਘ, ਮਲਕੀਤ ਸਿੰਘ, ਨਿਰਮਲ ਚੁਹਾਣਕੇ, ਬਲਜਿੰਦਰ ਪ੍ਰਭੂ, ਪਲਵਿੰਦਰ ਠੀਕਰੀਵਾਲਾ, ਦਰਸਨ ਸਿੰਘ, ਕੁਲਵੀਰ ਸਿੰਘ ਔਲਖ, ਅਮਰਜੀਤ ਸਿੰਘ ਕਾਲਸਾਂ, ਨਿਰਭੈ ਸਿੰਘ, ਅਜਮੇਰ ਸਿੰਘ ਕਾਲਸਾਂ, ਮਜੀਦ ਖਾਂ ਕੁਰੜ, ਗੁਰਮੇਲ ਸਿੰਘ ਠੁੱਲੀਵਾਲ ਨੇ ਵੀ ਕਿਸਾਨ ਆਗੂ ਬਲਜੀਤ ਸਿੰਘ ਸੋਢਾ ਦੀ ਬੇਵਕਤੀ ਮੌਤ ਨੂੰ ਵੱਡਾ ਘਾਟਾ ਦੱਸਦਿਆ ਸੋਢਾ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

# ਖੁੱਡੀਆਂ ਵੱਲੋਂ 'ਕਿਸਾਨ ਮੇਲਾ 2023 ਮਲੋਟ' ਦਾ ਪੋਸਟਰ ਰਿਲੀਜ਼

**ਮਲੋਟ (ਗੁਰਮੀਤ ਸਿੰਘ ਮੱਕੜ)**-ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਕਿਸਾਨ ਮੇਲਾ 2023 ਮਲੋਟ ਦਾ ਚੰਡੀਗੜ੍ਹ ਵਿਖੇ ਪੋਸਟਰ ਰਿਲੀਜ਼ ਕੀਤਾ ਗਿਆ। ਮੇਲੇ ਦੇ ਪ੍ਰਬੰਧਕ ਸਹਿਲ ਮੱਕੜ, ਹਰਦੀਪ ਸਿੰਘ ਅਤੇ ਅਜਬਿੰਦਰ ਸੰਘਾ ਨੇ ਦੱਸਿਆ ਕਿ ਇਸ ਮੇਲੇ ਵਿਚ ਖੇਤੀਬਾੜੀ ਨਾਲ ਸਬੰਧਤ ਹਰ ਤਰ੍ਹਾਂ ਦੇ ਸੰਦ, ਬੀਜ ਅਤੇ ਦਵਾਈਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ, ਜਿਸ ਵਿਚ 100 ਤੋਂ ਵੀ ਵੱਧ ਨੈਸ਼ਨਲ ਅਤੇ ਇੰਟਰਨੈਸ਼ਨਲ ਕੰਪਨੀਆਂ ਹਿੱਸਾ ਲੈਣਗੀਆਂ। ਇਸ ਤੋਂ ਇਲਾਵਾ ਪੁਰਾਤਨ ਸੱਭਿਆਚਾਰ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਮੇਲੇ ਵਿਚ ਪਹੁਚੰਣ ਵਾਲੇ ਕਿਸਾਨਾਂ ਦੇ ਮਨੋਰੰਜਨ ਲਈ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਜਾਵੇਗਾ। ਇਸ ਮੌਕੇ 'ਤੇ ਲਾਲੀ ਕਰਮਗੜ੍ਹ, ਹਰਪ੍ਰੀਤ ਸਿੰਘ ਮਾਨ ਕਰਮਗੜ੍ਹ, ਗੁਰਮਨ ਸਿੰਘ, ਗੁਰਬਾਜ਼ ਪੀ ਏ, ਤੇਜੀ ਲੰਬੀ, ਐਡਵੋਕੇਟ ਜੈਸ਼ਵਿੰਦਰ ਸਿੰਘ, ਸਿਰਮਨ ਮਾਨ ਆਦਿ ਹਾਜ਼ਰ ਸਨ।

# ਝੰਬੋ ਵਾਲੀ ਚੋਅ 'ਚ ਆਏ ਹੜ੍ਹਾਂ ਨੇ ਫਸਲਾਂ ਨੁਕਸਾਨੀਆਂ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਇਲਾਕੇ ਵਿੱਚ ਘੱਗਰ ਦਰਿਆ ਵਿੱਚ ਜਿੱਥੇ ਆਏ ਹੜ੍ਹ ਦੇ ਪਾਣੀ ਨਾਲ ਹਜ਼ਾਰਾਂ ਏਕੜ ਫਸਲਾਂ ਮਾਰੀਆਂ ਗਈਆਂ ਹਨ ਉਥੇ ਹੀ ਝੰਬੋ ਡਰੇਨ ਵਿਚ ਆਏ ਹੜ੍ਹ ਨੇ ਭਾਰੀ ਤਬਾਹੀ ਮਚਾਉਂਦਿਆਂ ਕਿਸਾਨਾਂ ਦਾ ਸੈਂਕੜੇ ਏਕੜ ਝੋਨਾ ਅਤੇ ਪੱਕਣ 'ਤੇ ਆਈ ਮੱਕੀ ਦੀ ਫਸਲ ਬਰਬਾਦ ਕਰ ਦਿੱਤੀ ਹੈ। ਬੀਤੇ ਸਮੇਂ ਵਿੱਚ ਵੀ ਮਾਰੀਆਂ ਗਈਆਂ ਫਸਲਾਂ ਦਾ ਮੁਆਵਜ਼ਾ ਨਾ ਮਿਲਣ ਦਾ ਰੋਸ ਜ਼ਾਹਰ ਕਰਦਿਆਂ ਕਿਸਾਨਾਂ ਨੇ ਹੜ੍ਹਾਂ ਦਾ ਕਾਰਨ ਬਣਦੀ ਡਰੇਨ ਦੀ ਸਫਾਈ ਨਾ ਹੋਣ ਅਤੇ ਅੰਡਰ ਗਰਾਊਂਡ ਕਰਨ ਦਾ ਕਹਿ ਕੇ ਸੜਕ ਥੱਲੇ ਪਾਈਆਂ ਪੁਲੀਆਂ ਦਾ ਪ੍ਰਬੰਧ ਨਾ ਕੀਤੇ ਜਾਣ ਦੇ ਦੋਸ਼ ਪ੍ਰਸ਼ਾਸਨ 'ਤੇ ਲਾਏ ਹਨ। ਜਦੋਂ ਕਿ ਪ੍ਰਸ਼ਾਸਨ ਨੇ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਮੰਗ ਨੂੰ ਪੂਰੇ ਕੀਤੇ ਜਾਣ ਦਾ ਯਕੀਨ ਦਿਵਾਇਆ ਹੈ। ਪਿੰਡ ਪਾਤੜਾਂ ਦੇ ਸਰਪੰਚ ਗੁਰਮੀਤ ਸਿੰਘ ਬਬਲੀ, ਸਾਬਕਾ ਸਰਪੰਚ ਕਰਨੈਲ ਸਿੰਘ, ਗਿਆਨ ਖਾਨ ਅਤੇ ਗੁਰਪਿੰਦਰ ਸਿੰਘ ਕਾਲੇਕਾ ਨੇ ਦੱਸਿਆ ਕਿ ਪਾਤੜਾਂ ਸ਼ਹਿਰ ਦੇ ਨਾਲ ਦੀ ਵਗਦੀ ਝੰਬੋ ਡਰੇਨ ਵਿੱਚ ਆਏ ਹੜ੍ਹ ਨਾਲ ਕਈ ਪਿੰਡਾਂ ਦੇ ਕਿਸਾਨਾਂ ਦੀਆਂ ਜਿੱਥੇ ਹਜ਼ਾਰਾਂ ਏਕੜ ਫਸਲਾਂ ਮਾਰੀਆਂ ਗਈਆਂ ਉੱਥੇ ਹੀ ਪਾਤੜਾਂ ਪਿੰਡ ਦੇ ਰਹਿਣ ਵਾਲੇ ਸੁਰਾਜ, ਨਜ਼ੀਰ ਖਾਨ, ਜਸਵਿੰਦਰ ਸਿੰਘ ਗਿੱਲ, ਦਮਨ ਸਿੰਘ ਗਿੱਲ, ਰੁਪਿੰਦਰ ਸਿੰਘ ਗਿੱਲ ਅਤੇ ਪਿੰਡ ਦਿਉਗੜ੍ਹ ਦੇ ਰਣਧੀਰ ਸਿੰਘ, ਸ਼ਮਸ਼ੇਰ ਸਿੰਘ ਗੁੱਡੂ ਸਮੇਤ ਕਈ ਕਿਸਾਨਾਂ ਦੀਆਂ ਸੈਂਕੜੇ ਏਕੜ ਫਸਲਾਂ ਮਾਰੀਆਂ ਗਈਆਂ ਹਨ। ਕਿਸਾਨ ਸੁਰਾਜ ਖਾਨ, ਨਜ਼ੀਰ ਖਾਨ ਅਤੇ ਰਣਧੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਭਾਵੇਂ ਕੁਝ ਰਕਬੇ ਵਿੱਚ ਝੋਨਾ ਲਾਇਆ ਗਿਆ ਸੀ ਪਰ ਖੇਤੀ ਵਿਭਿੰਨਤਾ ਲਿਆਉਣ ਲਈ ਦਾਲਾਂ ਸਬਜ਼ੀਆਂ ਦੀ ਜਿੱਥੇ ਬਿਜਾਈ ਕੀਤੀ ਹੋਈ ਸੀ ਉੱਥੇ ਹੀ ਕਈ ਏਕੜ ਮੱਕੀ ਵੀ ਬੀਜੀ ਹੋਈ ਸੀ ਪਰ ਹੜ੍ਹ ਨੇ ਜਿੱਥੇ ਦੂਜੀਆਂ ਫਸਲਾਂ ਮਾਰ ਦਿੱਤੀਆਂ ਹਨ ਉੱਥੇ ਹੀ ਪੱਕਣ 'ਤੇ ਆਈ ਮੱਕੀ ਵੀ ਹੜ੍ਹ ਦੇ ਪਾਣੀ ਭੇਟ ਚੜ੍ਹ ਗਈ। ਉਨ੍ਹਾਂ ਕਿਹਾ ਕਿ ਹਰ ਸਾਲ ਡਰੇਨ ਵਿਭਾਗ ਵੱਲੋਂ ਡਰੇਨ ਤੇ ਸੜਕਾਂ ਦੇ ਪੁਲਾਂ ਦੇ ਨੇੜਿਉਂ ਸਫਾਈ ਕਰਕੇ ਖਾਨਾਪੂਰਤੀ ਕੀਤੀ ਜਾਂਦੀ ਹੈ ਜਦੋਂ ਕਿ ਬਾਕੀ ਥਾਵਾਂ 'ਤੇ ਡਰੇਨ ਵਿੱਚ ਡਿੱਗੇ ਹੋਏ ਰੁੱਖ ਵੀ ਚੁੱਕੇ ਨਹੀਂ ਜਾਂਦੇ ਅਤੇ ਸਫਾਈ ਵੀ ਨਹੀਂ ਕੀਤੀ ਜਾਂਦੀ। ਉਨ੍ਹਾਂ ਇਹ ਵੀ ਦੱਸਿਆ ਕਿ ਹਰਮਨ ਨਗਰ ਤੋਂ ਪਿੰਡ ਦਿਉਗੜ੍ਹ ਦੀ ਸੜਕ ਬਣਾਉਣ ਸਮੇਂ ਇਹ ਕਹਿ ਕੇ ਇਸ ਥੱਲੇ ਪੁਲੀਆਂ ਰੱਖੀਆਂ ਗਈਆਂ ਸਨ ਕਿ ਅੱਗੇ ਇਸ ਨੂੰ ਜ਼ਮੀਨ ਵਿੱਚ ਪਾਈਪ ਲਾਈਨ ਪਾ ਕੇ ਇਸ ਨਾਲ ਜੋੜ ਕੇ ਇਸ ਵਿੱਚ ਆਉਣ ਵਾਲਾ ਸਾਰਾ ਪਾਣੀ ਡਰੇਨ ਵਿੱਚ ਪਾਇਆ ਜਾਵੇਗਾ ਪਰ ਇਹ ਪਾਈਪ ਲਾਈਨ ਨਾ ਪਾਏ ਜਾਣ ਕਾਰਨ ਸਾਰੇ ਸ਼ਹਿਰ ਦਾ ਇਨ੍ਹਾਂ ਪੁਲੀਆਂ ਰਾਹੀਂ ਸਾਡੇ ਖੇਤਾਂ ਵਿੱਚ ਪੈਂਦਾ ਪਾਣੀ ਹੜ੍ਹਾਂ ਦੌਰਾਨ ਅਤੇ ਬਰਸਾਤਾਂ ਸਮੇਂ ਵੀ ਫਸਲਾਂ ਨੂੰ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਸਮੇਂ 'ਚ ਘੱਗਰ ਦੀ ਮਾਰ ਵਾਲੀਆਂ ਫਸਲਾਂ ਦਾ ਮੁਆਵਜ਼ਾ ਤਾਂ ਸਰਕਾਰ ਵੱਲੋਂ ਦਿੱਤਾ ਗਿਆ ਪਰ ਸਾਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਪਿੰਡ ਦੇ ਸਰਪੰਚ ਗੁਰਮੀਤ ਸਿੰਘ ਅਤੇ ਸਾਬਕਾ ਸਰਪੰਚ ਕਰਨੈਲ ਸਿੰਘ ਸਮੇਤ ਉਪਰੋਕਤ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਜਿੱਥੇ ਬਣਦਾ ਮੁਆਵਜ਼ਾ ਦਿੱਤਾ ਜਾਵੇ ਉੱਥੇ ਹੀ ਸੜਕ ਦੀਆਂ ਪੁਲੀਆਂ ਚੋਂ ਆਉਂਦੇ ਪਾਣੀ ਦੀ ਅੱਗੇ ਨਿਕਾਸੀ ਲਈ ਪਾਈਪ ਲਾਈਨ ਪਾਈ ਜਾਵੇ। ਇਸ ਬਾਰੇ ਨਵਦੀਪ ਕੁਮਾਰ ਐਸ ਡੀ ਐਮ ਪਾਤੜ ਨੇ ਕਿਹਾ ਕਿ ਇਸ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੋ ਵੀ ਮੁਆਵਜ਼ੇ ਦੀ ਰਕਮ ਹੋਵੇਗੀ ਹੜ੍ਹ ਪੀੜਤਾਂ ਨੂੰ ਜ਼ਰੂਰ ਦਿੱਤੀ ਜਾਵੇਗੀ।




AXIS BANK
**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Opposite Samartheswar Temple, Law Garden, Ellisbridge, Ahmedabad-380006.

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਗਹਿਣੇ ਰੱਖੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | 1. ਸ੍ਰੀ ਕ੍ਰਿਸ਼ਨ ਗੋਪਾਲ ਪੁੱਤਰ ਸ੍ਰੀ ਮੋਤਨ ਦਾਸ ਅਤੇ 2. ਸ੍ਰੀਮਤੀ ਰੀਨਾ ਰਾਣੀ ਪਤਨੀ ਕ੍ਰਿਸ਼ਨ ਗੋਪਾਲ, ਦੋਵੇਂ ਵਾਸੀ ਵਾਰਡ ਨੰ. 3 ਬਾਹਮਣਾ ਪੱਤੀ, ਪੀਰ ਵਾਲੀ ਗਲੀ ਸਮਾਣਾ-147101, ਪੰਜਾਬ ਨਾਲ ਹੀ : ਵਾਰਡ ਨੰ. 4 ਮਾਛੀ ਹਾਟਾ, ਸਮਾਣਾ, 147101. ਪੰਜਾਬ ਕਰਜ਼ਾ ਖਾਤਾ ਨੰ. PHR019501660850 | ਬੈਨਾਮਾ ਵਸੀਕਾ ਨੰ. 2216 ਮਿਤੀ 5-9-2011 ਰਾਹੀਂ ਸ੍ਰੀਮਤੀ ਰੀਨਾ ਰਾਣੀ ਪਤਨੀ ਸ੍ਰੀ ਕ੍ਰਿਸ਼ਨ ਗੋਪਾਲ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਰਕਬਾ 110.51 ਵਰਗ ਗਜ਼ ਜੋ ਕਿ ਕੁੱਲ ਜ਼ਮੀਨ ਖੇਤਰ 19 ਕਨਾਲ-05 ਮਰਲੇ ਦਾ 3-2/3/3.85 ਹਿੱਸਾ ਹੈ, ਖਸਰਾ ਨੰ. 112//3(4-12), 4 (7-16), 7/1(6-10), ਖੇਵਟ ਖਤੌਨੀ ਨੰ. 245/377, ਜਮ੍ਹਾਂਬੰਦੀ ਸਾਲ 2006-2007, ਹੱਦਬਸਤ ਨੰ. 87, ਸਾਰੇਨ, ਪੱਤੀ ਸਮਾਣਾ, ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ ਸਾਈਡ 31'-1", ਪੱਛਮ : ਲਾਜਵੰਤੀ ਸਾਈਡ 31'-1", ਉੱਤਰ : ਲੂਥਰਾ ਸਾਈਡ 32', ਦੱਖਣ : ਲਾਜਵੰਤੀ ਸਾਈਡ 32' | 23rd-Sept.-2022 | 17th-July-2023 | Rs. 5,64,637/- (ਪੰਜ ਲੱਖ ਚੌਹਠ ਹਜ਼ਾਰ ਛੇ ਸੌ ਸੈਂਤੀ ਰੁਪਏ ਕੇਵਲ) |
| 2. | 1. ਸ੍ਰੀ ਰਾਮ ਚੰਦਰ ਸਰੋਜ ਪੁੱਤਰ ਮੰਗਲ ਸਰੋਜ ਅਤੇ 2. ਸ੍ਰੀ ਗੋਬਿੰਦਾ ਪੁੱਤ ਸ੍ਰੀ ਰਾਮ ਚੰਦਰ ਸਰੋਜ ਦੋਵੇਂ ਵਾਸੀ ਸ਼ਾਲੀਮਾਰ ਗਾਰਡਨ, ਅਰਬਨ ਅਸਟੇਟ, ਫਗਵਾੜਾ, ਕਪੂਰਥਲਾ ਪੰਜਾਬ-144401 ਨਾਲ ਹੀ : ਇੱਕ ਮਕਾਨ ਮੁਹੱਲਾ ਤਾਰੂ ਕਾ ਬਾੜਾ, ਫਗਵਾੜਾ ਸ਼ਰਕੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ ਹੈ। ਕਰਜ਼ਾ ਖਾਤਾ ਨੰ. PHR015506942697 | ਦਸਤਾਵੇਜ਼ ਨੰ. 2021-22/32/1/3601 ਮਿਤੀ 07-01-2022 ਅਨੁਸਾਰ ਰਾਮ ਚੰਦਰ ਪੁੱਤਰ ਮੰਗਲ ਸਿੰਘ ਵਾਸੀ 2609/14, ਤਹਿਸੀਲਪੁਰਾ, ਅੰਮ੍ਰਿਤਸਰ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ ਕਰੀਬ 05 ਮਰਲੇ, ਖਸਰਾ ਨੰ. 2984/0-1, 3009/2-9, 3012/3-19, 30 ਏ/9-3, 3025/8-4, 3073/6-13, 4562/2954/0-18, 4583/3004/2-10, 5005/4512/2831/0-8, 5018/5547/2923/0-17, 5024/2953/0-18, 503/3007/6-18, ਮੁਹੱਲਾ ਤਾਰੂ ਦਾ ਬਾੜਾ, ਫਗਵਾੜਾ ਸ਼ਰਕੀ, ਤਹਿਸੀਲ ਫਗਵਾੜਾ ਅਤੇ ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਰਸਤਾ, ਪੱਛਮ : ਹੋਰਨਾਂ ਦੀ ਜਾਇਦਾਦ, ਉੱਤਰ : ਹੋਰਨਾਂ ਦੀ ਜਾਇਦਾਦ, ਦੱਖਣ : ਹੋਰਨਾਂ ਦੀ ਜਾਇਦਾਦ। | 30th-Aug-2022 | 18th-July-2023 | Rs 18,99,154/- (ਅਠਾਰਾਂ ਲੱਖ ਨੜਿੰਨਵੇਂ ਹਜ਼ਾਰ ਇੱਕ ਸੌ ਚਿਰੰਜਾ ਰੁਪਏ ਕੇਵਲ) |
| 3. | 1. ਸ੍ਰੀ ਜਤਿੰਦਰ ਬਹਾਦੁਰ ਪੁੱਤਰ ਸ੍ਰੀ ਕਟਕ ਬਹਾਦੁਰ ਅਤੇ 2. ਸ੍ਰੀਮਤੀ ਕਲਪਨਾ ਪਤਨੀ ਸ੍ਰੀ ਜਤਿੰਦਰ ਬਹਾਦੁਰ ਦੋਵੇਂ ਵਾਸੀ ਮਕਾਨ ਨੰ. 62 ਸਨਸੈੱਟ, ਬੀ ਆਰ ਐਸ ਨਗਰ, ਵਰਗ 43 ਲੁਧਿਆਣਾ-141001 ਨਾਲ ਹੀ : ਇੱਕ ਮਕਾਨ ਜਿਸ ਦਾ ਪਲਾਟ ਨੰ. 506 ਪਿੰਡ ਬਾਲੋਕੇ, ਮੁਹੱਲਾ ਨੇਤਾ ਜੀ ਪਾਰਕ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਕਰਜ਼ਾ ਖਾਤਾ ਨੰ. PHR004204838270 | ਬੈਨਾਮਾ ਵਸੀਅਤ ਨੰ. 6446 ਮਿਤੀ 23-8-2010 ਅਨੁਸਾਰ ਜਤਿੰਦਰ ਬਹਾਦਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ, ਪਲਾਟ ਨੰ. 506, ਰਕਬਾ 100 ਵਰਗ ਗਜ਼, ਖੱਤਾ ਨੰ. 122/125, ਖਸਰਾ ਨੰ. 10//25, ਪਿੰਡ ਬਾਲੋਕੇ (ਮੁਹੱਲਾ ਨੇਤਾ ਜੀ ਪਾਰਕ), ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਜਮ੍ਹਾਂਬੰਦੀ ਸਾਲ 2003-2004, ਹੱਦਬਸਤ ਨੰ. 103 ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗੁਆਂਢ 18'-0", ਪੱਛਮ : ਗਲੀ 18'-0", ਉੱਤਰ : ਪਲਾਟ ਨੰ. 505-50' 0", ਦੱਖਣ : ਪਲਾਟ ਨੰ. 507-50' 0" | 28th-Oct-2022 | 18th-July-2023 | Rs. 1,127,458/- (ਗਿਆਰਾਂ ਲੱਖ ਸਤਾਈ ਹਜ਼ਾਰ ਚਾਰ ਸੌ ਅਠਵੰਜਾ ਰੁਪਏ ਕੇਵਲ) |
| 4. | 1. ਸ੍ਰੀ ਭਵਨੀਤ ਮਲਹੋਤਰਾ ਪੁੱਤਰ ਸ੍ਰੀ ਨਰੇਸ਼ ਮਲਹੋਤਰਾ 2. ਸ੍ਰੀ ਚੇਤਨ ਮਲਹੋਤਰਾ ਪੁੱਤਰ ਨਰੇਸ਼ ਮਲਹੋਤਰਾ 3. ਸ੍ਰੀਮਤੀ ਸੁਨੀਤਾ ਪਤਨੀ ਨਰੇਸ਼ ਮਲਹੋਤਰਾ ਸਾਰੇ ਵਾਸੀ ਮਕਾਨ ਨੰ. 167, ਗਲੀ ਨੰ. 2/3 ਨੂਰਵਾਲਾ ਰੋਡ ਲਾਜਪਤ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007 ਨਾਲ ਹੀ : ਮਕਾਨ ਜਿਸ ਦਾ ਪਲਾਟ ਨੰ. 47/ਏ ਕਾਰਪੋਰੇਸ਼ਨ ਨੰ. ਬੀ-32-3633/2 ਗਗਨਦੀਪ ਕਾਲੋਨੀ ਗਲੀ ਨੰ. 8 ਪਿੰਡ ਕਾਕੋਵਾਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141008 ਕਰਜ਼ਾ ਖਾਤਾ ਨੰ. PHR004207137448 | ਬੈਨਾਮਾ ਨੰ. 2022-23/106/1/9 ਮਿਤੀ 01 ਅਪ੍ਰੈਲ 2022 ਅਨੁਸਾਰ ਸ੍ਰੀਮਤੀ ਸੁਨੀਤਾ ਪਤਨੀ ਸ੍ਰੀ ਨਰੇਸ਼ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 47-ਏ, ਕਾਰਪੋਰੇਸ਼ਨ ਨੰ. ਬੀ-32-3633/2, ਰਕਬਾ 76-1/2 ਵਰਗ ਗਜ਼, ਖਸਰਾ ਨੰ. 34//16, ਖੱਤਾ ਨੰ. 23/23, ਜਮ੍ਹਾਂਬੰਦੀ ਸਾਲ 2005-2006, ਅਬਾਦੀ ਗਗਨਦੀਪ ਕਾਲੋਨੀ, ਗਲੀ ਨੰ. 8, ਪਿੰਡ ਕਾਕੋਵਾਲ, ਹੱਦਬਸਤ ਨੰ. 80, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਰਾਜ ਕੁਮਾਰ, ਪੱਛਮ : ਕਿਰਾਏ ਦੀ ਜਾਇਦਾਦ/ਸਾਈਡ 50' ਸਾਈਡ 50', ਪੱਛਮ : ਕਿਰਾਏ ਦੀ ਜਾਇਦਾਦ ਸਾਈਡ 50', ਉੱਤਰ : ਮਹਿੰਦਰ ਕੌਰ/ਸਾਈਡ 13' 9", ਦੱਖਣ : ਗਲੀ 20' ਚੌੜੀ/ਸਾਈਡ 13' 9" | 16th-Dec.-2022 | 18th-July-2023 | Rs.17,66,920/- (ਸਤਾਰਾਂ ਲੱਖ ਛਿਆਹਠ ਹਜ਼ਾਰ ਨੌਂ ਸੌ ਵੀਹ ਰੁਪਏ ਕੇਵਲ) |
| 5. | 1. ਸ੍ਰੀ ਪਰਵੇਜ਼ ਆਹਦ ਪੁੱਤਰ ਸ਼ਫੀਕ 2. ਸ੍ਰੀ ਆਵੇਜ ਪੁੱਤਰ ਸ਼ਫੀਕ 3. ਸ੍ਰੀਮਤੀ ਖੁਸਨੁਦਾ ਖਾਤੂਨ ਪਤਨੀ ਸ੍ਰੀ ਸ਼ਫੀਕ ਸਾਰੇ ਵਾਸੀ ਮਕਾਨ ਨੰ. 1181 ਗਲੀ ਨੰ. 1 ਕਬੀਰ ਨਗਰ, ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ-141007 ਨਾਲ ਹੀ : ਮਕਾਨ ਨੰ. ਬੀ-31-1703/5/13/ਸੀ/ਪੀ-12676 ਇਕਬਾਲ ਨਗਰ, ਗਲੀ ਨੰ. 9 ਪਿੰਡ ਜਮਾਲਪੁਰ ਅਵਾਣਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141001 ਕਰਜ਼ਾ ਖਾਤਾ ਨੰ. PHR004203948791 | ਬੈਨਾਮਾ ਨੰ. 2018-19/106/1/15976 ਮਿਤੀ 27 ਮਾਰਚ 2019 ਅਨੁਸਾਰ ਖੁਸਨੁਦਾ ਖਾਤੂਨ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਬੀ-31-1703/5/13-ਸੀ/ਪੀ-12676, ਰਕਬਾ 85 ਵਰਗ ਗਜ਼, ਖਸਰਾ ਨੰ. 41//15/41/6, ਖੱਤਾ ਨੰ. 540/592, 541/593, ਜਮ੍ਹਾਂਬੰਦੀ ਸਾਲ 2011-12, ਪਿੰਡ ਜਮਾਲਪੁਰ ਅਵਾਣਾ। ਹੱਦਬਸਤ ਨੰ. 177, ਅਬਾਦੀ ਇਕਬਾਲ ਨਗਰ, ਗਲੀ ਨੰ. 9, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗੁਆਂਢ ਸਾਈਡ 49' 3", ਪੱਛਮ : ਗੁਆਂਢ ਸਾਈਡ 49' 3", ਉੱਤਰ : ਗੁਆਂਢ ਸਾਈਡ 15' 6", ਦੱਖਣ : ਗਲੀ 15' 5" | 24th-Jan-2023 | 18th-July-2023 | Rs. 15,96,289/- (ਪੰਦਰਾਂ ਲੱਖ ਛਿਆਨਵੇਂ ਹਜ਼ਾਰ ਦੋ ਸੌ ਉਨੰਨਵੇਂ ਰੁਪਏ ਕੇਵਲ) |
| 6. | 1. ਸ੍ਰੀ ਜਤਿੰਦਰ ਕੁਮਾਰ ਪੁੱਤਰ ਰਮਕੇਸ਼ ਅਤੇ 2. ਸ੍ਰੀਮਤੀ ਸਰਿਤਾ ਪਤਨੀ ਸ੍ਰੀ ਜਤਿੰਦਰ ਕੁਮਾਰ ਦੋਵੇਂ ਵਾਸੀ ਮਕਾਨ ਨੰ. 260, ਗਲੀ ਨੰ. 4, ਸਤਕਰਤਾਰ ਨਗਰ, ਟਿੱਬਾ ਰੋਡ, ਲੁਧਿਆਣਾ-141007 ਪੰਜਾਬ ਨਾਲ ਹੀ : ਮਕਾਨ ਨੰ. 119, ਗਲੀ ਨੰ. 4, ਸਟਾਰ ਸਿਟੀ ਰੋਡ, ਟਿੱਬਾ ਰੋਡ, ਬਜਰਾ, ਲੁਧਿਆਣਾ-141007 ਪੰਜਾਬ ਨਾਲ ਹੀ : ਐੱਮ ਸੀ ਨੰ. ਬੀ-31/222/ਸੀ/ਪੀ-10, ਜਿਸ ਦਾ ਪਲਾਟ ਨੰ. 10, ਪਿੰਡ ਕੁੱਲੀਆਂਵਾਲਾ, ਸ਼ਿਵ ਸ਼ਕਤੀ ਇਨਕਲੇਵ, ਗੋਪਾਲ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141001 ਕਰਜ਼ਾ ਖਾਤਾ ਨੰ. PHR004205460123 | ਬੈਨਾਮਾ ਦਸਤਾਵੇਜ਼ ਨੰ. 2020-21/106/1/9698 ਮਿਤੀ 19 ਨਵੰਬਰ 220 ਅਨੁਸਾਰ ਰਿਹਾਇਸ਼ੀ ਜਾਇਦਾਦ ਮਕਾਨ ਐੱਮ ਸੀ ਨੰ. ਬੀ-31-2022/ਸੀ/ਪੀ-10, ਪਲਾਟ ਨੰ. 10, ਰਕਬਾ 50 ਵਰਗ ਗਜ਼, ਖਸਰਾ ਨੰ. 27//21, 22, 19, 20, 32//2/1, 1/2, 10/2, ਖੱਤਾ ਨੰ. 1/2 ਮਿਨ, ਜਮ੍ਹਾਂਬੰਦੀ ਸਾਲ 2006-2007, ਪਿੰਡ ਕੁੱਲੀਆਂ ਵਾਲਾ। ਹੱਦਬਸਤ ਨੰ. 178, ਅਬਾਦੀ ਸ਼ਿਵ ਸ਼ਕਤੀ ਇਨਕਲੇਵ, ਗੋਪਾਲ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਖੇਤੀਬਾੜੀ ਵਾਲੀ ਜ਼ਮੀਨ (15 ਫੁੱਟ), ਪੱਛਮ : ਗਲੀ (15 ਫੁੱਟ), ਉੱਤਰ : ਖਾਲੀ ਪਲਾਟ (30 ਫੁੱਟ), ਦੱਖਣ : ਕੁਲਵੰਤ ਸਿੰਘ (30 ਫੁੱਟ)। | 23rd-Sept.-2022 | 18th-July-2023 | Rs.10,84,041 /- (ਦਸ ਲੱਖ ਚੁਰਾਸੀ ਹਜ਼ਾਰ ਇਕਤਾਲੀ ਰੁਪਏ ਕੇਵਲ) |
| 7. | 1. ਸ੍ਰੀ ਸ਼ਵੇਂਦੂ ਸ਼ਰਮਾ ਪੁੱਤਰ ਸ੍ਰੀ ਰਾਜੇਸ਼ਵਰ ਦਿਆਲ ਅਤੇ 2. ਸ੍ਰੀਮਤੀ ਰੋਸ਼ਨੀ ਪਤਨੀ ਸ੍ਰੀ ਸ਼ਵੇਂਦੂ ਸ਼ਰਮਾ ਦੋਵੇਂ ਵਾਸੀ ਮਕਾਨ ਨੰ. 646, ਰਾਮਗੜ੍ਹੀਆ ਮੁਹੱਲਾ, ਦਕੋਹਾ, ਜਲੰਧਰ, ਪੰਜਾਬ-144023, ਭਾਰਤ ਨਾਲ ਹੀ : ਮੈਸਰਜ਼ ਬਾਵਾ ਕਟਰ ਈ ਡੀ 253, ਨੇੜੇ ਵ੍ਹਾਈਟ ਕਰਾਸ, ਚੰਨ ਮੁਹੱਲਾ, ਜਲੰਧਰ, ਪੰਜਾਬ-144001, ਭਾਰਤ ਨਾਲ ਹੀ : ਸ੍ਰੀ ਸ਼ਵੇਂਦੂ ਸ਼ਰਮਾ, ਪੁੱਤਰ ਸ੍ਰੀ ਰਾਜੇਸ਼ਵਰ ਦਿਆਲ ਮੈਸਰਜ਼ ਸੁਈਆ ਕ੍ਰੀਏਸ਼ਨ ਅਤੇ ਸੋਲਨ, ਨੇੜੇ ਚੰਨਣ ਚੌਕ, ਦਕੋਹਾ, ਜਲੰਧਰ, ਪੰਜਾਬ-144001, ਭਾਰਤ ਨਾਲ ਹੀ : ਸ੍ਰੀਮਤੀ ਰੋਸ਼ਨੀ ਪਤਨੀ ਸ੍ਰੀ ਸ਼ਵੇਂਦੂ ਸ਼ਰਮਾ, ਮਕਾਨ ਨੰ. 31/26, ਜਲੰਧਰ ਪੰਜਾਬ-144005 ਕਰਜ਼ਾ ਖਾਤਾ ਨੰ. PHR0015504893153 | ਬੈਨਾਮਾ ਨੰ. 2019-20/187/1/8533 ਮਿਤੀ 23-01-2020 ਅਨੁਸਾਰ ਸ੍ਰੀਮਤੀ ਰੋਸ਼ਨੀ ਪਤਨੀ ਸ੍ਰੀ ਸ਼ਵੇਂਦੂ ਸ਼ਰਮਾ ਦੀ ਮਲਕੀਅਤ ਗੈਰ ਖੇਤੀਬਾੜੀ ਵਾਲੀ ਜ਼ਮੀਨ ਰਕਬਾ 03 ਮਰਲੇ 12 ਵਰਗ ਫੁੱਟ, ਖੱਤਾ/ਖਤੌਨੀ ਨੰ. 113/121, ਖਸਰਾ ਨੰ. 282 (11-11), ਜਮ੍ਹਾਂਬੰਦੀ ਸਾਲ 2012-2013, ਹੱਦਬਸਤ ਨੰ. 299, ਪਿੰਡ ਖੁਰਲਾ ਰੈਂਡ ਰੋਜ਼ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਹੋਰ/31'-0", ਪੱਛਮ : ਮੰਦਰ/21'-0", ਉੱਤਰ : ਸੜਕ/30'-0", ਦੱਖਣ : ਭਾਟੀਆ (34'-0") | 29th-Oct-2022 | 19th-July-2023 | Rs. 22,03,424 /- (ਬਾਈ ਲੱਖ ਤਿੰਨ ਹਜ਼ਾਰ ਚਾਰ ਸੌ ਚੌਵੀ ਰੁਪਏ ਕੇਵਲ) |
| 8. | 1. ਕੁਮਾਰੀ ਵੰਦਨਾ ਪੁੱਤਰੀ ਸ੍ਰੀ ਰਾਜ ਕੁਮਾਰ ਅਤੇ 2. ਸ੍ਰੀ ਰਾਹੁਲ ਪੁੱਤਰ ਸ੍ਰੀ ਰਾਜ ਕੁਮਾਰ ਦੋਵੇਂ ਵਾਸੀ ਮਕਾਨ ਨੰ. ਈ ਐੱਨ 270, ਖੋਦਿਆਂ ਮੁਹੱਲਾ, ਨੇੜੇ ਮਿਲਾਪ ਚੌਕ, ਜ਼ਿਲ੍ਹਾ ਜਲੰਧਰ-144001 ਨਾਲ ਹੀ : ਮਕਾਨ ਨੰ. 3, ਖਸਰਾ ਨੰ. 3//10 ਬਿੰਦ ਕਾਲੋਨੀ, ਪਿੰਡ ਕੋਟ ਸਦੀਕ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ-144001 ਨਾਲ ਹੀ : ਕੁਮਾਰੀ ਵੰਦਨਾ ਪੁੱਤਰੀ ਰਾਜ ਕੁਮਾਰ ਅਸਿਸਟੈਂਟ ਐਡਵੋਕੇਟ ਹਰਮਿੰਦਰ ਸੰਧੂ, ਚੈਂਬਰ ਨੰ. 329, ਨਿਊ ਜ਼ਿਲ੍ਹਾ ਕਚਹਿਰੀ, ਜਲੰਧਰ-144001 ਕਰਜ਼ਾ ਖਾਤਾ ਨੰ. PHR015506445923 | ਬੈਨਾਮੇ ਦਸਤਾਵੇਜ਼ ਨੰ. 2021-22/607/1/6163 ਮਿਤੀ 14 ਅਕਤੂਬਰ 2021 ਅਨੁਸਾਰ ਸ੍ਰੀਮਤੀ ਵੰਦਨਾ ਬੇਟੀ ਸ੍ਰੀ ਰਾਜ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 3, ਰਕਬਾ 01 ਮਰਲਾ-248 ਵਰਗ ਗਜ਼ ਫੁੱਟ, ਖਸਰਾ ਨੰ. 3//10, ਅਬਾਦੀ ਪਿੰਡ ਕੋਟ ਸਦੀਕ, ਹੱਦਬਸਤ ਨੰ. 433, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਮਕਾਨ-ਦਿਲਪ੍ਰੀਤ ਸਿੰਘ, ਪੱਛਮ : ਹੋਰਨਾਂ ਦਾ ਪਲਾਟ, ਉੱਤਰ : ਸੜਕ, ਦੱਖਣ : ਮਕਾਨ-ਦਿਲਪ੍ਰੀਤ ਸਿੰਘ। | 07th-Jan.-2023 | 19th-July-2023 | Rs. 1466380/- (ਚੌਦਾਂ ਲੱਖ ਛਿਆਹਠ ਹਜ਼ਾਰ ਤਿੰਨ ਸੌ ਅੱਸੀ ਰੁਪਏ ਕੇਵਲ) |
| 9. | 1. ਸ੍ਰੀ ਸੂਰਜ ਪੁੱਤਰ ਕੁਮਾਰ ਰਜਿੰਦਰ ਅਤੇ 2. ਸ੍ਰੀਮਤੀ ਰੇਖਾ ਪਤਨੀ ਸੂਰਜ ਦੋਵੇਂ ਵਾਸੀ ਮਕਾਨ ਨੰ. 58, ਆਰੀਆ ਨਗਰ, ਜਲੰਧਰ ਪੰਜਾਬ-144001 ਨਾਲ ਹੀ : ਸ਼ਿਵ ਨਗਰ, ਗੁਲਾਬ ਦੇਵੀ ਰੋਡ, ਜਲੰਧਰ ਪੰਜਾਬ-144001 ਕਰਜ਼ਾ ਖਾਤਾ ਨੰ. PHR015506040045 | ਬੈਨਾਮਾ ਨੰ. 2021/22/187/1/428 ਮਿਤੀ 15-04-2021 ਅਨੁਸਾਰ ਸੂਰਜ ਪੁੱਤਰ ਕੁਮਾਰ ਰਾਜਿੰਦਰ ਦੇ ਨਾਂਅ 'ਤੇ ਜਾਇਦਾਦ ਰਕਬਾ 03 ਮਰਲੇ 2 ਵਰਗ ਫੁੱਟ, ਖਸਰਾ ਨੰ. 589, 788/589, 769/589, 767/589, ਪਿੰਡ ਨਾਗਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਗਲੀ, ਉੱਤਰ : ਜਤਿੰਦਰ, ਦੱਖਣ : 31' 0"। | 06th-Dec-2022 | 19th-July-2023 | Rs 10,43,088/- (ਦਸ ਲੱਖ ਤਰਤਾਲੀ ਹਜ਼ਾਰ ਅਠਾਸੀ ਰੁਪਏ ਕੇਵਲ) |
| 10. | 1. ਸ੍ਰੀ ਬੀਰੂ ਪੁੱਤਰ ਪ੍ਰੇਮ ਬਹਾਦੁਰ ਅਤੇ 2. ਸ੍ਰੀਮਤੀ ਸੁਨੀਤਾ ਪਤਨੀ ਬੀਰੂ ਦੋਵੇਂ ਵਾਸੀ ਮਕਾਨ ਨੰ. ਬੀ 99/2, ਅਮਨ ਗਾਰਡਨ ਜਲੰਧਰ-1 ਪੰਜਾਬ-144001 ਨਾਲ ਹੀ : ਇੱਕ ਮਕਾਨ, ਜਿਸ ਦਾ ਖਸਰਾ ਨੰ. 7//17/2, 7//23/2, 24, 25/3, 15//3/2, 4/1, 5/1, 26, ਹਰਗੋਬਿੰਦ ਨਗਰ, ਪਿੰਡ ਰੇਰੂ, ਬਚਿੰਤ ਨਗਰ ਰੋਡ, ਜਲੰਧਰ-144001 ਕਰਜ਼ਾ ਖਾਤਾ ਨੰ. PHR015508001410 | ਬੈਨਾਮਾ ਦਸਤਾਵੇਜ਼ ਨੰ. 2022-23/187/1/4840 ਮਿਤੀ 03 ਅਕਤੂਬਰ 2022 ਅਨੁਸਾਰ ਸ੍ਰੀਮਤੀ ਸੁਨੀਤਾ ਪਤਨੀ ਸ੍ਰੀ ਬੀਰੂ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 2 ਮਰਲੇ 80 ਵਰਗ ਫੁੱਟ, ਖੇਵਟ/ਖਤੌਨੀ ਨੰ. 59/66, 60/67, ਖਸਰਾ ਨੰ. 7//17/2, 7//23/2, 24, 25/3, 15//3/2, 4/1, 5/1, 26, ਜਮ੍ਹਾਂਬੰਦੀ ਸਾਲ 2019-20, ਹੱਦਬਸਤ ਨੰ. 207, ਵਾਕਿਆ ਹਰਗੋਬਿੰਦ ਨਗਰ, ਪਿੰਡ ਰੇਰੂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਪ੍ਰੇਮ ਕੁਮਾਰ, ਪੱਛਮ : ਸੁਖਵਿੰਦਰ ਕੌਰ, ਉੱਤਰ : ਸੜਕ, ਦੱਖਣ : ਹੋਰਨਾਂ ਦਾ ਪਲਾਟ। | 17th-Mar-2023 | 19th-July-2023 | Rs. 15,78,568/- (ਪੰਦਰਾਂ ਲੱਖ ਅਠੱਤਰ ਹਜ਼ਾਰ ਪੰਜ ਸੌ ਅਠਾਹਠ ਰੁਪਏ ਕੇਵਲ) |
| 11. | 1. ਸ੍ਰੀ ਸੁਨੀਲ ਕੁਮਾਰ ਪੁੱਤਰ ਸ੍ਰੀ ਅਸ਼ੋਕ ਕੁਮਾਰ ਅਤੇ 2. ਸ੍ਰੀਮਤੀ ਸੰਤੋਸ਼ ਰਾਣੀ ਪਤਨੀ ਸ੍ਰੀ ਸੁਨੀਲ ਕੁਮਾਰ ਦੋਵੇਂ ਵਾਸੀ ਮਕਾਨ ਨੰ. 123 ਹਰਗੋਬਿੰਦ ਨਗਰ, ਨੇੜੇ ਵਿੱਕੀ ਆਟਾ ਚੱਕੀ, ਰੇਰੂ, ਜਲੰਧਰ ਪੰਜਾਬ-144012 ਨਾਲ ਹੀ : ਇੱਕ ਰਿਹਾਇਸ਼ੀ ਜਾਇਦਾਦ ਪਲਾਟ ਨੰ. 186/187 ਦਾ ਹਿੱਸਾ, ਪਰਸੂਰਾਮ ਨਗਰ, ਪਿੰਡ ਰੇਰੂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-144012 ਨਾਲ ਹੀ: ਸ੍ਰੀ ਸੁਨੀਲ ਕੁਮਾਰ ਪੁੱਤਰ ਸ੍ਰੀ ਅਸ਼ੋਕ ਕੁਮਾਰ ਪ੍ਰੋਪ. ਰਾਈਟਜ਼ ਮੈਸਰਜ਼ ਐੱਸ. ਕੇ. ਗਲਾਸ ਵਰਕਸ, ਮਕਾਨ ਨੰ. 123 ਹਰਗੋਬਿੰਦ ਨਗਰ, ਨੇੜੇ ਵਿੱਕੀ ਆਟਾ ਚੱਕੀ, ਰੇਰੂ, ਜਲੰਧਰ ਪੰਜਾਬ-144012 ਕਰਜ਼ਾ ਖਾਤਾ ਨੰ. PHR015505554499 | ਬੈਨਾਮਾ ਨੰ. 2020-21/187/1/4863 ਮਿਤੀ 18-11-2020 ਅਨੁਸਾਰ ਸੰਤੋਸ਼ ਰਾਣੀ ਪਤਨੀ ਸੁਨੀਲ ਕੁਮਾਰ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ ਰਕਬਾ 02 ਮਰਲੇ 206 ਵਰਗ ਫੁੱਟ, ਪਲਾਟ ਨੰ. 186-187 ਦਾ ਹਿੱਸਾ। ਖਸਰਾ ਨੰ. 4//2/2, 2//10/1, 2//11/2, 4//1/2, 2//12/2/1, 4//2/1, ਪਰਸ਼ੂ ਰਾਮ ਨਗਰ, ਪਿੰਡ ਰੇਰੂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਹੋਰ, ਪੱਛਮ : ਹੋਰ, ਉੱਤਰ : ਸੜਕ, ਦੱਖਣ : ਹੋਰ। | 06th-Dec-2022 | 19th-July-2023 | Rs. 14,86,828/- (ਚੌਦਾਂ ਲੱਖ ਸਿਆਸੀ ਹਜ਼ਾਰ ਅੱਠ ਸੌ ਅਠਾਈ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 22.07.2023 ਸਥਾਨ : ਲੁਧਿਆਣਾ ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ


## ...ਸ.ਫ਼ਾ 1 ਦੇ ਬਾਕੀ

### ਸੀਨੀਅਰ ਕਾਂਸਟੇਬਲ ..

ਕਹਿ ਕੇ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਕਿ ਜੇਕਰ ਉਹ 2.5 ਲੱਖ ਰੁਪਏ ਰਿਸ਼ਵਤ ਨਹੀਂ ਦੇਵੇਗਾ ਤਾਂ ਉਹ ਉਸ ਨੂੰ ਨਸ਼ਾ ਬਰਾਮਦਗੀ ਦੇ ਵੱਡੇ ਕੇਸ ਵਿੱਚ ਫਸਾ ਦੇਣਗੇ। ਸ਼ਿਕਾਇਤ ਦੀ ਮੁਢਲੀ ਜਾਂਚ ਤੋਂ ਬਾਅਦ ਵੀ ਬੀ ਫਲਾਇੰਗ ਸਕੁਐਡ-1, ਪੰਜਾਬ ਦੀ ਟੀਮ ਨੇ ਟਰੈਪ ਲਗਾ ਕੇ ਰੋਹਿਤ ਹਾਂਸ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਇੱਕ ਲੱਖ ਰੁਪਏ ਰਿਸ਼ਵਤ ਲੈਂਦਿਆਂ ਮੌਕੇ ਤੋਂ ਕਾਬੂ ਕਰ ਲਿਆ। ਇਸ ਬਾਅਦ ਵਿਜੀਲੈਂਸ ਬਿਊਰੋ ਨੇ ਥਾਣਾ ਮਾਡਲ ਟਾਊਨ, ਹੁਸ਼ਿਆਰਪੁਰ ਤੋਂ ਸੀਨੀਅਰ ਕਾਂਸਟੇਬਲ ਕਿੰਦਰ ਸਿੰਘ ਅਤੇ ਹੋਮਗਾਰਡ ਜੁਝਾਰ ਨੂੰ ਵੀ ਗ੍ਰਿਫਤਾਰ ਕਰ ਲਿਆ। ਕਾਂਸਟੇਬਲ ਅਮਿਤ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਇੱਕ ਹੋਰ ਮਾਮਲੇ 'ਚ ਵਿਜੀਲੈਂਸ ਬਿਊਰੋ ਨੇ ਜਲੰਧਰ ਜ਼ਿਲ੍ਹੇ ਦੇ ਥਾਣਾ ਪਤਾਰਾ ਵਿਖੇ ਤਾਇਨਾਤ ਏ ਐਸ ਆਈ ਰਾਮ ਪ੍ਰਕਾਸ਼ ਨੂੰ 30,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਏ ਐਸ ਆਈ ਨੂੰ ਜਸਵੀਰ ਸਿੰਘ ਜੱਜ ਵਾਸੀ ਗੁਰੂ ਨਾਨਕ ਨਗਰ ਪਿੰਡ ਕਾਕੀ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਜਸਵੀਰ ਸਿੰਘ ਪਿੰਡ ਕੰਗਣੀਵਾਲ ਵਿਖੇ ਡੇਅਰੀ ਫਾਰਮ ਚਲਾਉਂਦਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਥਾਣਾ ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਵਿਖੇ ਪਹੁੰਚ ਕਰਕੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਨੇ 13 ਮਈ, 2022 ਨੂੰ ਥਾਣਾ ਪਤਾਰਾ ਵਿਖੇ ਗੁਰਪ੍ਰੀਤ ਸਿੰਘ ਅਤੇ ਹੋਰਾਂ ਵਿਰੁੱਧ ਆਈ ਪੀ ਸੀ ਦੀ ਧਾਰਾ 323, 341, 149 ਤਹਿਤ ਕੇਸ ਦਰਜ ਕਰਵਾਇਆ ਸੀ ਅਤੇ ਇਸ ਮਾਮਲੇ ਵਿੱਚ ਸਮਝੌਤਾ ਕਰਨ ਲਈ ਦੂਜੀ ਧਿਰ ਵੱਲੋਂ ਉਸ 'ਤੇ ਦਬਾਅ ਪਾਇਆ ਜਾ ਰਿਹਾ ਸੀ। ਉਸ ਨੇ ਅੱਗੇ ਦੱਸਿਆ ਕਿ ਗੁਰਪ੍ਰੀਤ ਸਿੰਘ ਅਤੇ ਉਸ ਦਾ ਭਰਾ ਅਮਨਪ੍ਰੀਤ ਸਿੰਘ 27 ਸਤੰਬਰ 2022 ਨੂੰ ਉਸ ਦੇ ਡੇਅਰੀ ਫਾਰਮ 'ਤੇ ਆਏ ਅਤੇ ਉਸ ਦੀ ਕੁੱਟਮਾਰ ਕੀਤੀ। ਇਸ ਤੋਂ ਬਾਅਦ ਬਾਅਦ ਗੁਰਪ੍ਰੀਤ ਸਿੰਘ ਨੇ ਉਸ (ਜਸਵੀਰ ਸਿੰਘ) ਅਤੇ ਉਸ ਦੇ ਲੜਕੇ ਜਸਤੇਜ ਸਿੰਘ ਵਿਰੁੱਧ ਥਾਣਾ ਪਤਾਰਾ ਵਿਖੇ ਆਈ ਪੀ ਸੀ ਦੀ ਧਾਰਾ 323, 324, 326, 506, 148, 149 ਤਹਿਤ ਫਰਜ਼ੀ ਐਫ ਆਈ ਆਰ ਨੰਬਰ 78 5 ਅਕਤੂਬਰ 2022 ਦਰਜ ਕਰਵਾ ਦਿੱਤੀ। ਸ਼ਿਕਾਇਤਕਰਤਾ ਦੇ ਪਿਤਾ ਕਰਨੈਲ ਸਿੰਘ ਨੇ ਆਪਣੇ ਪੋਤੇ ਜਸਤੇਜ ਸਿੰਘ ਵਿਰੁੱਧ ਦਰਜ ਕੀਤੇ ਗਏ ਫਰਜ਼ੀ ਕੇਸ ਵਿਰੁੱਧ ਐਸ ਐਸ ਪੀ ਜਲੰਧਰ (ਦਿਹਾਤੀ) ਅਤੇ ਮਨੁੱਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ ਦੇ ਦਫਤਰ ਵਿੱਚ ਦਰਖਾਸਤ ਦਿੱਤੀ ਕਿਉਂਕਿ ਉਸ ਦਾ ਪੋਤਾ 27 ਸਤੰਬਰ 2022 ਨੂੰ ਕਾਲਜ ਗਿਆ ਹੋਇਆ ਸੀ। ਇਸ ਦਰਖਾਸਤ 'ਤੇ ਏ ਐਸ ਆਈ ਰਾਮ ਪ੍ਰਕਾਸ਼ ਨੂੰ ਤਫਤੀਸ਼ ਸੌਂਪੀ ਗਈ। ਮੁਲਜ਼ਮ ਏ ਐਸ ਆਈ ਨੇ ਐਫ ਆਈ ਆਰ ਵਿੱਚੋਂ ਜਸਤੇਜ ਦਾ ਨਾਂਅ ਕੱਢਣ ਲਈ 2 ਲੱਖ ਰੁਪਏ ਦੀ ਮੰਗ ਕੀਤੀ ਪਰ ਵਾਰ-ਵਾਰ ਬੇਨਤੀ ਕਰਨ 'ਤੇ ਉਹ 30,000 ਰੁਪਏ ਲੈਣ ਲਈ ਮੰਨ ਗਿਆ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਜਲੰਧਰ ਦੀ ਟੀਮ ਨੇ ਟਰੈਪ ਲਗਾ ਕੇ ਮੁਲਜ਼ਮ ਏ ਐਸ ਆਈ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਰਿਸ਼ਵਤ ਲੈਂਦਿਆਂ ਮੌਕੇ 'ਤੇ ਕਾਬੂ ਕਰ ਲਿਆ।

### ਸ਼੍ਰੋਮਣੀ ਕਮੇਟੀ ਗੁਰਬਾਣੀ ..

ਕਿ ਇਸ ਨੂੰ ਸਿਰਫ਼ ਇਕ ਚੈਨਲ ਤੱਕ ਮਹਿਦੂਦ ਕਰਨ ਦੀ ਥਾਂ ਸਾਰੇ ਚੈਨਲਾਂ ਨੂੰ ਮੁਫ਼ਤ 'ਚ ਪ੍ਰਸਾਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਹੰਭਲੇ ਨਾਲ ਜਿੱਥੇ ਸੰਗਤ ਨੂੰ ਆਪਣੇ ਘਰ ਜਾਂ ਵਿਦੇਸ਼ਾਂ 'ਚ ਬੈਠੇ-ਬਿਠਾਏ ਗੁਰਬਾਣੀ ਸੁਣਨ ਦਾ ਮੌਕਾ ਮਿਲੇਗਾ, ਉੱਥੇ ਉਹ ਆਪਣੇ ਟੈਲੀਵਿਜ਼ਨਾਂ ਜਾਂ ਹੋਰ ਇਲੈਕਟ੍ਰਾਨਿਕ ਉਪਕਰਨਾਂ ਰਾਹੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰ ਕਰ ਸਕਣਗੇ। ਭਗਵੰਤ ਮਾਨ ਨੇ ਕਿਹਾ ਕਿ ਸਾਰੇ ਚੈਨਲਾਂ 'ਤੇ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਨ ਲਈ ਅਤਿ-ਆਧੁਨਿਕ ਉਪਕਰਨ ਲਾਉਣ ਲਈ ਹੋਣ ਵਾਲਾ ਸਾਰਾ ਖ਼ਰਚ ਚੁੱਕਣ ਦਾ ਫ਼ਰਜ਼ ਨਿਭਾਉਣ ਲਈ ਸੂਬਾ ਸਰਕਾਰ ਤਿਆਰ ਹੈ। ਉਨ੍ਹਾਂ ਕਿਹਾ ਕਿ ਹੋਰ ਚੈਨਲਾਂ ਰਾਹੀਂ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਲਈ ਲੋੜਨ ਵਾਲੇ ਆਧੁਨਿਕ ਕੈਮਰਿਆਂ ਤੇ ਪ੍ਰਸਾਰਨ ਉਪਕਰਨਾਂ ਸਣੇ ਸ੍ਰੀ ਦਰਬਾਰ ਸਾਹਿਬ 'ਚ ਆਧੁਨਿਕ ਬੁਨਿਆਦੀ ਢਾਂਚੇ/ਤਕਨਾਲੋਜੀ ਦਾ ਸਮੁੱਚਾ ਖ਼ਰਚ ਚੁੱਕਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਅਫ਼ਸੋਸ ਜਤਾਇਆ ਕਿ ਗੁਰਬਾਣੀ ਦੇ ਮੁਫ਼ਤ ਪ੍ਰਸਾਰਨ ਅਧਿਕਾਰ ਯਕੀਨੀ ਬਣਾਉਣ ਦੀ ਬਜਾਏ ਸ਼੍ਰੋਮਣੀ ਕਮੇਟੀ ਇਕ ਸ਼ਕਤੀਸ਼ਾਲੀ ਸਿਆਸੀ ਪਰਵਾਰ ਨੂੰ ਖ਼ੁਸ਼ ਕਰਨ ਲਈ ਉਸੇ ਚੈਨਲ ਨੂੰ ਮੁੜ ਪ੍ਰਸਾਰਨ ਅਧਿਕਾਰ ਦੇਣ ਲਈ ਰਾਹ ਲੱਭ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਿੰਨੀ ਅਜੀਬ ਗੱਲ ਹੈ ਕਿ ਬਾਦਲਾਂ ਦੇ ਇਸ ਖ਼ਾਸ ਚੈਨਲ ਦਾ ਪੱਖ ਪੂਰਨ ਲਈ ਸ਼੍ਰੋਮਣੀ ਕਮੇਟੀ ਨੇ ਇਕ ਹੋਰ ਕਦਮ ਚੁੱਕਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਜਾਪਦਾ ਹੈ ਕਿ ਇਸ ਪਰਵਾਰ ਅਤੇ ਇਸ ਚੈਨਲ ਦੇ ਲਾਲਚ ਦਾ ਕੋਈ ਅੰਤ ਨਹੀਂ ਹੈ।

### ਹਿੰਸਾ ਖਿਲਾਫ ਜ਼ੋਰਦਾਰ..

ਸੰਸਥਾਵਾਂ, ਮਾਨਵੀ ਕਦਰਾਂ-ਕੀਮਤਾਂ ਦੇ ਪਹਿਰੇਦਾਰ ਇਨਸਾਫਪਸੰਦ ਵਿਅਕਤੀਆਂ ਨੂੰ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਬੀਤੇ ਲੰਮੇ ਅਰਸੇ ਤੋਂ ਮਨੀਪੁਰ ਬਲ ਰਿਹਾ ਹੈ। ਕਤਲੋਗਾਰਤ, ਅਗਜ਼ਨੀ, ਉਜਾੜੇ, ਬੇਪੱਤੀਆਂ ਅਤੇ ਲੁੱਟ-ਖੋਹ ਦਾ ਬਾਜ਼ਾਰ ਗਰਮ ਹੈ। ਸੌੜੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਸਮਾਜ ਅੰਦਰ ਵੰਡੀਆਂ ਪਾਉਣ, ਨਫਰਤ ਭਰੀ ਜ਼ਹਿਰ ਦਾ ਛੱਟਾ ਦੇਣ ਦਾ ਅਪਰਾਧਜਨਕ ਕੰਮ ਕਰਨ ਪਿੱਛੇ ਵਿਸ਼ੇਸ਼ ਕਰਕੇ ਭਾਜਪਾ ਦੀ ਕੇਂਦਰੀ ਹਕੂਮਤ ਦੇ ਚੰਦਰੇ ਮਨਸੂਬੇ ਜੱਗ ਜ਼ਾਹਰ ਹਨ। ਉਹਨਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇਸ਼-ਵਿਦੇਸ਼ ਵਸਦੇ ਸਮੂਹ ਗਦਰੀ ਦੇਸ਼ ਭਗਤ ਸੰਗਰਾਮੀਆਂ ਦੇ ਵਾਰਸਾਂ ਨੂੰ ਜ਼ੋਰਦਾਰ ਅਪੀਲ ਕਰਦੀ ਹੈ ਕਿ ਉਹ ਜਿੱਥੇ ਕਿਤੇ ਵੀ ਹਨ, ਜ਼ੋਰਦਾਰ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ।


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

22-July-PAGE-3.qxd 7/21/2023 10:51 PM Page 1



# ਪ੍ਰਸ਼ਾਸਨ ਦੀ ਚੌਕਸੀ ਨਾਲ ਦੋ ਹਫ਼ਤਿਆਂ ਦੌਰਾਨ ਸਰਹੱਦੀ ਖੇਤਰ 'ਚ ਦੋ ਵਾਰ ਹੜ੍ਹ ਦਾ ਖ਼ਤਰਾ ਟਲਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਪਿਛਲੇ ਦੋ ਹਫ਼ਤਿਆਂ ਦੌਰਾਨ ਦਰਿਆ ਰਾਵੀ ਵਿੱਚ ਦੋ ਵਾਰ ਆਏ ਭਾਰੀ ਪਾਣੀ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੀਤੇ ਗਏ ਅਗਾਊਂ ਹੜ੍ਹ ਰੋਕੂ ਪ੍ਰਬੰਧਾਂ ਸਦਕਾ ਸਰਹੱਦੀ ਖੇਤਰ ਵਿੱਚ ਹੜ੍ਹਾਂ ਦਾ ਵੱਡਾ ਖ਼ਤਰਾ ਟਲ ਗਿਆ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਇਸ ਹੰਗਾਮੀ ਸਥਿਤੀ ਵਿੱਚ ਰਾਹਤ ਤੇ ਬਚਾਅ ਕਾਰਜਾਂ ਦੀ ਖੁਦ ਅਗਵਾਈ ਕੀਤੀ ਗਈ ਅਤੇ ਫਲੱਡ ਮੈਨੇਜਮੈਂਟ ਦੀਆਂ ਸਾਰੀਆਂ ਟੀਮ ਨੇ ਇਸ ਆਫ਼ਤ ਨੂੰ ਰੋਕਣ ਵਿੱਚ ਅਹਿਮ ਯੋਗਦਾਨ ਪਾਇਆ ਹੈ।



ਇਸ ਮਹੀਨੇ 8 ਜੁਲਾਈ ਨੂੰ ਪਹਿਲੀ ਵਾਰ ਉੱਜ ਦਰਿਆ ਰਾਹੀਂ 2 ਲੱਖ ਕਿਊਸਿਕ ਪਾਣੀ ਰਾਵੀ ਦਰਿਆ ਵਿੱਚ ਆ ਕੇ ਮਿਲਿਆ ਸੀ, ਜਿਸ ਤੋਂ ਬਾਅਦ ਦਰਿਆ ਰਾਵੀ ਦਾ ਪੱਧਰ ਬਹੁਤ ਜ਼ਿਆਦਾ ਵੱਧ ਗਿਆ ਸੀ। ਇਸੇ ਦਿਨ ਜ਼ਿਲ੍ਹਾ ਗੁਰਦਾਸਪੁਰ ਸਮੇਤ ਪੂਰੇ ਪੰਜਾਬ ਵਿੱਚ ਭਾਰੀ ਬਾਰਸ਼ ਵੀ ਹੋ ਰਹੀ ਸੀ। ਇੱਕ ਭਾਰੀ ਬਰਸਾਤ ਦਾ ਪਾਣੀ ਅਤੇ ਉਪਰੋਂ 2 ਲੱਖ ਕਿਊਸਿਕ ਪਾਣੀ ਉੱਜ ਦਰਿਆ 'ਚੋਂ ਆਉਣ ਕਰਕੇ ਰਾਵੀ ਦਰਿਆ ਦੇ ਪਾਣੀ ਦਾ ਪੱਧਰ ਕਾਫੀ ਵੱਧ ਅਤੇ ਨੇੜਲੇ ਖੇਤਰ ਵਿੱਚ ਹਲਾਤ ਨਾਜ਼ੁਕ ਬਣ ਗਏ ਸਨ। ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਸਿਵਲ ਅਤੇ ਪੁਲਸ ਵਿਭਾਗ ਦੀਆਂ ਟੀਮਾਂ ਨੇ ਬੀ.ਐੱਸ.ਐੱਫ ਦੇ ਸਹਿਯੋਗ ਨਾਲ ਤੁਰੰਤ ਰਾਵੀ ਕਿਨਾਰੇ ਲੋਕਾਂ ਨੂੰ ਚੌਕਸ ਕਰਦਿਆਂ ਉਨ੍ਹਾਂ ਨੂੰ ਪਾਣੀ ਚੜ੍ਹਨ ਤੋਂ ਪਹਿਲਾਂ ਨੀਵੇਂ ਇਲਾਕਿਆਂ 'ਚੋਂ ਸੁਰੱਖਿਅਤ ਬਾਹਰ ਕੱਢ ਲਿਆ। ਇਸਦੇ ਨਾਲ ਹੀ ਜਿਥੇ ਕਿਤੇ ਧੁੱਸੀ ਬੰਨ ਨੂੰ ਖੋਰਾ ਲੱਗਣ ਦਾ ਖ਼ਤਰਾ ਸੀ ਉਸਨੂੰ ਠੀਕ ਕੀਤਾ ਗਿਆ। ਇਸਦੇ ਨਾਲ ਹੀ ਭਾਰੀ ਬਰਸਾਤ ਕਾਰਨ ਸ਼ਹਿਰਾਂ ਦੇ ਨੀਵੇਂ ਇਲਾਕਿਆਂ ਵਿੱਚ ਵੀ ਪਾਣੀ ਭਰ ਗਿਆ ਸੀ ਓਥੇ ਵੀ ਪ੍ਰਸ਼ਾਸਨ ਦੀਆਂ ਟੀਮਾਂ ਨੇ ਵਰ੍ਹਦੇ ਮੀਂਹ ਵਿੱਚ ਪਾਣੀ ਦੀ ਨਿਕਾਸੀ ਬਹਾਲ ਕਰਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ। ਇਸੇ ਹਫ਼ਤੇ 19 ਜੁਲਾਈ ਨੂੰ ਇੱਕ ਵਾਰ ਫਿਰ ਉੱਜ ਦਰਿਆ ਵਿਚੋਂ 2.60 ਲੱਖ ਕਿਊਸਿਕ ਪਾਣੀ ਰਾਵੀ ਦਰਿਆ ਵਿੱਚ ਛੱਡਿਆ ਗਿਆ। ਇਸ ਤੋਂ ਇਲਾਵਾ ਰਣਜੀਤ ਸਾਗਰ ਡੈਮ ਤੋਂ ਵੀ ਕੁਝ ਪਾਣੀ ਰਾਵੀ ਵਿੱਚ ਆ ਰਿਹਾ ਸੀ ਜਿਸ ਕਰਕੇ ਰਾਵੀ ਵਿੱਚ 3 ਲੱਖ ਕਿਊਸਿਕ ਪਾਣੀ ਦਾ ਵਹਾਅ ਹੋ ਗਿਆ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਾਜ਼ੁਕ ਸਥਿਤੀ ਨੂੰ ਭਾਂਪਦਿਆਂ ਤੁਰੰਤ ਰਾਵੀ ਦਰਿਆ ਨੇੜੇ ਰਹਿੰਦੀ ਵਸੋਂ ਨੂੰ ਚੌਕਸ ਕਰਦਿਆਂ ਬਚਾਅ ਅਤੇ ਰਾਹਤ ਕਾਰਜ ਅਰੰਭ ਕਰ ਦਿੱਤੇ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਹੜ੍ਹ ਤੋਂ ਪ੍ਰਭਾਵਤ ਹੋਣ ਵਾਲੇ ਹਰ ਪਿੰਡ ਤੱਕ ਤੁਰੰਤ ਪਹੁੰਚ ਕਰਕੇ ਜਰੂਰੀ ਕਦਮ ਚੁੱਕੇ। ਦਰਿਆ ਕੰਢੇ ਵਸੇ ਵੱਡੀ ਗਿਣਤੀ ਵਿੱਚ ਗੁੱਜਰ ਪਰਿਵਾਰਾਂ ਨੂੰ ਉਨ੍ਹਾਂ ਦੇ ਮਾਲ-ਡੰਗਰ ਸਮੇਤ ਸੁਰੱਖਿਅਤ ਬਾਹਰ ਕੱਢਿਆ ਗਿਆ। ਲੋਕਾਂ ਨੂੰ ਸਾਰੀ ਸਥਿਤੀ ਦੀ ਜਾਣਕਾਰੀ ਦੇਣ ਦੇ ਨਾਲ ਹੜ੍ਹ ਪ੍ਰਭਾਵਤ ਸਾਰੇ ਖੇਤਰ ਦੀ ਨੇੜੇ ਤੋਂ ਨਿਗਰਾਨੀ ਕੀਤੀ ਗਈ। ਇਸ ਹੰਗਾਮੀ ਸਥਿਤੀ ਵਿੱਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਿਮਾ, ਐੱਸ.ਐੱਸ.ਪੀ. ਬਟਾਲਾ ਮੈਡਮ ਅਸ਼ਵਨੀ ਗੋਤਿਆਲ, ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਰਵਿੰਦਰਪਾਲ ਸਿੰਘ ਸੰਧੂ, ਐੱਸ.ਡੀ.ਐੱਮ. ਦੀਨਾਨਗਰ ਸ੍ਰੀ ਅਰਵਿੰਦ ਕੁਮਾਰ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਸ੍ਰੀ ਅਸ਼ਵਨੀ ਅਰੋੜਾ, ਐੱਸ.ਡੀ.ਐੱਮ. ਗੁਰਦਾਸਪੁਰ ਸ੍ਰੀਮਤੀ ਅਮਨਦੀਪ ਕੌਰ ਘੁੰਮਣ, ਐੱਸ.ਡੀ.ਐੱਮ. ਬਟਾਲਾ ਸ੍ਰੀਮਤੀ ਸ਼ਾਇਰੀ ਮਲਹੋਤਰਾ ਸਮੇਤ ਸਮੂਹ ਅਧਿਕਾਰੀਆਂ ਤੇ ਕਰਮਚਾਰੀ ਵੱਲੋਂ ਦਿਨ-ਰਾਤ ਮਿਹਨਤ ਕਰਕੇ ਹੜ੍ਹ ਦੇ ਖ਼ਤਰੇ ਨੂੰ ਟਾਲਿਆ ਗਿਆ। ਇਸ ਦੌਰਾਨ ਬੀ.ਐੱਸ.ਐੱਫ. ਦੇ ਜਵਾਨਾਂ ਵੱਲੋਂ ਵੀ ਰਾਹਤ ਕਾਰਜਾਂ ਵਿੱਚ ਪੂਰਾ ਸਹਿਯੋਗ ਦਿੱਤਾ ਗਿਆ। ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੀ ਸਮੁੱਚੀ ਟੀਮ ਨੂੰ ਹੜ੍ਹ ਰੋਕੂ ਪ੍ਰਬੰਧਾਂ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਸ਼ਾਬਾਸ਼ੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਚਿਰ ਬਰਸਾਤੀ ਸੀਜ਼ਨ ਚੱਲ ਰਿਹਾ ਹੈ ਓਦੋਂ ਤੱਕ ਹੜ੍ਹਾਂ ਦਾ ਖ਼ਤਰਾ ਬਰਕਰਾਰ ਹੈ, ਇਸ ਲਈ ਹੜ੍ਹ ਰੋਕੂ ਪ੍ਰਬੰਧਾਂ ਵਿੱਚ ਲੱਗੀਆਂ ਸਾਰੀਆਂ ਟੀਮਾਂ ਇਸੇ ਤਰ੍ਹਾਂ ਚੌਕਸ ਤੇ ਕੰਮ ਕਰਦੀਆਂ ਰਹਿਣ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਦਰਿਆਵਾਂ ਦੇ ਨੇੜੇ ਆਪ ਖੁਦ ਅਤੇ ਆਪਣੇ ਪਸ਼ੂਆਂ ਨਾ ਲੈ ਕੇ ਜਾਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਹੜ੍ਹਾਂ ਦੇ ਸੰਭਾਵੀ ਖ਼ਤਰੇ ਨੂੰ ਲੈ ਕੇ ਬਿਲਕੁਲ ਨਾ ਘਬਰਾਉਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਹੜ੍ਹ ਰੋਕੂ ਪ੍ਰਬੰਧਾਂ ਸਬੰਧੀ ਪੂਰੀ ਤਿਆਰੀ ਹੈ। ਉਨ੍ਹਾਂ ਕਿਹਾ ਕਿ ਦਰਿਆਵਾਂ ਨੇੜੇ ਰਹਿੰਦੇ ਲੋਕ ਚੌਕਸ ਰਹਿਣ ਅਤੇ ਜਦੋਂ ਵੀ ਕਿਸੇ ਨੂੰ ਲੋੜ ਮਹਿਸੂਸ ਹੋਵੇ ਉਹ ਫਲੱਡ ਕੰਟਰੋਲ ਰੂਮ ਦੇ ਨੰਬਰ 01874-266376 ਜਾਂ ਟੋਲ ਫਰੀ ਨੰਬਰ 1800-180-1852 'ਤੇ ਸੰਪਰਕ ਕਰ ਸਕਦੇ ਹਨ।

## ਭਾਈ ਗੁਰਦਾਸ ਸਕੂਲ ਲੱਖਣ ਕਲਾਂ ਨੇ ਹੜ੍ਹ ਪੀੜਤਾਂ ਲਈ ਭੇਜੀ ਮਦਦ

**ਕਲਾਨੌਰ, (ਮਨਦੀਪ ਕੁਮਾਰ)**-ਹਿਮਾਚਲ ਅਤੇ ਪੰਜਾਬ ਵਿੱਚ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਦਰਿਆਵਾਂ ਅਤੇ ਡੈਮਾਂ ਵਿਚ ਲਗਾਤਾਰ ਪਾਣੀ ਦਾ ਪੱਧਰ ਵੱਧਦਾ ਹੀ ਜਾ ਰਿਹਾ ਹੈ ਜਿਸ ਕਾਰਨ ਮਜਬੂਰਨ ਸਰਕਾਰ ਨੂੰ ਫਲੱਡ ਗੇਟ ਖੋਲ੍ਹਣੇ ਪੈ ਰਹੇ ਹਨ ਜਿਸ ਕਾਰਨ ਪਿੰਡਾਂ ਅਤੇ ਸ਼ਹਿਰਾਂ ਵਿੱਚ ਹੜ੍ਹ ਆ ਗਏ ਹਨ। ਇਸ ਨਾਲ ਜਿੱਥੇ ਲੋਕਾਂ ਅਤੇ ਬੇਜ਼ੁਬਾਨਾਂ ਨੂੰ ਹੜ੍ਹ ਦੀ ਮਾਰ ਚੱਲਣੀ ਪੈ ਰਹੀ ਹੈ। ਕਿੰਨੇ ਹੀ ਹੱਥ ਮਦਦ ਲਈ ਅੱਗੇ ਆ ਰਹੇ ਹਨ, ਕੋਈ ਪਸ਼ੂਆਂ ਲਈ ਚਾਰੇ ਦਾ ਲੰਗਰ ਲਗਾ ਰਿਹਾ ਹੈ ਅਤੇ ਕੋਈ ਰਾਸ਼ਨ ਦਾ ਲੰਗਰ ਲਗਾ ਰਿਹਾ ਹੈ। ਇਸ ਸੰਕਟ ਦੀ ਘੜੀ 'ਚ ਪੰਜਾਬ ਵਿੱਚ ਆਏ ਹੜ੍ਹ ਪੀੜਤਾਂ ਦੀ ਮੱਦਦ ਲਈ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਬੀਰ ਸਿੰਘ ਕਾਹਲੋਂ, ਮੈਡਮ ਬਲਜਿੰਦਰ ਕੌਰ ਕਾਹਲੋਂ ਦੀ ਸਮੂਹ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ ਵੱਲੋਂ ਸਿੱਖ ਵੈੱਲਫੇਅਰ ਸੁਸਾਇਟੀ ਧਾਰੀਵਾਲ ਨੂੰ ਸੁਸਾਇਟੀ ਦੇ ਮੈਂਬਰ ਅਤੇ ਸਕੂਲ ਦੇ ਟੀਚਰ ਮਨਜਿੰਦਰ ਪਾਲ ਸਿੰਘ ਰਾਹੀਂ ਸੇਵਾ ਭੇਜੀ ਗਈ। ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਨੇ ਕਿਹਾ ਕਿ ਇਹ ਸੇਵਾ ਫਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪੀੜਤਾਂ ਲਈ ਪਹੁੰਚਾਈ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਇਸ ਔਖੀ ਘੜੀ ਵਿੱਚ ਸਭ ਨੂੰ ਮਿਲ ਕੇ ਇੱਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਲੀ ਮਦਦ ਸਮੂਹ ਸਟਾਫ ਵੱਲੋਂ ਰਲ ਕੇ ਕੀਤੀ ਗਈ ਹੈ ਜਿਸ ਵਿੱਚ ਮੈਡਮ ਜਗਬੀਤ ਕੌਰ, ਮੈਡਮ ਜਗਰੂਪ ਕੌਰ, ਸ਼ਿਵਪਾਲ ਸਿੰਘ, ਰਜਿੰਦਰ ਸਿੰਘ, ਹਰਪ੍ਰੀਤ ਕੌਰ, ਸੁਖਜੀਤ ਕੌਰ, ਰਣਜੀਤ ਕੌਰ, ਐਸ. ਪੀ. ਸਿੰਘ, ਨਵਦੀਪ ਕੌਰ, ਬਲਜੀਤ ਕੌਰ ਅਤੇ ਕੁਲਬੀਰ ਕੌਰ ਆਦਿ ਅਤੇ ਸਮੂਹ ਸਟਾਫ ਸ਼ਾਮਿਲ ਸੀ।



# ਮਨੀਪੁਰ 'ਚ ਵਾਪਰੇ ਸ਼ਰਮਨਾਕ ਕਾਰੇ ਦੇ ਦੋਸ਼ੀਆਂ 'ਤੇ ਤੁਰੰਤ ਕਾਰਵਾਈ ਦੀ ਮੰਗ



**ਅੰਮ੍ਰਿਤਸਰ (ਜਸਬੀਰ ਸਿੰਘ ਪਟੀ)**

ਫ਼ੋਕਲੋਰ ਰਿਸਰਚ ਅਕਾਦਮੀ (ਰਜਿ.) ਅੰਮ੍ਰਿਤਸਰ ਅਤੇ ਪ੍ਰਗਤੀਸ਼ੀਲ ਲੇਖਕ ਸੰਘ (ਅੰਮ੍ਰਿਤਸਰ ਇਕਾਈ) ਦੇ ਮੈਂਬਰਾਂ ਨੇ ਇਕ ਸਾਂਝੀ ਮੀਟਿੰਗ ਵਿੱਚ ਮਨੀਪੁਰ ਦੇ ਕੰਗਕਪੋਕੀ ਜ਼ਿਲ੍ਹੇ ਵਿੱਚ ਦੋ ਔਰਤਾਂ ਨੂੰ ਨਿਰਵਸਤਰ ਕਰ ਕੇ ਘੁੰਮਾਉਣ ਅਤੇ ਉਨ੍ਹਾਂ ਨਾਲ ਬਦਸਲੂਕੀ ਕਰਨ ਦੀ ਵਾਇਰਲ ਵੀਡਿਓ ਨੂੰ ਬੇਹੱਦ ਸ਼ਰਮਨਾਕ ਕਾਰਾ ਕਰਾਰ ਦੇਂਦੇ ਹੋਏ ਇਸ ਘਟਨਾ ਦੀ ਪੁਰਜ਼ੋਰ ਨਿਖੇਧੀ ਕੀਤੀ ਅਤੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਲਈ ਕੇਂਦਰ ਸਰਕਾਰ ਨੂੰ ਅਪੀਲ ਕੀਤੀ। ਇਸ ਸਬੰਧ ਵਿੱਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਕਿਹਾ ਕਿ 4 ਮਈ ਨੂੰ ਵਾਪਰੀ ਇਸ ਘਿਨਾਉਣੀ ਘਟਨਾ ਨੂੰ ਅਤੇ ਸਮੁੱਚੇ ਮਨੀਪੁਰ ਨੂੰ ਫਿਰਕੂ ਅੱਗ ਵਿੱਚ ਝੁਲਸਦਿਆਂ ਢਾਈ ਮਹੀਨੇ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ ਪਰ ਨਾ ਤਾਂ ਮਨੀਪੁਰ ਸੂਬਾ ਸਰਕਾਰ ਤੇ ਨਾ ਹੀ ਕੇਂਦਰ ਦੀ ਸਰਕਾਰ ਨੇ ਇਸ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਿਆ ਹੈ। ਅਕਾਦਮੀ ਨੇ ਸੁਪਰੀਮ ਕੋਰਟ ਵੱਲੋਂ ਇਸ ਬਾਰੇ ਸੰਗਿਆਨ ਲੈ ਕੇ 28 ਜੁਲਾਈ ਤੱਕ ਕੇਂਦਰ ਸਰਕਾਰ ਕੋਲੋਂ ਜੁਆਬ ਮੰਗੇ ਜਾਣ 'ਤੇ ਤਸੱਲੀ ਪ੍ਰਗਟਾਈ। ਸਾਰੇ ਮੈਂਬਰਾਂ ਨੇ ਪੁਰਜ਼ੋਰ ਆਵਾਜ਼ ਵਿੱਚ ਇਸ ਘਟਨਾ ਨੂੰ ਇਕ ਸੱਭਿਅਕ ਸਮਾਜ ਦੇ ਮੱਥੇ 'ਤੇ ਕਲੰਕ ਦਰਸਾਉਂਦਿਆਂ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲਾ ਕਾਰਾ ਆਖਿਆ ਅਤੇ ਤਿੱਖੇ ਰੋਸ ਦਾ ਪ੍ਰਗਟਾਵਾ ਕੀਤਾ। ਇਸ ਮੀਟਿੰਗ ਵਿੱਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਜਨਰਲ ਸਕੱਤਰ ਸਤੀਸ਼ ਝੀਂਗਣ, ਓਂਕਾਰ ਸਿੰਘ, ਹਰਜੀਤ ਸਿੰਘ ਸਰਕਾਰੀਆ, ਦਿਲਬਾਗ ਸਿੰਘ ਸਰਕਾਰੀਆ, ਜਸਵੰਤ ਸਿੰਘ ਰੰਧਾਵਾ, ਹਰੀਸ਼ ਸਾਬਰੀ, ਕਮਲ ਗਿੱਲ, ਇੰਦਰਾ ਵਿਰਕ, ਕਰਮਜੀਤ ਕੌਰ ਜੱਸਲ, ਗੁਰਜਿੰਦਰ ਸਿੰਘ ਬਘਿਆੜੀ, ਮਨਜੀਤ ਸਿੰਘ ਧਾਲੀਵਾਲ ਅਤੇ ਜਗਰੂਪ ਸਿੰਘ ਐਮਾ ਸ਼ਾਮਿਲ ਹੋਏ।

## ਮਨੀਪੁਰ ਦੀ ਸ਼ਰਮਸਾਰ ਘਟਨਾ ਖਿਲਾਫ ਇਸਤਰੀ ਜਾਗ੍ਰਿਤੀ ਮੰਚ ਵੱਲੋਂ ਥਾਂ-ਥਾਂ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ

**ਭਿੱਖੀਵਿੰਡ (ਨ ਜ਼ ਸ)**

3 ਮਈ ਨੂੰ ਮੇਤੇਈ ਤੇ ਕੁੱਕੀ ਕਬੀਲਿਆਂ ਵਿੱਚ ਭੜਕੀ ਹਿੰਸਾ ਦੇ ਚਲਦਿਆਂ 4 ਮਈ ਕੁੱਕੀ ਕਬੀਲੇ ਨਾਲ ਸਬੰਧਿਤ ਮਨੀਪੁਰ ਵਿੱਚ ਔਰਤਾਂ ਦੀ ਹੋਈ ਬੇਪੱਤੀ ਦੇ ਭਿਅੰਕਰ ਅਤੇ ਦਿਲ ਦਹਿਲਾਉਣ ਵਾਲੇ ਵੀਡੀਓ ਦੀ ਘਟਨਾ ਤੇ ਇਸਤ੍ਰੀ ਜਾਗ੍ਰਿਤੀ ਮੰਚ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਇਸਤਰੀ ਜਾਗ੍ਰਿਤੀ ਮੰਚ ਦੇ ਪ੍ਰਧਾਨ ਗੁਰਬਖਸ ਕੌਰ ਸੰਘਾ ਤੇ ਸੂਬਾ ਪ੍ਰੈੱਸ ਸਕੱਤਰ ਜਸਵੀਰ ਕੌਰ ਨੇ ਕਿਹਾ ਕਿ ਹਮੇਸ਼ਾ ਤੋਂ ਹੀ ਦੰਗਿਆਂ, ਯੁੱਧਾਂ ਅਤੇ ਖੂਨ ਖਰਾਬੇ ਵਿੱਚ ਔਰਤਾਂ ਨੂੰ ਸ਼ਿਕਾਰ ਬਣਾਉਣਾ ਸਮਾਜ ਵਿਚਲੀ ਹਿੰਸਕ ਮਰਦ ਪ੍ਰਧਾਨ ਸੋਚ ਦਾ ਸਿੱਟਾ ਹੈ। ਮਰਦਾਵੀਂ ਸੋਚ ਹਿੰਸਾ ਦੇ ਨਿਸ਼ਾਨ ਹਮੇਸ਼ਾ ਔਰਤਾਂ ਦੇ ਸਰੀਰਾਂ ਤੇ ਉੱਕਰਦੀ ਹੈ। ਮਨੀਪੁਰ ਵਿੱਚ ਔਰਤਾਂ ਨਾਲ ਹੋਈ ਵਧੀਕੀ ਦੇ ਇੰਨੇ ਸਮੇਂ ਬਾਅਦ ਵੀ ਦੋਸ਼ੀਆਂ ਉੱਤੇ ਕਾਰਵਾਈ ਨਾ ਕਰਨਾ ਭਾਜਪਾ ਦੀ ਔਰਤ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਆਸਫਾ ਕਾਂਡ, ਬਿਲਕੀਸ ਬਾਨੋ ਕੇਸ, ਪਹਿਲਵਾਨਾਂ ਦੇ ਖਿਲਾਫ ਹੋਏ ਅਪਰਾਧਾਂ ਨੇ ਭਾਜਪਾ ਦਾ ਔਰਤ ਵਿਰੋਧੀ ਚਿਹਰਾ ਨੰਗਾ ਕੀਤਾ ਹੈ। ਔਰਤਾਂ ਦੀ ਪਛਾਣ ਨੂੰ ਜਨਤਕ ਕਰਨਾ ਵੀ ਦੁਸ਼ਟਤਾ ਵਾਲੇ ਅਪਰਾਧਾਂ ਦੀ ਸੂਚੀ ਵਿੱਚ ਆਉਂਦਾ ਹੈ। ਮਨੀਪੁਰ ਦੀ ਭਾਜਪਾ ਸਰਕਾਰ ਅਤੇ ਉਸ ਦਾ ਮੁੱਖ ਮੰਤਰੀ ਬੀਰੇਨ ਸਿੰਘ ਘਿਨੌਣੇ ਅਪਰਾਧ ਲਈ ਜ਼ਿੰਮੇਵਾਰ ਹਨ ਕਿਉਂਕਿ ਪੁਲਸ ਨੇ ਹਾਲੇ ਤੱਕ ਸਿਰਫ ਜ਼ੀਰੋ ਐਫਆਈਆਰ ਕੀਤੀ ਹੈ। ਇਸਤ੍ਰੀ ਜਾਗ੍ਰਿਤੀ ਮੰਚ ਇਸ ਸਮੇਂ ਮੰਗ ਕੀਤੀ ਕਿ ਔਰਤਾਂ ਖਿਲਾਫ ਹੋਏ ਅਪਰਾਧ ਨੂੰ ਫਾਸਟ ਟਰੈਕ ਅਦਾਲਤ ਵਿੱਚ ਫੌਰੀ ਦੋਸ਼ੀ ਖਿਲਾਫ ਕਾਰਵਾਈ ਕਰਦੇ ਹੋਏ ਬਣਦੀ ਸਜ਼ਾ ਦੇਣੀ ਚਾਹੀਦੀ ਹੈ। ਮਨੀਪੁਰ ਦੇ ਮੁੱਖ ਮੰਤਰੀ ਬੀਰੇਨ ਸਿੰਘ ਨੂੰ ਉਸਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ। ਇਸ ਘਟਨਾ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ 'ਤੇ ਬਣਦੀ ਕਾਰਵਾਈ ਅਤੇ ਸੂਬੇ ਵਿਚ ਸ਼ਾਂਤੀ ਬਹਾਲ ਕੀਤੇ ਜਾਣ ਦੀ ਮੰਗ ਕੀਤੀ। ਇਸ ਸਮੇਂ ਉਨ੍ਹਾਂ ਕਿਹਾ ਕਿ ਇਸਤਰੀ ਜਾਗ੍ਰਿਤੀ ਮੰਚ ਵੱਲੋਂ ਵੱਖ-ਵੱਖ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਸ ਸਮੇਂ ਉਨ੍ਹਾਂ ਨੇ ਸਮੂਹ ਇਨਸਾਫ ਪਸੰਦ ਲੋਕਾਂ ਨੂੰ ਇਸ ਘਟਨਾ ਦਾ ਡਟਵਾਂ ਵਿਰੋਧ ਕਰਨ ਦੀ ਅਪੀਲ ਕੀਤੀ।

## ਸਰਕਾਰ ਪੇ ਕਮਿਸ਼ਨ ਦਾ ਬਕਾਇਆ ਤੇ ਡੀ ਏ ਦੀਆਂ ਕਿਸ਼ਤਾਂ ਜਲਦ ਜਾਰੀ ਕਰੇ : ਲਾਲਪੁਰਾ, ਢੋਟੀਆਂ

**ਪੱਟੀ, (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)** - ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਦੀ ਇੱਕ ਮੀਟਿੰਗ ਅਜੀਤ ਸਿੰਘ ਫਤਹਿ ਚੱਕ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਤਹਿਸੀਲ ਤਰਨ ਤਾਰਨ ਦੇ ਕੈਸ਼ੀਅਰ ਜਗਦੀਸ਼ ਸਿੰਘ ਬੇਦੀ ਦੇ ਅਚਾਨਕ ਸਵਰਗਵਾਸ ਹੋ ਜਾਣ 'ਤੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਤਹਿਸੀਲ ਤਰਨ ਤਾਰਨ ਦੇ ਪ੍ਰਧਾਨ ਹਰਸੁਖਦੇਵ ਸਿੰਘ ਅਤੇ ਜਗੀਰ ਸਿੰਘ ਚੁਤਾਲਾ ਨੇ ਸਰਕਾਰ ਪਾਸੋਂ ਬਕਾਏ ਅਤੇ ਡੀ ਏ ਦੀ ਪੁਰਜ਼ੋਰ ਮੰਗ ਕੀਤੀ। ਰਛਪਾਲ ਸਿੰਘ ਰੰਧਾਵਾ ਅਤੇ ਜਗਤਾਰ ਸਿੰਘ ਆਸਲ ਨੇ ਜਥੇਬੰਦੀ ਦੀ ਹੋਰ ਮਜ਼ਬੂਤੀ ਲਈ ਆਪਣੇ ਵਿਚਾਰ ਰੱਖੇ। ਦਵਿੰਦਰ ਸਿੰਘ ਭਾਈ ਅਤੇ ਸਰਵਣ ਸਿੰਘ ਰਸੂਲਪੁਰ ਨੇ ਸੰਘਰਸ਼ ਤੇਜ਼ ਕਰਨ ਲਈ ਸਾਥੀਆਂ ਨੂੰ ਅਪੀਲ ਕੀਤੀ। ਸ੍ਰਪਰਸਤ ਕੁਲਵੰਤ ਸਿੰਘ ਢੋਟੀਆਂ ਤੇ ਕੈਸ਼ੀਅਰ ਕੁਲਵੰਤ ਸਿੰਘ ਤਰਨ ਤਾਰਨ ਨੇ ਵਿਕਾਸ ਦੇ ਨਾਂਅ 'ਤੇ 200 ਰੁਪਏ ਦਾ ਸਰਕਾਰੀ ਫਰਮਾਨ ਜਾਰੀ ਹੋਣ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਜ਼ਿਲ੍ਹੇ ਭਰ ਤੋਂ ਆਏ ਲੋੜਵੰਦ ਪੈਨਸ਼ਨਰ ਸਾਥੀਆਂ ਦੇ ਕੰਮਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾਇਆ ਗਿਆ। ਪੈਨਸ਼ਨਰ ਸਾਥੀਆਂ ਨੂੰ ਆਪਣੇ ਕੰਮਕਾਰ ਲਈ ਜ਼ਿਲ੍ਹਾ ਕਮੇਟੀ ਤੇ ਤਹਿਸੀਲ ਕਮੇਟੀਆਂ ਨਾਲ ਸੰਪਰਕ ਰੱਖਣ ਦੀ ਅਪੀਲ ਕੀਤੀ ਗਈ ਤਾਂ ਕਿ ਪੈਨਸ਼ਨਰ ਨੂੰ ਕੋਈ ਮੁਸ਼ਕਲ ਨਾ ਆਵੇ। ਹੋਰਨਾਂ ਤੋਂ ਇਲਾਵਾ ਰਛਪਾਲ ਸਿੰਘ ਰਸੂਲਪੁਰ, ਸੁਰਜੀਤ ਸਿੰਘ ਚੁਤਾਲਾ, ਜਗੀਰ ਸਿੰਘ, ਕੁਲਦੀਪ ਸਿੰਘ, ਜੁਗਿੰਦਰ ਸਿੰਘ ਸੇਰੋਂ, ਸੁਖਦੇਵ ਸਿੰਘ ਤਰਨ ਤਾਰਨ ਅਤੇ ਸ੍ਰਪਰਸਤ ਪੱਟੀ ਗੁਪਾਲ ਸਿੰਘ ਹਾਜ਼ਰ ਸਨ। ਜ਼ਿਲ੍ਹਾ ਪ੍ਰਧਾਨ ਤੇ ਸਮੀਰ ਸਿੰਘ ਲਾਲਪੁਰਾ ਨੇ ਆਏ ਪੈਨਸ਼ਨਰਾਂ ਦਾ ਧੰਨਵਾਦ ਕੀਤਾ।



## ਗੁਰਮੀਤ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ 'ਤੇ ਸ਼੍ਰੋਮਣੀ ਕਮੇਟੀ ਨੇ ਕੀਤਾ ਇਤਰਾਜ਼ ਪ੍ਰਗਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਕਤਲ ਤੇ ਬਲਾਤਕਾਰ ਵਰਗੇ ਸੰਗੀਨ ਦੋਸ਼ਾਂ ਤਹਿਤ ਜੇਲ੍ਹ 'ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਵਾਰ ਮੁੜ 30 ਦਿਨ ਦੀ ਪੈਰੋਲ ਮਿਲਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਸਰਕਾਰਾਂ ਦੀ ਇਹ ਦੋਹਰੀ ਨੀਤੀ ਸਿੱਖਾਂ ਅੰਦਰ ਬੇਵਿਸ਼ਵਾਸੀ ਤੇ ਬੇਗਾਨਗੀ ਦਾ ਮਾਹੌਲ ਸਿਰਜ ਰਹੀ ਹੈ ਜੇਕਰ ਕਾਤਲ ਅਤੇ ਬਲਾਤਕਾਰ ਦੇ ਸੰਗੀਨ ਜੁਲਮਾਂ ਦੇ ਦੋਸ਼ੀ ਸੌਦਾ ਸਾਧ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਸਕਦੀ ਹੈ ਤਾਂ ਫਿਰ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਸੇ ਤੋਂ ਸਿੱਖ ਕੌਮ ਵੱਲੋਂ ਉਠਾਈ ਜਾ ਰਹੀ ਅਵਾਜ਼ ਸਰਕਾਰਾਂ ਨੂੰ ਕਿਉਂ ਨਹੀਂ ਸੁਣਾਈ ਦੇ ਰਹੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਰਕਾਰਾਂ ਵੱਲੋਂ ਆਪਣੇ ਸਿਆਸੀ ਹਿੱਤਾਂ ਲਈ ਗੁਰਮੀਤ ਰਾਮ ਰਹੀਮ ਦੇ ਘਿਨੌਣੇ ਅਪਰਾਧਾਂ ਨੂੰ ਅੱਖੋਂ-ਓਹਲੇ ਕਰਕੇ ਉਸ ਨੂੰ ਬਾਰ-ਬਾਰ ਛੱਡਿਆ ਜਾ ਰਿਹਾ ਹੈ। ਸਰਕਾਰਾਂ ਦੀ ਅਜਿਹੀ ਨੀਤੀ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਵਾਲੀ ਹੈ, ਜੋ ਦੇਸ਼ ਲਈ ਠੀਕ ਨਹੀਂ ਹੈ ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਦੀ ਪੈਰੋਲ ਨੂੰ ਤੁਰੰਤ ਰੱਦ ਕਰਕੇ ਉਸ ਨੂੰ ਜੇਲ੍ਹ ਵਿਚ ਬੰਦ ਕੀਤਾ ਜਾਵੇ।

# ਪਾਰੋਵਾਲ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਵਿਸ਼ੇਸ਼ ਕੈਂਪ ਲੱਗਾ

**ਬਟਾਲਾ (ਡਾ. ਮਲਵਿੰਦਰ ਸਿੰਘ)**

ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲੋਕਾ ਦੀਆਂ ਮੁਸ਼ਕਲਾਂ ਹੱਲ ਕਰਨ ਦੇ ਮੰਤਵ ਨਾਲ ਪਿੰਡ ਪਾਰੋਵਾਲ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ ਵਿੱਚ ਨਾਇਬ ਤਹਿਸੀਲਦਾਰ ਲਖਵਿੰਦਰ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਕੈਂਪ ਵਿੱਚ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਹੱਲ ਕਰਨ ਦਾ ਭਰੋਸਾ ਦਿੱਤਾ। ਕੈਂਪ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਨਾਇਬ ਤਹਿਸੀਲਦਾਰ ਲਖਵਿੰਦਰ ਸਿੰਘ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਸ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਵਲੋਂ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਯੋਗ ਲਾਭਪਾਤਰੀਆਂ ਨੂੰ ਭਲਾਈ ਸਕੀਮਾਂ ਦਾ ਲਾਭ ਮੌਕੇ ਤੇ ਦਿੱਤਾ ਜਾਂਦਾ ਹੈ। ਉਨਾਂ ਅੱਗੇ ਕਿਹਾ ਕਿ ਇਸ ਕੈਂਪ ਵਿੱਚ ਲੋਕਾਂ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਗਿਆ। ਲੋਕਾਂ ਵਲੋਂ ਮਗਨਰੇਗਾ, ਬੁਢਾਪਾ ਪੈਨਸ਼ਨ ਤੇ ਅੰਗਹੀਣ ਪੈਨਸ਼ਨ ਸਬੰਧੀ, ਪਾਣੀ ਦੀ ਨਿਕਾਸੀ ਸਬੰਧੀ, ਕੱਚੇ ਮਕਾਨਾਂ ਦੀ ਗਰਾਂਟ ਸਬੰਧੀ ਅਤੇ ਰਾਸ਼ਨ ਕਾਰਡ ਸਬੰਧੀ ਆਦਿ ਦੇ ਸਬੰਧ ਵਿੱਚ ਆਪਣੀਆਂ ਮੁਸ਼ਕਿਲਾਂ ਦੱਸੀਆਂ। ਇਸ ਵਿਚੋਂ ਕੁਝ ਮੁਸ਼ਕਿਲਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਤੇ ਬਾਕੀ ਸਬੰਧੀ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੁਸ਼ਕਿਲਾਂ ਹੱਲ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਇਸ ਮੌਕੇ ਨਾਇਬ ਤਹਿਸੀਲਦਾਰ ਨੇ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਤੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਹਰ ਮੁਸ਼ਕਿਲ ਪਹਿਲ ਦੇ ਆਧਾਰ 'ਤੇ ਹੱਲ ਕੀਤੀ ਜਾਵੇਗੀ ਅਤੇ ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਨੂੰ ਮੁਸ਼ਕਲਾਂ ਹੱਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਇਸ ਮੌਕੇ ਏਪੀਓ ਰਣਜੀਤ ਸਿੰਘ ਬੀਡੀਪੀਓ ਦਫਤਰ ਫਤਿਹਗੜ੍ਹ ਚੂੜੀਆਂ, ਪੰਚਾਇਤ ਸੈਕਟਰੀ ਸਤਨਾਮ ਸਿੰਘ, ਸੈਕਟਰੀ ਓਮ ਪ੍ਰਕਾਸ਼, ਸਰਪੰਚ ਕਿਰਪਾਲ ਸਿੰਘ, ਪ੍ਰਭਜੋਤ ਸਿੰਘ, ਗੁਰਪ੍ਰੀਤ ਸਿੰਘ ਸੋਨੂੰ , ਜਸਪ੍ਰੀਤ ਕੌਰ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



## ਜਥੇਦਾਰ ਅਕਾਲ ਤਖਤ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਟੀ ਵੀ ਚੈਨਲ ਤੋਂ ਕੀਰਤਨ ਪ੍ਰਸਾਰਨ ਜਾਰੀ ਰੱਖਣ ਦੇ ਆਦੇਸ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਕਿਹਾ ਕਿ ਸੰਗਤਾਂ ਬਹੁਤ ਦੇਰ ਤੋਂ ਮੰਗ ਕਰ ਰਹੀਆਂ ਸਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਸੈਟੇਲਾਈਟ ਚੈਨਲ ਆਰੰਭ ਕਰੇ ਜਿਸ ਸਬੰਧੀ ਅਕਾਲ ਤਖ਼ਤ ਤੋਂ ਵੀ ਸ਼੍ਰੋਮਣੀ ਕਮੇਟੀ ਨੂੰ ਨਿਰਦੇਸ਼ ਦਿੱਤੇ ਜਾ ਚੁੱਕੇ ਹਨ ਤੇ 24 ਜੁਲਾਈ ਤੋਂ ਯੂ ਟਿਊਬ ਚੈਨਲ ਸ਼ੁਰੂ ਕਰਨ ਦੇ ਸਾਰੇ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਮੁਕੰਮਲ ਕਰ ਲਏ ਹਨ ਪਰ ਕਿਸੇ ਸੈਟੇਲਾਈਟ ਚੈਨਲ 'ਤੇ ਪ੍ਰਸਾਰਿਤ ਨਾ ਹੋਣ ਕਾਰਨ ਸੰਗਤਾਂ ਨੂੰ ਦਿੱਕਤ ਆ ਸਕਦੀ ਹੈ ਜਿਸ ਕਰਕੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਕਿਸੇ ਟੀ ਵੀ ਚੈਨਲ ਨਾਲ ਰਾਬਤਾ ਕਾਇਮ ਕਰਕੇ ਟੀ ਵੀ ਪ੍ਰਸਾਰਨ ਵੀ ਜਾਰੀ ਰੱਖੇ। ਇੰਜ ਲੱਗਦਾ ਹੈ ਕਿ ਪੀ ਟੀ ਸੀ ਹਾਲੇ ਆਪਣਾ ਕੰਮ ਜਾਰੀ ਰੱਖੇਗਾ ਤੇ ਅਗਲੇ ਹੁਕਮਾਂ ਤੱਕ ਇਹ ਪ੍ਰੀਕਿਰਿਆ ਜਾਰੀ ਰਹੇਗੀ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਿੱਜੀ ਸਹਾਇਕ ਅਜੀਤ ਸਿੰਘ ਵੱਲੋਂ ਜਾਰੀ ਬਿਆਨ ਰਾਹੀ ਦੱਸਿਆ ਗਿਆ ਹੈ ਕਿ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜੋ ਬੜੀ ਖੁਸ਼ੀ ਦੀ ਗੱਲ ਹੈ ਪਰੰਤੂ ਸੰਗਤਾਂ ਵੱਲੋਂ ਫੋਨ ਅਤੇ ਸ਼ੋਸ਼ਲ ਮੀਡੀਆ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਯੂ-ਟਿਊਬ ਰਾਹੀਂ ਸਾਰੀਆਂ ਸੰਗਤਾਂ ਦਰਸ਼ਨ ਦੀਦਾਰ ਅਤੇ ਕੀਰਤਨ ਸਰਵਣ ਨਹੀਂ ਕਰ ਸਕਣਗੀਆਂ ਕਿਉਂਕਿ ਸਭ ਜਗ੍ਹਾ ਇੰਟਰਨੈੱਟ ਦੀ ਸਹੂਲਤ ਉਪਲੱਬਧ ਨਹੀਂ ਹੈ। ਬਹੁਤ ਸਾਰੀ ਸੰਗਤ ਅਜਿਹੀ ਹੈ ਜਿਸ ਕੋਲ ਨਾ ਤਾਂ ਸਮਾਰਟ ਫੋਨ ਹੈ ਅਤੇ ਨਾ ਹੀ ਸਮਾਰਟ ਟੀ ਵੀ ਜਿਸ ਕਰਕੇ ਬਹੁਤੀਆਂ ਸੰਗਤਾਂ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ, ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ, ਕੀਰਤਨ, ਗੁਰਬਾਣੀ ਦਾ ਪਾਠ ਆਦਿ ਤੋਂ ਵਾਂਝੀਆਂ ਰਹਿ ਜਾਣਗੀਆਂ। ਇਸ ਲਈ ਜਥੇਦਾਰ ਅਕਾਲ ਤਖ਼ਤ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਯੂ-ਟਿਊਬ ਚੈਨਲ ਦੇ ਨਾਲ-ਨਾਲ ਕਿਸੇ ਟੀ ਵੀ ਚੈਨਲ ਰਾਹੀਂ ਵੀ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਤੋਂ ਨਿਰਵਿਘਨ ਗੁਰਬਾਣੀ ਦਾ ਪ੍ਰਸਾਰਣ ਜਾਰੀ ਰੱਖਿਆ ਜਾਵੇ ਤਾਂ ਕਿ ਗੁਰੂ ਘਰ ਦਾ ਰਸੀਆ ਤੇ ਨਾਨਕ ਨਾਮ ਲੇਵਾ ਸੰਗਤ ਗੁਰਬਾਣੀ ਕੀਰਤਨ ਸਰਵਣ ਕਰਨ ਅਤੇ ਦਰਸ਼ਨ ਦੀਦਾਰ ਕਰਨ ਤੋਂ ਵਾਂਝੀ ਨਾ ਰਹਿ ਸਕੇ।

## ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਗੁਰੂ ਅਮਰਦਾਸ ਜੀ ਦੇ ਜੋੜੇ ਦੇ ਦਰਸ਼ਨ ਕਰਵਾਏ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਜੋੜੇ ਦੇ ਦਰਸ਼ਨ ਕਰਵਾਏ ਗਏ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਨੇ ਦੱਸਿਆ ਕਿ ਗੁਰੂ ਅਮਰਦਾਸ ਜੀ ਨੇ ਇਹ ਜੋੜਾ ਬਾਬਾ ਸਚਣਸੱਚ ਜੀ ਨੂੰ ਬਖਸ਼ਿਸ਼ ਕੀਤਾ ਸੀ ਤੇ ਹੁਣ ਬਾਬਾ ਸਚਣਸੱਚ ਦੀ 12 ਵੀਂ ਅਤੇ 13 ਕੁਲ ਬਾਬਾ ਸ਼ਮਸ਼ੇਰ ਸਿੰਘ, ਬਾਬਾ ਅੰਮ੍ਰਿਤਪਾਲ ਸਿੰਘ ਨੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਗੁਰੂ ਅਮਰਦਾਸ ਜੀ ਦੇ ਜੋੜੇ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ। ਭਾਈ ਸਾਹਿਬ ਨੇ ਦੱਸਿਆ ਕਿ ਤਕਰੀਬਨ 22 ਤੋਂ 25 ਹਜ਼ਾਰ ਦੂਰੋਂ ਨੇੜਿਓਂ ਆਈਆਂ ਸੰਗਤਾਂ ਨੇ ਵਾਹਿਗੁਰੂ ਦਾ ਜਾਪ ਕਰਦੇ ਹੋਏ ਜੋੜੇ ਦੇ ਦਰਸ਼ਨ ਕੀਤੇ ਅਤੇ ਮਸਤਕ ਨੂੰ ਲਗਾਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਦਰਸ਼ਨ ਕਰਨ ਲਈ ਸ੍ਰੀ ਦਰਬਾਰ ਸਾਹਿਬ ਤੋਂ ਭਾਈ ਅਮਰਜੀਤ ਸਿੰਘ ਚੌਰਬਰਦਾਰ, ਪਰਮਿੰਦਰ ਸਿੰਘ ਭੰਡਾਲ ਡੀ ਸੀ ਪੀ, ਮੈਡਮ ਰਾਜਦੀਪ ਕੌਰ ਡੀ ਸੀ ਤਰਨ ਤਾਰਨ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਗੁਰੂ ਅਮਰਦਾਸ ਜੀ ਦੇ ਪਵਿੱਤਰ ਜੋੜਾ ਸਾਹਿਬ ਦੇ ਦਰਸ਼ਨ ਕੀਤੇ ।

## ਇੰਸਪੈਕਟਰ ਕੰਵਲਜੀਤ ਰਾਇ ਨੇ ਥਾਣਾ ਖਾਲੜਾ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**

ਇੰਸਪੈਕਟਰ ਕੰਵਲਜੀਤ ਰਾਇ ਨੇ ਥਾਣਾ ਖਾਲੜਾ ਦੇ ਮੁਖੀ ਵਜੋਂ ਚਾਰਜ ਸੰਭਾਲ ਕੇ ਕੰਮਕਾਜ ਆਰੰਭ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇੰਸਪੈਕਟਰ ਕੰਵਲਜੀਤ ਰਾਇ ਥਾਣਾ ਖੇਮਕਰਨ ਵਿੱਚ ਬਤੌਰ ਐੱਸਐੱਚਓ ਵਧੀਆ ਸੇਵਾਵਾਂ ਦੇਣ ਮਗਰੋਂ ਥਾਣਾ ਖਾਲੜਾ 'ਚ ਸਬ ਇੰਸਪੈਕਟਰ ਚਰਨ ਸਿੰਘ ਦੇ ਸਥਾਨ ਤੇ ਆਏ ਹਨ। ਦੱਸ ਦਈਏ ਕਿ ਇਸ ਤੋਂ ਪਹਿਲਾਂ ਵੀ ਇੰਸਪੈਕਟਰ ਕੰਵਲਜੀਤ ਰਾਇ ਥਾਣਾ ਖਾਲੜਾ, ਖੇਮਕਰਨ ਤੇ ਵਲਟੋਹਾ ਵਿਖੇ ਬਤੌਰ ਥਾਣਾ ਮੁਖੀ ਇਲਾਕੇ ਦੀ ਸੇਵਾ ਕਰ ਚੁੱਕੇ ਹਨ। ਚਾਰਜ ਸੰਭਾਲਣ ਉਪਰੰਤ ਨਵਾਂ ਜ਼ਮਾਨਾ ਨਾਲ ਗੱਲਬਾਤ ਕਰਦਿਆਂ ਐੱਸ. ਐੱਚ. ਓ. ਕੰਵਲਜੀਤ ਰਾਇ ਨੇ ਕਿਹਾ ਕਿ ਥਾਣਾ ਖਾਲੜਾ ਅਧੀਨ ਆਉਂਦੇ ਪਿੰਡਾਂ ਅੰਦਰ ਅਮਨ-ਸ਼ਾਂਤੀ ਕਾਇਮ ਰੱਖਣਾ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਉਨ੍ਹਾਂ ਦਾ ਮੁੱਖ ਟੀਚਾ ਹੈ। ਇਸ ਮੌਕੇ ਉਨ੍ਹਾਂ ਨੇ ਇਲਾਕੇ ਅੰਦਰ ਮੌਜੂਦ ਬੁਰੇ ਕੰਮ ਕਰਨ ਵਾਲਿਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ ਨਹੀਂ ਤਾਂ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਸਦੇ ਨਾਲ ਹੀ ਉਨ੍ਹਾਂ ਨੇ ਨਸ਼ੇ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਕਿਹਾ ਕਿ ਜੇਕਰ ਉਹ ਪੰਜਾਬ ਸਰਕਾਰ ਦੁਆਰਾ ਖੋਲ੍ਹੇ ਗਏ ਨਸ਼ਾ ਮੁਕਤੀ ਕੇਂਦਰਾਂ 'ਚ ਇਲਾਜ ਕਰਵਾ ਕੇ ਸਮਾਜ ਦੀ ਮੁੱਖਧਾਰਾ ਵਿੱਚ ਆਉਣਾ ਚਾਹੁੰਦੇ ਹਨ ਤਾਂ ਪੁਲਸ ਪ੍ਰਸ਼ਾਸਨ ਉਨ੍ਹਾਂ ਦਾ ਪੂਰਨ ਰੂਪ ਵਿੱਚ ਸਾਥ ਦੇਵੇਗਾ। ਨਵ-ਨਿਯੁਕਤ ਥਾਣਾ ਮੁਖੀ ਨੇ ਕਿਹਾ ਕਿ ਉਨ੍ਹਾਂ ਨੂੰ ਐੱਸ. ਐੱਸ. ਪੀ. ਗੁਰਮੀਤ ਸਿੰਘ ਚੌਹਾਨ ਤੇ ਸਬ ਡਵੀਜਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਵੱਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਥਾਣਾ ਮੁਖੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਆਲਾ-ਦੁਆਲਾ ਸੁਰੱਖਿਅਤ ਬਣਾਉਣ ਲਈ ਸ਼ੱਕੀ ਵਿਅਕਤੀਆਂ ਤੇ ਸਮਾਜ ਵਿਰੋਧੀ ਅਨਸਰਾਂ ਦੀ ਇਤਲਾਹ ਤੁਰੰਤ ਥਾਣੇ ਦੇਣ ਤਾਂ ਜੋ ਅਜਿਹੇ ਸਮਾਜ ਵਿਰੋਧੀ ਅਨਸਰਾਂ 'ਤੇ ਨਕੇਲ ਕੱਸੀ ਜਾ ਸਕੇ। ਇਸ ਮੌਕੇ ਥਾਣਾ ਖਾਲੜਾ ਦੇ ਮੁੱਖ ਮੁਨਸ਼ੀ ਧਰਮਿੰਦਰ ਸਿੰਘ , ਏਐੱਸਆਈ ਕਰਮਜੀਤ ਸਿੰਘ, ਐੱਚਸੀ ਮੇਜਰ ਸਿੰਘ ਅਤੇ ਐਚਸੀ ਹਰਭਜਨ ਸਿੰਘ ਆਦਿ ਹਾਜ਼ਰ ਸਨ।



## ਹੜ੍ਹ ਪੀੜਤਾਂ ਦੀਆਂ ਮੁਸ਼ਕਿਲਾਂ ਹੱਲ ਕਰਨ 'ਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ : ਪਨੂੰ

**ਬਟਾਲਾ/ਫ਼ਤਹਿਗੜ੍ਹ ਚੂੜੀਆਂ (ਤਰਲੋਕ ਬੱਗਾ/ਜਸਦੇਵ ਮਾਨ)**-ਪਨਸਪ ਪੰਜਾਬ ਦੇ ਚੇਅਰਮੈਨ ਅਤੇ ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਪਿਛਲੀ ਦਿਨੀਂ ਪਏ ਭਾਰੀ ਮੀਂਹ ਕਾਰਨ ਹਲਕੇ ਦੇ ਕਈ ਪਿੰਡਾਂ ਵਿੱਚ ਪਾਣੀ ਆਇਆ ਹੈ ਅਤੇ ਫਸਲ ਦੀ ਕਾਫੀ ਨੁਕਸਾਨ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਲੋਕਾਂ ਨੂੰ ਮਿਲਣ ਗਏ ਸਨ ਅਤੇ ਲੋਕਾਂ ਦੀ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਉਨਾਂ ਕਿਹਾ ਕਿ ਜੇਕਰ ਹਲਕੇ ਵਿੱਚ ਕਿਸੇ ਵੀ ਵਿਅਕਤੀ ਨੂੰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਮੇਰੇ ਮੋਬਾਇਲ ਨੰਬਰ 76630-00002 ਤੇ ਸੰਪਰਕ ਕਰ ਸਕਦੇ ਹਨ। ਚੇਅਰਮੈਨ ਪਨੂੰ ਨੇ ਦੱਸਿਆ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਖੁਦ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰ ਰਹੇ ਹਨ, ਲਗਾਤਾਰ ਹਾਲਾਤ ਤੇ ਨਜ਼ਰ ਰੱਖ ਰਹੇ ਹਨ ਅਤੇ ਲੋਕਾਂ ਦੀ ਹਰ ਸੰਭਵ ਮਦਦ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਪਿੰਡਾਂ ਅੰਦਰ ਰਾਹਤ ਕਾਰਜਾਂ ਨੂੰ ਯਕੀਨੀ ਬਣਾਇਆ ਗਿਆ ਹੈ ਅਤੇ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕੀਤੀ ਗਈ ਹੈ। ਚੇਅਰਮੈਨ ਪਨੂੰ ਨੇ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਤੰਦਰੁਸਤੀ ਤੇ ਸੁਰੱਖਿਆ ਲਈ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਦਿਆਂ ਦੱਸਿਆ ਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਵਲੋਂ ਵੀ ਗੁਰਦਾਸਪੁਰ ਜ਼ਿਲੇ ਦਾ ਦੌਰਾ ਕੀਤਾ ਗਿਆ ਸੀ। ਉਨਾਂ ਅਧਿਕਾਰੀਆਂ ਕੋਲੋਂ ਹੜ੍ਹ ਨਾਲ ਨਜਿੱਠਣ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਸੰਕਟ ਦੀ ਘੜੀ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਖੜ੍ਹੀ ਹੈ ਅਤੇ ਲੋਕਾਂ ਦੀ ਮਦਦ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

# ਪੈਨਸ਼ਨਰਜ਼ ਦਾ ਵਫਦ ਸਿਵਲ ਸਰਜਨ ਅੰਮ੍ਰਿਤਸਰ ਨੂੰ ਮਿਲਿਆ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫੈਡਰੇਸ਼ਨ ਪੰਜਾਬ (ਰਜਿ) ਦਾ ਵਫਦ ਦੇ ਵੱਲੋਂ ਅਮਰਜੀਤ ਸਿੰਘ ਬਾਬਾ ਦੀ ਅਗਵਾਈ ਹੇਠ ਸਿਵਲ ਸਰਜਨ ਅੰਮ੍ਰਿਤਸਰ ਵਿਜੇ ਕੁਮਾਰ ਨੂੰ ਮਿਲ ਕੇ ਪੈਨਸ਼ਨਰਜ਼, ਮੁਲਾਜ਼ਮਾਂ ਦੇ ਮੈਡੀਕਲ ਬਿੱਲਾਂ ਵਿੱਚ ਆ ਰਹੀਆਂ ਮੁਸ਼ਕਲਾਂ ਸੰਬੰਧੀ ਜਾਣੂ ਕਰਵਾਇਆ ਗਿਆ। ਸਿਵਲ ਸਰਜਨ ਵਲੋਂ ਜਥੇਬੰਦੀ ਨੂੰ ਭਰੋਸਾ ਦੀਵਾਇਆ ਗਿਆ ਕਿ ਭਵਿੱਖ ਵਿੱਚ ਮੈਡੀਕਲ ਬਿੱਲਾਂ ਸੰਬੰਧੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਜਥੇਬੰਦੀ ਵੱਲੋਂ ਮੁਲਾਜ਼ਮਾਂ ਦੀਆਂ ਹੋਰ ਮੁਸਕਲਾਂ ਸਬੰਧੀ ਵੀ ਮੰਗ ਪੱਤਰ ਦਿੱਤਾ ਗਿਆ। ਇਸ ਵਫਦ ਵਿਚ ਮਲਕੀਤ ਸਿੰਘ ਕੰਗ ਮੀਤ ਪ੍ਰਧਾਨ ਪੰਜਾਬ, ਸੁਖਦੇਵ ਸਿੰਘ ਕੈਸ਼ੀਅਰ, ਰਣਜੀਤ ਸਿੰਘ ਸਿੰਘ ਤਲਵੰਡ , ਬਲਵਿੰਦਰ ਸਿੰਘ ਗਿਲ, ਅਵਤਾਰ ਸਿੰਘ ਬਮਰਾਹ ਸਿਟੀ ਸਰਕਲ, ਜਗੀਰ ਸਿੰਘ ਮਹਿਤਾ ਚੌਕ, ਭਾਈ ਪਵਿੱਤਰ ਸਿੰਘ ਅਤੇ ਤਰਸੇਮ ਸਿੰਘ ਆਦਿ ਆਗੂ ਹਾਜ਼ਰ ਸਨ। .

## ਪਿੰਡ ਰਿਆਲੀ ਕਲਾਂ 'ਚ ਡੇਂਗੂ ਸੰਬੰਧੀ ਸੈਮੀਨਾਰ ਕਰਵਾਇਆ

**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)**-ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਸਿੰਘ ਮਾਂਡੀ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਪ੍ਰਭਜੋਤ ਕੌਰ ਕਲਸੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਲਖਵਿੰਦਰ ਸਿੰਘ ਐਸ ਐਮ ਓ ਫਤਿਹਗੜ੍ਹ ਚੂੜੀਆਂ ਦੀ ਅਗਵਾਈ ਹੇਠ ਸਬ ਸੈਂਟਰ ਰਿਆਲੀ ਕਲਾਂ ਵੱਲੋਂ ਸਰਕਾਰੀ ਹਾਈ ਸਕੂਲ ਰਿਆਲੀ ਕਲਾਂ ਵਿਖੇ ਡੇਂਗੂ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਬਹੁਤ ਸਾਰੇ ਲੋਕਾਂ ਨੇ ਭਾਗ ਲਿਆ। ਸਟਾਫ ਨੇ ਦੱਸਿਆ ਕਿ ਬਰਸਾਤ ਦੇ ਮੌਸਮ 'ਚ ਥਾਂ ਥਾਂ ਪਾਣੀ ਇਕੱਠਾ ਹੋ ਜਾਂਦਾ ਹੈ, ਜਿਸ ਕਰਕੇ ਮੱਛਰਾਂ ਦੀ ਪੈਦਾਇਸ਼ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਡੇਂਗੂ ਬੁਖਾਰ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਡੇਂਗੂ ਮੱਛਰ ਖੜ੍ਹੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਸਾਨੂੰ ਦਿਨ ਵੇਲੇ ਕੱਟਦਾ ਹੈ। ਡੇਂਗੂ ਦੇ ਲੱਛਣ ਤੇਜ਼ ਬੁਖਾਰ, ਸਿਰਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ 'ਤੇ ਦਾਣੇ ਅਤੇ ਹਾਲਤ ਵਿਗੜਨ 'ਤੇ ਨੱਕ, ਮਸੂੜਿਆਂ ਵਿਚੋਂ ਖੂਨ ਵਗਣ ਲਗ ਜਾਂਦਾ ਹੈ। ਇਸ ਤੋਂ ਬਚਣ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਦੀ ਸਾਫ ਸਫਾਈ ਅਤੇ ਘਰਾਂ ਦੇ ਦੁਆਲੇ ਟੋਇਆਂ ਨੂੰ ਮਿੱਟੀ ਨਾਲ ਭਰ ਦੇਣਾ ਚਾਹੀਦਾ ਹੈ ਅਤੇ ਘਰ ਦੀਆਂ ਛੱਤਾਂ 'ਤੇ ਪਿਆ ਬੇਕਾਰ ਕਬਾੜ ਟਾਇਰ, ਕਨਸਤਰ ਵਗੈਰਾ ਤੇ ਹੋਰ ਅਜਿਹਾ ਸਮਾਨ ਜਿਸ ਵਿੱਚ ਬਰਸਾਤੀ ਪਾਣੀ ਇਕੱਠਾ ਹੁੰਦਾ ਹੋਵੇ, ਉਹ ਹਟਾ ਦੇਣਾ ਚਾਹੀਦਾ ਹੈ ਅਤੇ ਕੂਲਰਾਂ ਨੂੰ ਹਫਤੇ ਵਿੱਚ ਇਕ ਵਾਰ ਜ਼ਰੂਰ ਸਾਫ ਕਰਨਾ ਚਾਹੀਦਾ ਹੈ। ਮੱਛਰਦਾਨੀਆਂ ਅਤੇ ਹੋਰ ਮੱਛਰ ਭਜਾਊ ਕਰੀਮਾਂ ਆਦਿ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਅਤੇ ਖੜ੍ਹੇ ਪਾਣੀ ਵਿੱਚ ਕਾਲੇ ਤੇਲ ਦਾ ਛਿੜਕਾਅ ਕਰਨਾ ਚਾਹੀਦਾ ਹੈ। ਬੁਖਾਰ ਹੋਣ ਦੀ ਸੂਰਤ 'ਚ ਡਾਕਟਰ ਦੀ ਸਲਾਹ ਨਾਲ ਦਵਾਈ ਲੈਣੀ ਚਾਹੀਦੀ ਹੈ। ਇਸ ਮੌਕੇ ਕਮਲਜੀਤ ਸਿੰਘ ਐਮ ਪੀ ਐਚ ਡਬਲਯੂ, ਮੈਡਮ ਗੁਰਿੰਦਰ ਕੌਰ ਐਮ ਪੀ ਐਚ ਡਬਲਯੂ, ਕੋਮਲਪ੍ਰੀਤ ਕੌਰ ਸੀ ਐਚ ਓ ਆਦਿ ਸਟਾਫ ਸਮੇਤ ਸਕੂਲੀ ਬੱਚੇ ਤੇ ਸਕੂਲ ਸਟਾਫ ਹਾਜ਼ਰ ਸੀ।



## ਅਸੈਸਮੈਂਟ ਰਜਿਸਟਰ 'ਚ ਪ੍ਰਾਪਰਟੀ ਟਰਾਂਸਫਰ ਕੇਸ ਕਰਨ ਸਬੰਧੀ ਕੈਂਪ ਆਯੋਜਿਤ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਨਗਰ ਨਿਗਮ ਬਟਾਲਾ ਵਿਖੇ ਅਸੈਸਮੈਂਟ ਰਜਿਸਟਰ ਵਿੱਚ ਪ੍ਰਾਪਰਟੀ ਟਰਾਂਸਫਰ ਕਰਨ ਲੱਗੇ ਵਿਸ਼ੇਸ ਕੈਂਪ ਦੇ ਚੌਥੇ ਦਿਨ 111 ਲੋਕਾਂ ਨੇ ਲਾਹਾ ਲਿਆ। ਹੁਣ ਤੱਕ 304 ਲੋਕ ਵਿਸ਼ੇਸ਼ ਕੈਂਪ ਦਾ ਲਾਭ ਹਾਸਲ ਲੈ ਚੁੱਕੇ ਹਨ। ਇਹ ਕੈਂਪ 22 ਜੁਲਾਈ 2023 ਤੱਕ ਦਫਤਰ ਨਗਰ ਨਿਗਮ ਦੇ ਕਮਰਾ ਨੰਬਰ 1 ਵਿੱਚ ਲੱਗੇਗਾ। ਵਿਸ਼ੇਸ ਕੈਂਪ ਵਿੱਚ ਲਾਭ ਹਾਸਲ ਕਰਨ ਲਾਭਪਾਤਰੀਆਂ ਨੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਦਾ ਧੰਨਵਾਦ ਕੀਤਾ। ਇਸ ਮੌਕੇ ਲਾਭਪਾਤਰੀ ਸੁਖਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਗੁਰੂ ਨਾਨਕ ਨਗਰ ਬਟਾਲਾ ਨੇ ਕਿਹਾ ਕਿ ਉਸਦੀ ਪ੍ਰਾਪਰਟੀ ਟਰਾਂਸਫਰ ਕਰਨ ਦਾ ਕੇਸ ਪੈਂਡਿੰਗ ਸੀ। 82300 ਰੁਪਏ ਦੀ ਪੈਨਲਟੀ ਸੀ, ਪਰ ਉਸਦਾ ਅੱਜ ਸਿਰਫ 500 ਰੁਪਏ ਵਿੱਚ ਨਿਪਟਾਰਾ ਹੋ ਗਿਆ ਹੈ। ਇਸੇ ਤਰ੍ਹਾਂ ਆਸ਼ੂ ਅਗਰਵਾਲ ਪੁੱਤਰ ਵਿਜੇ ਕੁਮਾਰ ਵਾਸੀ ਪਰੇਮ ਨਗਰ ਨੇ ਕਿਹਾ ਕਿ ਉਸਦੀ 21100 ਰੁਪਏ ਦੀ ਪੈਨਲਟੀ ਦਾ 500 ਰੁਪਏ ਵਿੱਚ ਨਿਪਟਾਰਾ ਹੋਇਆ ਹੈ । ਉਨਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਉਹ ਇਸ ਮੁਸ਼ਕਿਲ ਦਾ ਸਾਹਮਣਾ ਕਰ ਰਹੇ ਸਨ ਪਰ ਵਿਧਾਇਕ ਸ਼ੈਰੀ ਕਲਸੀ ਵਲੋਂ ਕੀਤੇ ਉਪਰਾਲੇ ਨਾਲ ਉਨਾਂ ਦੀ ਇਹ ਸਮੱਸਿਆ ਦੂਰ ਹੋਈ ਹੈ।

ਜ਼ਿਕਰਯੋਗ ਹੈ ਕਿ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਇਹ ਵਿਸ਼ੇਸ ਕੈਂਪ ਲੱਗਾ ਹੈ ਕਿਉਂਕਿ ਸ਼ਹਿਰ ਵਾਸੀਆਂ ਨੇ ਦੱਸਿਆ ਸੀ ਕਿ ਭਾਰੀ ਜੁਰਮਾਨੇ ਕਰਕੇ ਪ੍ਰਾਪਰਟੀ ਟਰਾਂਸਫਰ ਕਰਨ ਦੇ ਕੇਸ ਕਾਫੀ ਸਮੇਂ ਤੋਂ ਪੈਡਿੰਗ ਹਨ। ਹਣ ਲੱਗੇ ਇਸ ਵਿਸ਼ੇਸ ਕੈਂਪ ਵਿੱਚ ਸਿਰਫ 500 ਰੁਪਏ ਪੈਨਲਟੀ ਲਗਾ ਕੇ ਕੇਸ ਟਰਾਂਸਫਰ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਕੈਂਪ ਵਿੱਚ ਪੁਹੰਚ ਕੇ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਸ਼ਿਵ ਕੁਮਾਰ ਸੁਪਰਡੈਂਟ ਨਗਰ ਨਿਗਮ ਬਟਾਲਾ, ਧੀਰਜ ਵਰਮਾ, ਮਾਣਿਕ ਮਹਿਤਾ, ਜੋਤੀ ਇੰਸਪੈਕਟਰ, ਰਮਨ ਅਤੇ ਦੀਪਕ ਆਦਿ ਮੌਜੂਦ ਸਨ।



# ਕਾਮਰੇਡ ਸਵਰਨ ਸੋਹਲ ਦੀ ਯਾਦ 'ਚ ਅੱਖਾਂ ਦਾ ਮੁਫਤ ਜਾਂਚ ਕੈਂਪ ਲਾਇਆ





**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**

ਝਬਾਲ ਗੰਡੀਵਿੰਡ ਇਲਾਕੇ 'ਚ ਕਿਸਾਨਾਂ ਮਜ਼ਦੂਰਾਂ ਦੇ ਆਗੂ ਕਾਮਰੇਡ ਸਵਰਨ ਸਿੰਘ ਸੋਹਲ ਜਿਹੜੇ ਅੱਜ ਦੇ ਦਿਨ 1987 ਨੂੰ ਦਹਿਸ਼ਤਗਰਦਾਂ ਹੱਥੋਂ ਪਰਿਵਾਰ ਦੇ ਚਾਰ ਹੋਰ ਮੈਂਬਰਾਂ ਸਮੇਤ ਸ਼ਹੀਦ ਕਰ ਦਿੱਤੇ ਗਏ ਅਤੇ ਇਸੇ ਬਲਾਕ ਦੇ ਹੋਰ ਕਮਿਊਨਿਸਟ ਯੋਧਿਆਂ ਦੀ ਯਾਦ ਵਿੱਚ ਸਥਾਨਕ ਅਟਾਰੀ ਰੋਡ 'ਤੇ ਅੱਖਾਂ ਦੀ ਮੁਫਤ ਜਾਂਚ ਕੈਂਪ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਗੰਡੀਵਿੰਡ ਤੇ ਸੋਹਲ ਪਰਿਵਾਰ ਵਲੋਂ ਲਗਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਹਰਭਜਨ ਸਿੰਘ ਨੇ ਕਿਹਾ ਕਿ ਕਾਮਰੇਡ ਸਵਰਨ ਸਿੰਘ ਸੋਹਲ ਇਸ ਇਲਾਕੇ ਵਿੱਚ ਕੁੱਲ ਹਿੰਦ ਕਿਸਾਨ ਸਭਾ ਦਾ ਆਗੂ ਹੁੰਦਿਆਂ ਮਜ਼ਦੂਰਾਂ ਦੇ ਹੱਕਾਂ ਲਈ ਵੀ ਹਮੇਸ਼ਾ ਸੰਘਰਸ਼ਸ਼ੀਲ ਰਿਹਾ। ਉਹਨੇ ਭਾਈਚਾਰਕ ਸਾਂਝ ਲਈ ਸੰਘਰਸ਼ ਵਿੱਚ ਅਗਵਾਈ ਕੀਤੀ ਜਿਸ ਕਰਕੇ ਲੋਕ ਦੁਸ਼ਮਣ ਤਾਕਤਾਂ ਨੇ ਉਨ੍ਹਾਂ ਨੂੰ ਪਰਿਵਾਰ ਦੇ ਚਾਰ ਹੋਰ ਮੈਂਬਰਾਂ ਸਮੇਤ ਸ਼ਹੀਦ ਕਰ ਦਿੱਤਾ। ਇਸੇ ਤਰ੍ਹਾਂ ਇਸ ਇਲਾਕੇ ਵਿੱਚ ਕਾਮਰੇਡ ਇੰਦਰਜੀਤ ਸਰਾਂ ਤੇ ਕਸ਼ਮੀਰ ਸਿੰਘ ਸੋਹਲ ਵੀ ਉਸ ਦੌਰ ਵਿੱਚ ਸ਼ਹੀਦ ਹੋਏ। ਅੱਜ ਉਨ੍ਹਾਂ ਯੋਧਿਆਂ ਦੀ ਯਾਦ ਵਿੱਚ ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਰਣਬੀਰ ਸਿੰਘ ਰਾਣਾ ਵਲੋਂ ਲੋੜਵੰਦ ਲੋਕਾਂ ਦੀਆਂ ਅੱਖਾਂ ਦੀ ਮੁਫਤ ਜਾਂਚ ਕੀਤੀ ਗਈ। ਇਸ ਮੌਕੇ ਜਾਂਚ ਕਰਾਉਣ ਆਏ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ। ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾਈ ਆਗੂ ਨਰਿੰਦਰ ਸੋਹਲ ਅਤੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਜਨਰਲ ਸਕੱਤਰ ਰਾਜਿੰਦਰ ਪਾਲ ਕੌਰ, ਬਲਕਾਰ ਸਿੰਘ ਵਲਟੋਹਾ ਤੇ ਗੁਰਬਿੰਦਰ ਸਿੰਘ ਸੋਹਲ ਨੇ ਕਿਹਾ ਕਿ ਕਾਮਰੇਡ ਸਵਰਨ ਸਿੰਘ ਸੋਹਲ ਦਾ ਸੰਘਰਸ਼ ਇਸ ਕੰਮ ਲਈ ਸੀ ਕਿ ਦੇਸ਼ ਦੇ ਮਿਹਨਤਕਸ਼ ਲੋਕਾਂ ਨੂੰ ਬੇਰੁਜ਼ਗਾਰੀ, ਮਹਿੰਗਾਈ ਤੇ ਸਰਮਾਏਦਾਰੀ ਲੁੱਟ-ਖਸੁੱਟ ਤੋਂ ਛੁਟਕਾਰਾ ਮਿਲੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਗੁਲਜਾਰ ਸਿੰਘ ਕੋਟ, ਗੁਰਪਿੰਦਰ ਸਿੰਘ ਕਸੇਲ, ਸੁਰਿੰਦਰ ਸਿੰਘ ਬਿੱਲਾ, ਜਗਤਾਰ ਸਿੰਘ ਜੱਗਾ, ਅਜੀਤ ਸਿੰਘ ਮੀਆਂ ਪੁਰ ਆਦਿ ਹਾਜ਼ਰ ਸਨ।

## ਹੜ੍ਹ ਪੀੜਤ ਪੰਜਾਬੀਆਂ ਲਈ 'ਆਪ' ਹੋਰ ਸੁਹਿਰਦਤਾ ਦਿਖਾਵੇ : ਪੱਖੋਕੇ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਲਾਹਕਾਰ ਬੋਰਡ ਦੇ ਮੈਂਬਰ ਜਥੇਦਾਰ ਅਲਵਿੰਦਰਪਾਲ ਸਿੰਘ ਪੱਖੋਕੇ ਨੇ ਸਥਾਨਕ ਪੱਤਰਕਾਰਾਂ ਨਾਲ ਸਾਥੀਆਂ ਸਮੇਤ ਗੱਲਬਾਤ ਕਰਦਿਆਂ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਾਰੇ ਮੰਤਰੀ ਹੜ੍ਹ ਪ੍ਰਭਾਵਿਤ ਇਲਾਕਿਆਂ ਤੇ ਮਾਰ ਤੋਂ ਪ੍ਰਭਾਵਿਤ ਲੋਕਾਂ ਦੀ ਸਾਰ ਘੱਟ ਲੈ ਰਹੇ ਹਨ ਤੇ ਫੋਟੋਸ਼ੂਟ ਵੱਧ ਕਰ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਕਾਲ 'ਚ ਇਹ ਪਹਿਲੀ ਕੁਦਰਤੀ ਮਾਰ ਵੱਜੀ ਜਿਸ 'ਚ ਇਹ ਲੋਕਾਂ ਨੂੰ ਰਾਹਤ ਦੇਣ 'ਚ ਸਰਕਾਰ ਅਸਫਲ ਸਾਬਤ ਹੋਈ ਤੇ ਅਜੇ ਤੱਕ ਵੀ ਹੋ ਰਹੀ ਹੈ ਜਦਕਿ ਸਰਕਾਰ ਨਾਲੋ ਵੱਧ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਖਾਲਸਾ ਏਡ, ਸਰਬੱਤ ਦਾ ਭਲਾ ਟਰੱਸਟ ਸਮੇਤ ਸੈਂਕੜੇ ਧਾਰਮਿਕ, ਸਮਾਜਿਕ ਜਥੇਬੰਦੀਆਂ ਨੇ ਕੀਤੀ ਹੈ ਤੇ ਕਰ ਰਹੀਆਂ ਹਨ। ਪੱਖੋਕੇ ਨੇ ਕਿਹਾ ਕਿ ਲੋਕ ਆਪਣੇ ਆਪ ਨੂੰ ਠੱਗਿਆ ਠੱਗਿਆ ਮਹਿਸੂਸ ਕਰ ਰਹੇ ਹਨ। ਪੱਖੋਕੇ ਨੇ ਕਿਹਾ ਕਿ ਭਗਵੰਤ ਮਾਨ ਕੇਜਰੀਵਾਲ ਦੀ ਰਾਜਨੀਤੀ ਚਮਕਾਉਣ ਲਈ ਬਾਹਰਲਿਆਂ ਸੂਬਿਆਂ 'ਚ ਸੈਰ ਸਪਾਟਿਆਂ 'ਚ ਲੱਗੇ ਹੋਏ ਹਨ। ਇਸ ਮੌਕੇ ਉਨ੍ਹਾਂ ਨਾਲ ਕੇਂਦਰੀ ਕਮੇਟੀ ਮੈਂਬਰ ਗਿਆਨ ਸਿੰਘ ਸੁਬਾਜਪੁਰ, ਨਰਿੰਦਰ ਸਿੰਘ ਸ਼ਾਹ, ਸਾਬਕਾ ਜਿਲਾ ਪ੍ਰੀਸਦ ਮੈਬਰ ਪ੍ਰੇਮ ਸਿੰਘ ਪੰਨੂ, ਸਾਬਕਾ ਸਰਪੰਚ ਰੇਸਮ ਸਿੰਘ ਸੰਘਾ, ਸੰਮਤੀ ਮੈਂਬਰ ਜਸਵੰਤ ਸਿੰਘ ਕੱਦਗਿੱਲ, ਸਾਬਕਾ ਸਰਪੰਚ ਰਣਜੀਤ ਸਿੰਘ ਡਿਆਲ, ਸਾਬਕਾ ਸੰਮਤੀ ਮੈਂਬਰ ਸੁੱਚਾ ਸਿੰਘ ਗੋਇੰਦਵਾਲ ਸਾਹਿਬ, ਨੰਬਰਦਾਰ ਸੰਪੂਰਨ ਸਿੰਘ ਅਲਾਵਲਪੁਰ, ਸਾਬਕਾ ਚੈਅਰਮੈਨ ਅਮਰੀਕ ਸਿੰਘ ਪੱਖੋਕੇ, ਸਾਬਕਾ ਚੇਅਰਮੈਨ ਬਲਦੇਵ ਸਿੰਘ ਪੰਡੋਰੀ ਗੋਲਾ, ਤਾਰਾ ਚੰਦ ਪੁੰਜ, ਤਲਬੀਰ ਸਿੰਘ ਕੱਦਗਿੱਲ, ਸਾਬਕਾ ਸੰਮਤੀ ਮੈਂਬਰ ਲਖਵਿੰਦਰ ਸਿੰਘ, ਗੁਰਲਾਲ ਸਿੰਘ ਦੇਊ ਆਦਿ ਹਾਜ਼ਰ ਸਨ।

22-July-PAGE-4.qxd 7/21/2023 10:48 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 22 ਜੁਲਾਈ 2023

# ਇਤਿਹਾਸ ਦਾ ਕਾਲਾ ਦੌਰ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਮੇਸ਼ਾ ਕਹਿੰਦੇ ਰਹੇ ਹਨ ਕਿ, "ਅਜ਼ਾਦੀ ਦੇ 75 ਸਾਲਾਂ ਦੌਰਾਨ ਜੋ ਕਿਸੇ ਪ੍ਰਧਾਨ ਮੰਤਰੀ ਤੋਂ ਨਹੀਂ ਹੋਇਆ, ਉਹ ਮੈਂ ਕਰਕੇ ਦਿਖਾ ਦਿੱਤਾ ਹੈ।" ਇਹ ਬਿਲਕੁਲ ਸੱਚ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 75 ਸਾਲਾਂ 'ਚ ਨਹੀਂ, ਸਿਰਫ਼ 75 ਦਿਨਾਂ ਵਿੱਚ ਮਨੀਪੁਰ ਵਿੱਚ ਉਹ ਕਰ ਦਿਖਾਇਆ ਹੈ, ਜਿਸ ਦੀ ਕਦੇ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ। ਇੱਕ ਹੀ ਸੂਬੇ ਵਿੱਚ ਦੋ ਭਾਈਚਾਰੇ ਆਧੁਨਿਕ ਹਥਿਆਰਾਂ ਨਾਲ ਇੱਕ-ਦੂਜੇ ਦਾ ਖ਼ੂਨ ਵਹਾ ਰਹੇ ਹਨ। ਦੋ ਸਰਹੱਦਾਂ ਬਣ ਚੁੱਕੀਆਂ ਹਨ। ਬੰਕਰ ਬਣਾ ਲਏ ਗਏ ਹਨ। ਇੱਕ ਪਾਸੇ ਕੁੱਕੀ ਤੇ ਦੂਜੇ ਪਾਸੇ ਮੈਤੇਈ ਹਨ ਤੇ ਵਿਚਕਾਰ ਨੋਮੈਨ ਲੈਂਡ ਹੈ, ਜਿੱਥੇ ਸੁਰੱਖਿਆ ਜਵਾਨ ਪਹਿਰੇਦਾਰੀ ਕਰ ਰਹੇ ਹਨ। ਹੁਣ ਤੱਕ 150 ਦੇ ਕਰੀਬ ਲੋਕ ਮਾਰੇ ਗਏ ਹਨ। ਪਿੰਡਾਂ ਦੇ ਪਿੰਡ ਜਲਾ ਦਿੱਤੇ ਗਏ ਹਨ। ਹਜ਼ਾਰਾਂ ਲੋਕ, ਜਿਨ੍ਹਾਂ ਵਿੱਚ ਬੱਚੇ, ਬਜ਼ੁਰਗ ਤੇ ਔਰਤਾਂ ਸ਼ਾਮਲ ਹਨ, ਕੈਂਪਾਂ ਵਿੱਚ ਦਿਨ ਕਟੀ ਕਰ ਰਹੇ ਹਨ।*

*ਇਸ ਸਭ ਦਾ ਸਿਹਰਾ ਪ੍ਰਧਾਨ ਮੰਤਰੀ ਨੂੰ ਦੇਣਾ ਬਣਦਾ ਹੈ। ਇਸੇ ਕਰਕੇ ਹੀ ਵਿਸ਼ਵ ਗੁਰੂ ਦਾ ਅੱਜ ਦੁਨੀਆ ਵਿੱਚ ਡੰਕਾ ਵੱਜ ਰਿਹਾ ਹੈ। ਹਾਲੇ ਪਿਛਲੇ ਹਫ਼ਤੇ ਹੀ ਪ੍ਰਧਾਨ ਮੰਤਰੀ ਫ਼ਰਾਂਸ ਦੇ ਦੌਰੇ ਉੱਤੇ ਸਨ। ਉਥੋਂ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਅਖ਼ਬਾਰ 'ਲਾ ਮੋਂਡੇ' ਨੇ ਪ੍ਰਧਾਨ ਮੰਤਰੀ ਨੂੰ 'ਗੁਜਰਾਤ ਦੇ ਕਸਾਈ' ਦਾ ਤਮਗਾ ਦਿੱਤਾ ਸੀ। ਇਹ ਤਮਗਾ ਸਿਰਫ਼ ਗੁਜਰਾਤ ਲਈ ਨਹੀਂ ਸਗੋਂ ਮਨੀਪੁਰ 'ਚ ਉਨ੍ਹਾਂ ਦੀ ਡਬਲ ਇੰਜਣ ਸਰਕਾਰ ਵੱਲੋਂ ਭੜਕਾਈ ਅੱਗ ਕਾਰਨ ਸੀ। ਇਸੇ ਦੌਰਾਨ ਯੂਰਪੀ ਯੂਨੀਅਨ ਨੇ ਮਨੀਪੁਰ ਦੀਆਂ ਘਟਨਾਵਾਂ ਉੱਤੇ ਮਤਾ ਪਾਸ ਕਰਕੇ ਇਨ੍ਹਾਂ ਲਈ ਮਨੀਪੁਰ ਪ੍ਰਸ਼ਾਸਨ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਸੀ।*

*ਸਪੱਸ਼ਟ ਤੌਰ 'ਤੇ ਦੇਖਿਆ ਜਾਵੇ ਤਾਂ ਭਾਜਪਾ ਸਰਕਾਰ ਮਨੀਪੁਰ ਵਿੱਚ ਮੋਦੀ ਦੇ ਗੁਜਰਾਤ ਮਾਡਲ ਨੂੰ ਹੀ ਦੁਹਰਾ ਰਹੀ ਹੈ। ਗੁਜਰਾਤ ਵਿੱਚ ਮੁਸਲਮਾਨ ਨਿਸ਼ਾਨੇ ਉੱਤੇ ਸਨ ਤੇ ਮਨੀਪੁਰ ਵਿੱਚ ਈਸਾਈ ਭਾਈਚਾਰਾ। ਗੁਜਰਾਤ ਵਿੱਚ ਮਸਜਿਦਾਂ ਜਲਾਈਆਂ ਗਈਆਂ ਸਨ ਤੇ ਮਨੀਪੁਰ ਵਿੱਚ 250 ਤੋਂ ਵੱਧ ਚਰਚ ਜਲਾ ਦਿੱਤੇ ਗਏ ਹਨ। ਮੁਸਲਮਾਨ ਔਰਤਾਂ ਦੇ ਬਲਾਤਕਾਰ ਦਾ ਜਿਹੜਾ ਪੈਟਰਨ ਗੁਜਰਾਤ ਵਿੱਚ ਲਾਗੂ ਕੀਤਾ ਗਿਆ ਸੀ, ਉਹੀ ਮਨੀਪੁਰ ਵਿੱਚ ਜਾਰੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਰਿਹਾ ਕਿ ਮਨੀਪੁਰ ਦੀ ਹਿੰਸਾ ਗੁਜਰਾਤ ਵਾਂਗ ਹੀ ਸਰਕਾਰ ਦੀ ਸਰਪ੍ਰਸਤੀ ਹੇਠ ਚਲ ਰਹੀ ਹੈ। ਸਰਕਾਰੀ ਅਸਲਾਖਾਨੇ ਮੈਤੇਈ ਗੁੰਡਾ ਗਰੋਹਾਂ ਲਈ ਖੋਲ੍ਹ ਦਿੱਤੇ ਗਏ ਸਨ। ਪ੍ਰਸ਼ਾਸਨ ਅਸਲਾਖਾਨੇ ਲੁੱਟੇ ਜਾਣ ਦੀ ਗੱਲ ਕਰ ਰਿਹਾ ਹੈ, ਜੋ ਨਿਰਾ ਝੂਠ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਅਸਲਾਖਾਨੇ ਲੁੱਟੇ ਗਏ, ਪਰ ਨਾ ਮੁਕਾਬਲਾ ਹੋਇਆ ਤੇ ਨਾ ਪਹਿਰੇਦਾਰ ਮਾਰੇ ਗਏ। ਇਹ ਗੱਲ ਤਿੰਨ ਔਰਤਾਂ ਨੂੰ ਨੰਗੇ ਕਰਨ ਤੇ ਇੱਕ ਨਾਲ ਬਲਾਤਕਾਰ ਦੀ ਘਟਨਾ ਵੀ ਸਾਬਤ ਕਰਦੀ ਹੈ ਕਿ ਮਨੀਪੁਰ ਵਿੱਚ ਜੋ ਹੋ ਰਿਹਾ ਹੈ, ਉਸ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੈ। ਇਸ ਅਣਮਨੁੱਖੀ ਕਾਰੇ ਦੀ ਇੱਕ ਪੀੜਤ ਨੇ ਬਿਆਨ ਦਿੱਤਾ ਹੈ ਕਿ ਪੁਲਸ ਨੇ ਉਨ੍ਹਾਂ ਨੂੰ ਜੰਗਲ ਵਿੱਚੋਂ ਫੜ ਕੇ ਮੈਤੇਈ ਭੀੜ ਦੇ ਹਵਾਲੇ ਕੀਤਾ ਸੀ। ਪੀੜਤਾਂ ਨੇ ਭੀੜ ਦੀ ਅਗਵਾਈ ਕਰ ਰਹੇ 5 ਵਿਅਕਤੀਆਂ ਦੇ ਨਾਂਅ ਵੀ ਦੱਸੇ ਹਨ। ਇਸ ਦੇ ਬਾਵਜੂਦ ਪੁਲਸ ਵੱਲੋਂ ਦਰਜ ਕੀਤੀ ਰਿਪੋਰਟ ਵਿੱਚ ਅਣਪਛਾਤੇ ਲਿਖ ਕੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ। ਇਹੋ ਨਹੀਂ 4 ਮਈ ਨੂੰ ਵਾਪਰੇ ਇਸ ਘਿਨੌਣੇ ਕਾਂਡ ਉੱਤੇ ਸਰਕਾਰ ਤੇ ਪ੍ਰਸ਼ਾਸਨ ਨੇ 75 ਦਿਨ ਪਰਦਾ ਪਾਈ ਰੱਖਿਆ ਤੇ ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਾ ਕੀਤਾ। ਤੇ ਜਦੋਂ ਵੀਡੀਓ ਵਾਇਰਲ ਹੋ ਗਈ ਤਦ ਦੋਸ਼ੀ ਝੱਟ ਗ੍ਰਿਫ਼ਤਾਰ ਕਰ ਲਏ ਗਏ। ਹੁਣ ਸਮਾਚਾਰ ਵੈੱਬਸਾਈਟ ਨਿਊਜ਼ਲਾਂਡਰੀ ਨੇ ਇੰਕਸ਼ਾਫ਼ ਕੀਤਾ ਹੈ ਕਿ ਇਸ ਘਟਨਾ ਬਾਰੇ ਦੋ ਮਨੀਪੁਰੀ ਔਰਤਾਂ ਨੇ ਕੌਮੀ ਮਹਿਲਾ ਕਮਿਸ਼ਨ ਨੂੰ 12 ਜੂਨ ਨੂੰ ਹੀ ਸ਼ਿਕਾਇਤ ਕਰ ਦਿੱਤੀ ਸੀ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।*

*ਦੁਨੀਆ ਭਰ ਵਿੱਚ ਮਨੀਪੁਰ ਦੀਆਂ ਘਟਨਾਵਾਂ ਕਾਰਨ ਹੋ ਰਹੀ ਬਦਨਾਮੀ ਦੇ ਬਾਵਜੂਦ ਪ੍ਰਧਾਨ ਮੰਤਰੀ ਨੇ ਚੁੱਪ ਵੱਟੀ ਰੱਖੀ। ਅਸਲ ਵਿੱਚ ਫਾਸ਼ੀਵਾਦੀ ਵਿਅਕਤੀ ਦੀ ਇਹ ਜ਼ਹਿਨੀਅਤ ਹੁੰਦੀ ਹੈ ਕਿ ਅਜਿਹੀਆਂ ਘਿਨੌਣੀਆਂ ਹਰਕਤਾਂ ਉਸ ਨੂੰ ਖੁਸ਼ੀ ਦਿੰਦੀਆਂ ਹਨ। ਔਰਤਾਂ ਦੇ ਬਲਾਤਕਾਰ, ਦੁੱਧ ਚੁੰਘਦੇ ਬੱਚਿਆਂ ਨੂੰ ਨੇਜ਼ਿਆਂ 'ਤੇ ਟੰਗਣ ਅਤੇ ਗਰਭਵਤੀ ਔਰਤਾਂ ਦੇ ਪੇਟ ਚੀਰ ਕੇ ਭਰੂਣਾਂ ਨੂੰ ਤੜਫਦੇ ਦੇਖ ਕੇ ਉਸ ਨੂੰ ਸਕੂਨ ਮਿਲਦਾ ਹੈ।*

*ਹੁਣ ਜਦੋਂ ਮਨੀਪੁਰ ਕਾਂਡ ਨੇ ਸਾਰੇ ਦੇਸ਼ ਨੂੰ ਦਹਿਲਾ ਦਿੱਤਾ ਹੈ ਤਾਂ ਪ੍ਰਧਾਨ ਮੰਤਰੀ ਨੇ ਸੰਸਦ ਵਿੱਚ ਸੱਚ ਦਾ ਸਾਹਮਣਾ ਕਰਨ ਦੀ ਥਾਂ ਪ੍ਰੈੱਸ ਕਾਨਫ਼ਰੰਸ ਵਿੱਚ ਗੋਗਲੂਆਂ ਤੋਂ ਮਿੱਟੀ ਝਾੜਨ ਵਰਗਾ ਬਿਆਨ ਦੇ ਦਿੱਤਾ ਹੈ। ਮਨੀਪੁਰ ਦੇ ਨਾਲ ਕਾਂਗਰਸ ਸ਼ਾਸਤ ਦੋ ਰਾਜਾਂ ਰਾਜਸਥਾਨ ਤੇ ਛੱਤੀਸਗੜ੍ਹ ਦਾ ਨਾਂਅ ਨਾਲ ਜੋੜ ਕੇ ਮਨੀਪੁਰ ਦੀ ਭਾਜਪਾ ਸਰਕਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਧਾਨ ਮੰਤਰੀ ਦੀ ਡੇਢ ਮਹੀਨੇ ਦੀ ਚੁੱਪ ਤੋਂ ਬਾਅਦ ਲੋੜ 36 ਸਕਿੰਟਾਂ ਦੇ ਬਿਆਨ ਦੀ ਨਹੀਂ ਸਗੋਂ ਹਿੰਸਾ ਨੂੰ ਰੋਕਣ ਲਈ ਐਕਸ਼ਨ ਦੀ ਸੀ। ਪ੍ਰਧਾਨ ਮੰਤਰੀ ਨੇ ਤਾਂ ਮਨੀਪੁਰ ਦੇ ਲੋਕਾਂ ਨੂੰ ਸ਼ਾਂਤੀ ਦੀ ਅਪੀਲ ਵੀ ਨਹੀਂ ਕੀਤੀ। ਇਸ ਤੋਂ ਸਾਫ਼ ਹੈ ਕਿ ਉਹ ਸ਼ਾਂਤੀ ਚਾਹੁੰਦੇ ਹੀ ਨਹੀਂ ।*

*ਪ੍ਰਧਾਨ ਮੰਤਰੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਬੜਾ ਬੇਕਿਰਕ ਹੁੰਦਾ ਹੈ। ਆਉਣ ਵਾਲਾ ਸਮਾਂ ਜਦੋਂ ਇਤਿਹਾਸ ਦੀ ਇਬਾਰਤ ਲਿਖੇਗਾ ਤਾਂ ਗੁਜਰਾਤ ਨੂੰ ਵੀ ਯਾਦ ਰੱਖੇਗਾ ਤੇ ਮਨੀਪੁਰ ਨੂੰ ਵੀ। ਉਸ ਸਮੇਂ ਇਤਿਹਾਸ ਦੇ ਸਫ਼ਿਆਂ ਉੱਤੇ ਨਰਿੰਦਰ ਮੋਦੀ ਦੀ ਤਸਵੀਰ ਹਿਟਲਰ ਤੇ ਚੰਗੇਜ਼ ਖਾਨ ਵਰਗੇ ਨਿਰਦਈਆਂ ਦੇ ਨਾਲ ਸੁਸ਼ੋਭਤ ਹੋਵੇਗੀ। ਆਉਣ ਵਾਲੀਆਂ ਪੀੜ੍ਹੀਆਂ ਉਸ ਨੂੰ ਇਤਿਹਾਸ ਦੇ ਇੱਕ ਕਾਲੇ ਦੌਰ ਦੇ ਜਨਕ ਵਜੋਂ ਨਫ਼ਰਤ ਨਾਲ ਯਾਦ ਕਰਿਆ ਕਰਨਗੀਆਂ। ਉਹ ਹੈਰਾਨ ਹੋਣਗੀਆਂ ਕਿ ਮਹਾਤਮਾ ਗਾਂਧੀ ਦੀ ਧਰਤੀ ਉੱਤੇ ਇੱਕ ਅਜਿਹਾ ਵਿਅਕਤੀ ਵੀ ਹੋਇਆ ਸੀ, ਜਿਸ ਵਿੱਚ ਇਨਸਾਨੀਅਤ ਨੂੰ ਛੱਡ ਕੇ ਬਾਕੀ ਸਭ ਕੁਝ ਸੀ। ਇੱਕ ਵਿਅਕਤੀ ਜਿਹੜਾ ਨਫ਼ਰਤ ਤੇ ਹਿੰਸਾ ਨਾਲ ਲਬਾਲਬ ਭਰਿਆ ਪਿਆ ਸੀ, ਪਰ ਪ੍ਰੇਮ ਤੇ ਭਾਈਚਾਰੇ ਦਾ ਦੁਸ਼ਮਣ ਸੀ।*

**-ਚੰਦ ਫਤਿਹਪੁਰੀ**

# ਧਰਮ ਨੂੰ ਸਿਆਸਤ 'ਤੇ ਹਾਵੀ ਨਾ ਹੋਣ ਦਿਓ

ਭਾਰਤੀ ਧਾਰਮਿਕ ਬਿਰਤੀ ਵਾਲੇ ਲੋਕ ਹਨ ਅਤੇ ਸਾਰੇ ਹੀ ਧਰਮ ਸੁਚੱਜੀ ਜੀਵਨ-ਜਾਚ ਦੇ ਮੁੱਦਈ ਹਨ, ਪਰ ਸਮੇਂ-ਸਮੇਂ 'ਤੇ ਰਾਜਨੀਤੀਵਾਨਾਂ ਨੇ ਧਰਮ ਨੂੰ ਸੱਤਾ ਹਾਸਲ ਕਰਨ ਲਈ ਢਾਲ ਬਣਾਇਆ। ਇੰਨਾਂ ਹੀ ਨਹੀਂ, ਲੋਕਾਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਾਉਣ ਲਈ ਭਾਰੀ ਜ਼ੁਰਮ ਵੀ ਕੀਤੇ। ਅਜ਼ਾਦ ਭਾਰਤ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਅਤੇ ਸੰਵਿਧਾਨ ਮੁਤਾਬਕ ਸਾਡਾ ਦੇਸ਼ ਇੱਕ ਸੈਕੂਲਰ ਦੇਸ਼ ਹੈ। ਇੱਥੋਂ ਦੇ ਬਸ਼ਿੰਦਿਆਂ ਨੂੰ ਕੋਈ ਵੀ ਧਰਮ ਅਪਨਾਉਣ ਅਤੇ ਮੰਨਣ ਦੀ ਪੂਰੀ ਅਜ਼ਾਦੀ ਹੈ। ਇੱਥੇ ਇਨਸਾਨੀਅਤ ਨੂੰ ਪਹਿਲ ਦਿੱਤੀ ਗਈ ਹੈ। ਹਰ ਇਨਸਾਨ ਨੂੰ ਆਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਨੂੰ ਮੰਨਣ ਦੀ ਪੂਰੀ ਖੁੱਲ੍ਹ ਹੈ, ਪਰ ਹੁਣ ਪਿਛਲੇ ਕੁੱਝ ਸਾਲਾਂ ਤੋਂ ਇਹੋ ਜਿਹਾ ਨਿਘਾਰ ਦੇਖਣ ਨੂੰ ਮਿਲਿਆ ਹੈ ਕਿ ਸੱਤਾ 'ਤੇ ਕਾਬਜ਼ ਲੋਕਾਂ ਨੇ ਆਪਣੀਆਂ ਆਰਥਿਕ ਨਾਕਾਮੀਆਂ ਨੂੰ ਛੁਪਾਉਣ ਲਈ ਧਰਮ ਦਾ ਸਹਾਰਾ ਲੈਂਦੇ ਹੋਏ ਰਾਸ਼ਟਰਵਾਦ ਦੇ ਨਾਂਅ 'ਤੇ ਧਰਮ ਚਲਾਉਣਾ ਚਾਹੁੰਦੇ ਹਨ। ਇਹ ਚੰਗਿਆੜੀ ਪਿਛਲੇ ਸਾਲਾਂ ਤੋਂ ਕਿਤੇ ਨਾ ਕਿਤੇ ਸੁੱਟੀ ਜਾ ਰਹੀ ਹੈ। ਇਹ ਕਾਫੀ ਦੇਰ ਆਪਣਾ ਅਸਰ ਨਹੀਂ ਦਿਖਾ ਸਕੀ, ਖਾਸ ਕਰਕੇ ਜਦੋਂ ਇੱਕ ਵਰਗ 'ਤੇ ਸਿੱਧੇ ਹਮਲੇ ਵੀ ਹੋਏ, ਪਰ ਇਸ ਨੂੰ ਫਿਰ ਕਿਸਾਨ ਅੰਦੋਲਨ ਦੌਰਾਨ ਲਾਲ ਕਿਲ੍ਹੇ ਦੀ ਘਟਨਾ ਤੋਂ ਰੰਗ ਦੇਣ ਦੀ ਕੋਸ਼ਿਸ਼ ਕੀਤੀ ਗਈ। ਅਸੀਂ ਬਚਦੇ ਰਹੇ, ਕਿਉਂਕਿ ਲੋਕ ਇੱਕ-ਦੂਜੇ ਦੇ ਨਾਲ ਸੀ। ਫਿਰ ਇਸ ਨੂੰ ਇੱਕ ਹੋਰ ਧਰਮ ਦੇ ਉਲਟ ਵਰਤਣ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਦੀ ਵਿਉਂਤ ਘੜਦੀ ਨਜ਼ਰ ਆਈ। ਇਸ ਵਿਚਾਰ ਦੇ ਪਿੱਛੇ ਕਾਰਨ ਹਨ, ਜਿਵੇਂ ਕਿ ਅੱਡ-ਅੱਡ ਸੂਬਿਆਂ ਵਿੱਚ ਧਰਮ ਅਸਥਾਨਾਂ ਦੇ ਕੰਟਰੋਲ ਵਿੱਚ ਸਰਕਾਰਾਂ ਦੀ ਦਖਲ-ਅੰਦਾਜ਼ੀ, ਧਰਮ ਅਸਥਾਨਾਂ ਦੀ ਸਾਂਭ-ਸੰਭਾਲ ਲਈ ਬਣੀ ਅਧਿਕਾਰਤ ਸੰਸਥਾ ਦੇ ਟੁਕੜੇ ਕਰਨੇ, ਯਾਨੀ ਹਰ ਸੂਬੇ ਦੀ ਆਪਣੀ ਸੰਸਥਾ ਖੜ੍ਹੀ ਕਰਨੀ। ਇਸ ਨਾਲ ਵੱਡੇ ਲੀਡਰਾਂ ਨੂੰ ਹੀ ਆਪਸ ਵਿੱਚ ਲੜਾ ਕੇ ਕਮਜ਼ੋਰ ਕਰਕੇ ਉਹਨਾਂ ਵਿੱਚੋਂ ਹੀ ਨਵੇਂ ਚਿਹਰੇ ਧਰਮ ਬਚਾਉਣ ਦੀ ਆੜ ਵਿੱਚ ਖੜ੍ਹੇ ਕਰਨੇ। ਇਸ 'ਤੇ ਵਿਸਥਾਰ-ਪੂਰਵਕ ਚਰਚਾ ਕਰਦੇ ਹਾਂ। ਸਮੱਸਿਆ ਦੀ ਜੜ੍ਹ ਹੈ ਸਾਡੇ ਆਮ ਲੋਕਾਂ ਦੀ ਅਗਿਆਨਤਾ, ਜਿਸ ਦਾ ਫਾਇਦਾ ਧਰਮ ਦੇ ਠੇਕੇਦਾਰ ਲੋਕਾਂ ਨੂੰ ਧਰਮ ਦੇ ਨਾਂਅ 'ਤੇ ਗੁੰਮਰਾਹ ਕਰਕੇ ਚੁੱਕਦੇ ਹਨ। ਸਿੱਖ ਧਰਮ ਵਿੱਚ ਮੰਨਿਆ ਜਾਂਦਾ ਹੈ ਜੋ ਹੋ ਰਿਹਾ ਹੈ, ਉਹ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ। ਕੋਈ ਸਿੱਖ ਕਿਸੇ ਤਕਲੀਫ ਵਿੱਚ ਹੁੰਦਾ ਹੈ ਪ੍ਰਚਾਰਕ ਉਸ ਨੂੰ 40 ਜਾਂ 108 ਜਾਂ ਐਨੇ ਪਾਠ ਕਰੋ ਸਭ ਠੀਕ ਹੋ ਜਾਵੇਗਾ। ਇਸ ਪਾਠ ਕਰਨ ਦੀ ਗਿਣਤੀ ਵਿੱਚ ਲੋਕ ਭੁੱਲ ਜਾਂਦੇ ਹਨ ਕਿ ਜਿਹੜੇ ਪਾਠ ਉਹ ਕਰ ਰਹੇ ਹਨ, ਉਹਨਾਂ ਵਿਚਲੇ ਸ਼ਬਦਾਂ ਦੀ ਗਹਿਰਾਈ ਦੇ ਅਸਲੀ ਅਰਥ ਕੀ ਹਨ। ਇਨਸਾਨ ਪਾਠ ਪੂਰੇ ਕਰਨ ਦੇ ਚੱਕਰ ਵਿੱਚ ਬਿਨਾਂ ਸਮਝੇ ਪਾਠ ਕਰੀ ਜਾਂਦਾ ਹੈ। ਇਹ ਵੀ ਨਹੀਂ ਸੋਚਦਾ ਕਿ ਧਿਆਨ ਲੱਗ ਵੀ ਰਿਹਾ ਹੈ ਜਾਂ ਨਹੀਂ। ਸਮਝ ਆਉਣੀ ਤੇ ਸੇਧ ਮਿਲਣੀ ਤਾਂ ਦੂਰ ਦੀ ਗੱਲ ਹੈ। ਹਰ ਇਨਸਾਨ ਜਿਸ ਨੂੰ ਇਹਨਾਂ ਅਰਥਾਂ ਦਾ ਥੋੜ੍ਹਾ ਜਿਹਾ ਗਿਆਨ ਹੋ ਜਾਂਦਾ ਹੈ, ਉਹ ਦੂਜਿਆਂ ਨੂੰ ਆਪਣੇ ਮਗਰ ਲਾ ਕੇ ਆਪਣੀ ਤਾਕਤ ਵਧਾਉਣ ਲੱਗ ਜਾਂਦਾ ਹੈ। ਅੱਜ ਹੋਇਆ ਇਹ ਕਿ ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਸਿੱਖ ਮਿਸਲਾਂ ਵਿੱਚ ਵੰਡੇ ਸੀ, ਉਸੇ ਤਰ੍ਹਾਂ ਅੱਜ ਸਭ ਆਪਣਾ-ਆਪਣਾ ਡਮਰੂ ਵਜਾਈ ਜਾਂਦੇ ਹਨ। ਸਾਡੇ ਦਸਮ ਪਾਤਸ਼ਾਹ ਨੇ ਸਿੱਖ ਧਰਮ ਵਿੱਚ ਜਾਤੀਵਾਦ ਨੂੰ ਖਤਮ ਕਰਨ ਲਈ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ, ਪਰ ਅਮਲੀ ਤੌਰ 'ਤੇ ਅਸੀਂ ਅਜੇ ਦੂਜੇ ਧਰਮਾਂ ਦੇ ਅਸਰ ਹੇਠੋਂ ਨਹੀਂ ਨਿਕਲ ਸਕੇ ਅਤੇ ਜਾਤ-ਪਾਤ ਨੂੰ ਮੁੱਢੋਂ ਨਹੀਂ ਨਕਾਰਿਆ। ਇਸ ਕਰਕੇ ਹਰ ਮੁਹੱਲੇ ਅਤੇ ਪਿੰਡ ਵਿੱਚ ਇੱਕ ਤੋਂ ਵੱਧ ਗੁਰਦੁਆਰੇ ਜਾਂ ਡੇਰੇ ਹਨ, ਜੋ ਵੱਖ-ਵੱਖ ਜਾਤੀਆਂ ਨਾਲ ਸੰਬੰਧਤ ਹਨ। ਇਥੇ ਹੈਰਾਨੀਯੋਗ ਗੱਲ ਹੈ ਕਿ ਪ੍ਰਕਾਸ਼ ਸਭ ਜਗ੍ਹਾ ਗੁਰੂ ਗ੍ਰੰਥ ਸਾਹਿਬ ਦਾ ਹੀ ਕਰਦੇ ਹਨ, ਪਰ ਮਰਿਯਾਦਾ ਅਲੱਗ-ਅਲੱਗ ਹੈ।



ਡਾ. ਅਮਨਪ੍ਰੀਤ ਸਿੰਘ ਬਰਾੜ

ਇੱਕ ਮਰਿਯਾਦਾ ਲਾਗੂ ਕਰਨ ਲਈ ਭਾਵੇਂ ਐੱਸ ਜੀ ਪੀ ਸੀ ਵੱਲੋਂ ਕਿਤਾਬ 'ਚ ਛਪਵਾਏ ਗਏ ਹਨ, ਪਰ ਫਿਰ ਵੀ ਗੁਰਦਵਾਰਿਆਂ ਜਾਂ ਡੇਰਿਆਂ ਦੀ ਮੈਨੇਜਮੈਂਟ ਦੇ ਹਿਸਾਬ ਨਾਲ ਕਈ ਤਰ੍ਹਾਂ ਦੀ ਮਰਿਯਾਦਾ ਵੇਖਣ ਨੂੰ ਮਿਲਦੀ ਹੈ। ਕਈ ਕੱਟੜਪੰਥੀ ਇਸ ਮਰਿਯਾਦਾ ਨੂੰ ਲਾਗੂ ਕਰਨ ਦੇ ਚੱਕਰ ਵਿੱਚ ਲੋਕਾਂ ਨੂੰ ਸਿੱਖੀ ਤੋਂ ਹੀ ਦੂਰ ਕਰੀ ਜਾਂਦੇ ਹਨ, ਜਦਕਿ ਇਸ ਦਾ ਸਿੱਧਾ ਫਾਇਦਾ ਸਰਕਾਰਾਂ ਦੇ ਇਸ਼ਾਰਿਆਂ 'ਤੇ ਚੱਲਣ ਵਾਲੇ ਡੇਰਿਆਂ ਨੂੰ ਹੈ, ਜਿਹੜੇ ਉਹਨਾਂ ਨੂੰ ਆਪਣੇ ਨਾਲ ਜੋੜੀ ਜਾਂਦੇ ਹਨ। ਅੱਜ ਸਾਰੇ ਲੀਡਰ ਚਿੰਤਤ ਹਨ ਕਿ ਪੰਜਾਬੀ ਸਿੱਖ ਵੀ ਆਪਣਾ ਧਰਮ ਪਰਿਵਰਤਨ ਕਰ ਰਹੇ ਹਨ, ਉਹ ਵੀ ਆਪਣੇ ਸੂਬੇ ਵਿੱਚ। ਗੱਲ ਸੋਚ ਕੇ ਦੇਖੋ ਇਹ ਉਹ ਹੀ ਪੰਜਾਬੀ ਹਨ, ਜਿਨ੍ਹਾਂ ਦੇ 1984 ਤੋਂ ਪਹਿਲਾਂ ਦਾੜ੍ਹੀ ਕੇਸ ਕੱਟੇ ਵੀ ਸੀ, ਪਰ ਉਹਨਾਂ ਨੇ ਦਰਬਾਰ ਸਾਹਿਬ 'ਤੇ ਹੋਏ ਹਮਲੇ ਤੋਂ ਬਾਅਦ ਰੱਖ ਲਏ ਸਨ। ਇਹ ਨਹੀਂ ਦੇਖਿਆ ਕਿ ਦਾੜ੍ਹੀ ਕੇਸ ਰੱਖ ਕੇ ਕਿਤੇ ਸਰਕਾਰੀ ਤਸ਼ੱਦਦ ਦੇ ਪਾਤਰ ਹੀ ਨਾ ਬਣ ਜਾਈਏ। ਇਹ ਸਭ ਉਹਨਾਂ ਨੇ ਕਿਸੇ ਦੇ ਕਹਿਣ 'ਤੇ ਨਹੀਂ ਕੀਤਾ, ਪਰ ਗੁਰੂ ਪ੍ਰਤੀ ਅੰਦਰੋਂ ਸ਼ਰਧਾ ਸੀ। ਇਹ ਉਹੀ ਪੰਜਾਬੀ ਹਨ, ਜਿਨ੍ਹਾਂ ਨੇ ਇਸਾਈ ਧਰਮ ਦੇ ਗੜ੍ਹ ਮੰਨੇ ਜਾਣ ਵਾਲੇ ਦੇਸ਼ਾਂ ਵਿੱਚ ਵੀ ਖਾਲਸਾਈ ਝੰਡੇ ਝੁਲਵਾ ਦਿੱਤੇ ਹਨ। ਫਿਰ ਇਹਨਾਂ ਨੂੰ ਆਪਣੇ ਸੂਬੇ ਵਿੱਚ ਕਿਸ ਤੋਂ ਖਤਰਾ ਹੋ ਗਿਆ ਧਰਮ ਪਰਿਵਰਤਨ ਕਰਨ ਲਈ। ਅਸਲ ਵਿੱਚ ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਆਪਣਿਆਂ ਨੇ ਹੀ ਗੁੰਮਰਾਹ ਕੀਤਾ ਅਤੇ ਆਪਣੇ ਧਰਮ ਦੇ ਠੇਕੇਦਾਰਾਂ ਤੋਂ ਵਿਸ਼ਵਾਸ ਉੱਠਣ ਵਾਲੇ ਦੂਜੇ ਪਾਸੇ ਜਾ ਰਹੇ ਹਨ।

ਅੱਜ ਕਈ ਕਥਾਵਾਚਕ ਜਦੋਂ ਕਥਾ ਸੁਣੋ ਤਾਂ ਪ੍ਰਵਚਨ ਦਿੰਦੇ ਨਜ਼ਰ ਆਉਂਦੇ ਹਨ ਕਿ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੋਂ ਬਚੋ, ਪਰ ਦੂਜੇ ਪਾਸੇ ਅਸਲੀਅਤ ਵਿੱਚ ਕਥਾ ਓਨੀ ਦੇਰ ਸ਼ੁਰੂ ਹੀ ਨਹੀਂ ਹੁੰਦੀ, ਜਿੰਨੀ ਦੇਰ ਤੱਕ ਭੇਟਾ ਤਹਿ ਨਹੀਂ ਹੋ ਜਾਂਦੀ। ਕਈ ਕੀਰਤਨੀਆਂ ਦੀ ਸੋਚ ਦਾ ਹਾਲ ਵੇਖ ਲਓ ਕੀਰਤਨ ਖਤਮ ਹੁੰਦੇ ਹੀ ਅਰਦਾਸ ਸ਼ੁਰੂ ਹੋ ਜਾਂਦੀ ਹੈ। ਇਹ ਅਰਦਾਸ ਵਿਚਾਲੇ ਛੱਡ ਕੇ ਚਲੇ ਜਾਂਦੇ ਹਨ।

ਮਰਿਯਾਦਾ ਦਾ ਖਿਆਲ ਤਾਂ ਕਈ ਸਾਡੇ ਧਾਰਮਿਕ ਆਗੂ ਵੀ ਨਹੀਂ ਰੱਖਦੇ। ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਾਲੀਆਂ ਕਮੇਟੀਆਂ ਦੇ ਆਗੂ ਆਖਿਰ ਵਿੱਚ ਗਾਲੀ-ਗਲੋਚ ਤਾਂ ਛੱਡੋ, ਪੱਗਾਂ ਲਾਹੁਣ ਤੱਕ ਵੀ ਜਾਂਦੇ ਹਨ। ਗੱਲ ਸੋਚਣ ਵਾਲੀ ਹੈ ਕਿ ਇਹ ਸਭ ਵਿੱਚ ਕੋਈ ਸ਼ਰਮ, ਸਤਿਕਾਰ ਗੁਰੂ ਗ੍ਰੰਥ ਸਾਹਿਬ ਦੀ ਵੀ ਨਹੀਂ ਮੰਨੀ ਜਾਂਦੀ, ਉਹਨਾਂ ਦੀ ਹਜ਼ੂਰੀ ਵਿੱਚ ਕੁੱਟ-ਮਾਰ ਹੁੰਦੀ ਹੈ। ਜਦੋਂ ਆਪਸ ਵਿੱਚ ਪੱਗਾਂ ਉੱਤਰਦੀਆਂ ਹਨ ਤਾਂ ਫਿਰ ਦੋਸ਼ ਕਿਸ ਨੂੰ। ਸਾਡੇ ਧਾਰਮਿਕ ਆਗੂਆਂ ਦਾ ਇਹੋ ਜਿਹਾ ਰਵੱਈਆ ਦੇਖ ਕੇ ਆਮ ਲੋਕ ਧਰਮ ਤੋਂ ਹੀ ਦੂਰ ਹੁੰਦੇ ਜਾਂਦੇ ਹਨ।



ਹੁਣ ਗੱਲ ਕਰਦੇ ਹਾਂ ਕਿ ਸਰਕਾਰਾਂ ਕਿਵੇਂ ਵੰਡੀਆਂ ਪਵਾਉਂਦੀਆਂ ਹਨ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ 2003 ਵਿੱਚ ਖੇਤਰੀ ਪਾਰਟੀ ਨੂੰ ਐੱਸ ਜੀ ਪੀ ਸੀ ਦੀਆਂ ਵੋਟਾਂ ਵਿੱਚ ਕਮਜ਼ੋਰ ਕਰਨ ਲਈ ਸਹਿਜਧਾਰੀ ਦਾ ਮੁੱਦਾ ਚੁੱਕਿਆ ਗਿਆ। ਜਿਸ ਤਹਿਤ ਸਿੱਖਾਂ ਨੂੰ ਸਿੱਖ ਰਹਿਤ ਮਰਿਯਾਦਾ ਵਿੱਚ ਵੰਡਿਆ ਗਿਆ, ਕਹਿਣ ਦਾ ਭਾਵ ਕਿ ਜੋ ਦਾੜ੍ਹੀ, ਕੇਸ ਕੱਟਦੇ ਸਨ, ਉਨ੍ਹਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਖੋ ਲਿਆ ਗਿਆ ਸੀ। 2016 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਮੁੱਦੇ 'ਤੇ ਕਾਨੂੰਨ ਨੂੰ ਰੱਦ ਕਰ ਦਿੱਤਾ, ਪਰ ਇਸ ਦੇ ਉਲਟ ਸੁਪਰੀਮ ਕੋਰਟ ਨੇ ਇਸ ਨੂੰ ਮੁੜ ਬਹਾਲ ਕੀਤਾ। ਫਿਰ ਕੇਂਦਰ ਸਰਕਾਰ ਨੇ ਸਿੱਖ ਗੁਰਦੁਆਰਾ ਐਕਟ 1925 ਵਿੱਚ ਹੀ ਸੋਧ ਕਰ ਦਿੱਤੀ। ਹੁਣ ਨਵਾਂ ਸਵਾਲ ਤਾਂ ਇਹ ਹੈ ਕਿ ਆਦਮੀ ਦੀ ਪਹਿਚਾਣ ਤਾਂ ਦਾੜ੍ਹੀ-ਕੇਸਾਂ ਤੋਂ ਕਰ ਲਈ, ਪਰ ਔਰਤਾਂ ਵਿੱਚ ਵਖਰੇਵਾਂ ਕਿਵੇਂ ਹੋਵੇਗਾ।

ਇਸ ਸਿਲਸਿਲੇ ਨੂੰ ਅੱਗੇ ਤੋਰਦੇ ਹੋਏ ਸਾਡੇ ਹੀ ਕੁੱਝ ਲੋਕਾਂ ਨੇ ਆਪ ਸੱਤਾ ਦੀ ਤਾਕਤ ਵਰਤਣ ਲਈ ਸਰਕਾਰ ਦੇ ਇਸ਼ਾਰਿਆਂ ਤੇ ਕੰਮ ਕਰਦੇ ਹੋਏ 2014 ਵਿੱਚ ਅੱਡ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਵਾ ਲਈ। ਜਿਸ 'ਤੇ ਵਿਵਾਦ ਹੁਣ ਖਤਮ ਹੋਇਆ ਹੈ, ਜਦੋਂ ਸੁਪਰੀਮ ਕੋਰਟ ਨੇ ਇਸ ਨੂੰ ਜਾਇਜ਼ ਮੰਨ ਲਿਆ ਹੈ। ਇਸੇ ਤਰ੍ਹਾਂ ਦਾ ਵਿਵਾਦ ਮਹਾਰਾਸ਼ਟਰ ਵਿੱਚ ਤਖਤ ਨੰਦੇੜ ਸਾਹਿਬ ਦੇ ਬੋਰਡ ਨੂੰ ਬਦਲਣ ਦਾ ਹੋਇਆ ਸੀ।

ਇਸ ਵੇਲੇ ਸਾਨੂੰ ਆਮ ਲੋਕਾਂ ਨੂੰ ਲੋੜ ਹੈ ਰਾਜਨੀਤੀ ਨੂੰ ਧਰਮ ਤੋਂ ਅਲੱਗ ਰੱਖੀਏ, ਧਰਮ ਲਈ ਗੁਰੂ ਦਾ ਪੱਲਾ ਫੜੀਏ। ਯਾਨੀ ਕਹਿਣ ਦਾ ਭਾਵ ਕਿ ਗੁਰਬਾਣੀ ਦੇ ਲੜ ਲੱਗੀਏ ਅਤੇ ਸ਼ਬਦ ਗੁਰੂ ਨੂੰ ਸਮਝਣ ਅਤੇ ਪਹਿਚਾਨਣ ਦੀ ਕੋਸ਼ਿਸ਼ ਕਰੀਏ। ਜੇ ਕੋਈ ਬੰਦਾ ਸਾਨੂੰ ਅਰਥ ਦੱਸਦਾ ਹੈ ਤਾਂ ਉਹਨਾਂ ਅਰਥਾਂ ਨੂੰ ਆਪਣਾ ਦਿਮਾਗ ਲਾ ਕੇ ਸਮਝੀਏ। ਦੂਸਰਾ ਉਸ ਸਮਝਾਉਣ ਵਾਲੇ ਨੂੰ ਗੁਰੂ ਨਾ ਬਣਾ ਲਈਏ ਤਾਂ ਕਿ ਉਹ ਸਾਨੂੰ ਆਪਣੇ ਨਿੱਜੀ ਸੁਆਰਥ ਲਈ ਵਰਤ ਸਕੇ।

ਸਾਰੇ ਸਿੱਖ ਸਿਆਸਤਦਾਨਾਂ, ਬੁੱਧੀਜੀਵੀਆਂ ਅਤੇ ਧਾਰਮਿਕ ਆਗੂਆਂ ਨੂੰ ਬੇਨਤੀ ਹੈ ਕਿ ਅਸੀਂ ਜੇ ਧਰਮ ਨੂੰ ਬਚਾਉਣਾ ਹੈ ਅਤੇ ਆਪਣੀ ਹੋਂਦ ਕਾਇਮ ਰੱਖਣੀ ਹੈ ਤਾਂ ਅਸੀਂ ਸਾਰੇ ਗੁਰੂ ਦੀ ਛਤਰੀ ਹੇਠ ਆ ਜਾਈਏ। ਮਹਾਰਾਜਾ ਰਣਜੀਤ ਸਿੰਘ ਨੇ ਵੀ ਜਦੋਂ ਮਿਸਲਾਂ ਇਕੱਠੀਆਂ ਕਰ ਲਈਆਂ ਸਨ ਤਾਂ ਹੀ ਖਾਲਸਾ ਰਾਜ ਦੀ ਸਥਾਪਨਾ ਹੋਈ ਸੀ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੂੰ ਜਦੋਂ ਹਾਰ ਮਿਲੀ, ਉਹ ਆਪਣਿਆਂ ਤੋਂ ਮਿਲੀ। ਬਾਹਰਲੇ ਸਾਡਾ ਕੁੱਝ ਨਹੀਂ ਵਿਗਾੜ ਸਕੇ। ਜਿਹੜੇ ਏਜੰਟ ਸਾਡੇ ਵਿੱਚ ਫੁੱਟ ਪਾਉਣ ਲਈ ਵਾੜੇ ਜਾਂਦੇ ਹਨ, ਉਹਨਾਂ ਤੋਂ ਬਚੋ। ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੀ ਮਾਨਤਾ ਸਾਡੀ ਚੁਣੀ ਹੋਈ ਸੰਸਥਾ ਐੱਸ ਜੀ ਪੀ ਸੀ ਨੂੰ ਹੀ ਦਿਓ ਅਤੇ ਅਕਾਲ ਤਖਤ ਨੂੰ ਸਰਵਉੱਚ ਮੰਨੋ। ਇਸ ਵਿੱਚ ਅਕਾਲ ਤਖਤ ਦੇ ਜਥੇਦਾਰ ਦਾ ਅਕਸ ਵੀ ਲੋਕਾਂ ਨੂੰ ਸਰਵੋਚਤਮ ਨਜ਼ਰ ਆਵੇ।

*# ਸੰਪਰਕ : 96537-90000*

# ਆਪਣੀ ਧਰਤੀ ਤੋਂ ਹੋਵੇ ਪੰਜਾਬੀ ਦੀ ਗੱਲ

ਇਹਨਾਂ ਦਿਨਾਂ ਵਿਚ ਦੇਸ਼ ਤੋਂ ਬਾਹਰੋਂ ਖਾਲਿਸਤਾਨ ਬਾਰੇ ਸਰਗਰਮੀਆਂ ਦੀਆਂ ਖ਼ਬਰਾਂ ਆ ਰਹੀਆਂ ਹਨ, ਜਿਹਨਾਂ ਨੂੰ ਪੰਜਾਬ ਦੇ ਕੁਝ ਅਖਬਾਰ ਉਭਾਰ ਕੇ ਛਾਪ ਰਹੇ ਹਨ। ਸੰਤੁਲਿਤ ਰਾਜਸੀ ਸੋਚ ਵਾਲਿਆਂ ਦਾ ਅਨੁਮਾਨ ਹੈ ਕਿ ਇਹ ਚਰਚਾ ਅਗਲੇ ਨੌਂ, ਦਸ ਮਹੀਨਿਆਂ ਤੱਕ ਜਾਰੀ ਰਹੇਗੀ, 2024 ਦੀਆਂ ਚੋਣਾਂ ਤੋਂ ਪਿੱਛੋਂ ਦਬ ਜਾਏਗੀ।

ਬਾਹਰ ਬੈਠੇ ਕੁਝ ਵਿਅਕਤੀ ਪੰਜਾਬ ਦੀ ਜਿਸ ਧਰਤੀ 'ਤੇ ਇਹ ਰਾਜਸੀ ਢਾਂਚਾ ਬਣਾਉਣ ਦੇ ਨਾਹਰੇ ਲਾ ਰਹੇ ਹਨ, ਜਿਸ ਦੇ ਵਸਨੀਕਾਂ ਦੀ ਇਹ ਮੰਗ ਨਾ ਪਹਿਲਾਂ ਸੀ, ਨਾ ਹੁਣ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਮਾਸਟਰ ਤਾਰਾ ਸਿੰਘ ਤੋਂ ਲੈ ਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸੰਤ ਫਤਿਹ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਕਿੰਨੇ ਹੀ ਅੰਦੋਲਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਜੇਲ੍ਹਾਂ ਭਰੀਆਂ, ਪਰ ਕਿਸੇ ਵੀ ਸਮੇਂ 'ਖਾਲਿਸਤਾਨ' ਦਾ ਨਾਹਰਾ ਨਹੀਂ ਉੱਭਰਿਆ। ਧੜੱਲੇਦਾਰ ਕਾਂਗਰਸੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਵੰਗਾਰ ਕੇ ਜੇਲ੍ਹ ਕੱਟਣ ਵਾਲੇ ਜਥੇਦਾਰ ਮੋਹਨ ਸਿੰਘ ਤੁੜ ਅਤੇ ਮਾਝੇ ਤੋਂ ਹੋਰ ਨਾਮੀ ਜਥੇਦਾਰਾਂ ਨੇ ਸਰਕਾਰਾਂ ਨਾਲ ਟੱਕਰ ਤਾਂ ਲਈ, ਪਰ ਕਿਸੇ ਨੇ ਵੀ ਖਾਲਿਸਤਾਨ ਦੀ ਲੋੜ ਨਹੀਂ ਦਰਸਾਈ। ਇਸ ਮੰਗ ਦੀ ਪੰਜਾਬੀਆਂ, ਖਾਸ ਕਰਕੇ ਸਿੱਖਾਂ ਨੂੰ ਕੋਈ ਲਾਭ ਨਹੀਂ।

ਅੱਜ ਵੇਖ ਰਹੇ ਹਾਂ ਕਿ ਸਿੱਖੀ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਤੇ ਜੋਤੀ ਜੋਤ ਸਮਾਉਣ ਦੇ ਅਸਥਾਨ ਪਾਕਿਸਤਾਨ ਵਿਚ ਹਨ। ਬੜੇ ਤਰੱਦਦ ਬਾਅਦ ਪਾਕਿਸਤਾਨ ਵਿਚਲੇ ਕਰਤਾਰਪੁਰ ਲਈ ਲਾਂਘਾ ਮਿਲਿਆ ਹੈ। ਅੱਜ ਵੀ ਬਹੁਤੀ ਸੰਗਤ ਸਰਹੱਦ ਤੋਂ ਦੂਰਬੀਨ ਰਾਹੀਂ ਦਰਸ਼ਨ ਕਰਦੀ ਹੈ। ਸਿੱਖਾਂ ਦੇ ਸਤਿਕਾਰਤ ਪੰਜ ਤਖਤਾਂ ਵਿੱਚੋਂ ਦੋ ਪੰਜਾਬ ਤੋਂ ਬਾਹਰ ਹਨ। ਅੰਮ੍ਰਿਤਧਾਰੀ ਸਿੱਖੀ ਸਰੂਪ ਪ੍ਰਦਾਨ ਕਰਨ ਦੇ ਮੋਢੀ ਪੰਜ ਪਿਆਰਿਆਂ ਵਿੱਚੋਂ ਚਾਰ ਦੀ ਜਨਮ ਭੂਮੀ ਪੰਜਾਬ ਤੋਂ ਬਾਹਰ ਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰਗੱਦੀ ਦੀ ਨਮਸਕਾਰ ਕਰਨ ਵਾਲਾ ਸਥਾਨ ਵੀ ਪੰਜਾਬ ਤੋਂ ਬਾਹਰ ਹੈ। ਖਾਲਿਸਤਾਨ ਦਾ ਅਰਥ ਇਹਨਾਂ ਸਭ ਤੋਂ ਵਾਂਝੇ ਹੋਣਾ ਅਤੇ ਨਨਕਾਣਾ ਸਾਹਿਬ ਤੇ ਕਰਤਾਰਪੁਰ ਵਾਂਗ ਵੀਜ਼ੇ ਨੂੰ ਤਰਸਣਾ ਹੋਵੇਗਾ, ਜਦੋਂ ਕਿ ਇੱਕ ਛੋਟੇ ਜਿਹੇ ਖਿੱਤੇ ਦੀ ਰਾਜ ਸੱਤਾ ਦਾ ਕੋਈ ਲਾਭ ਨਹੀਂ ਹੋਵੇਗਾ। ਅੱਜ ਪੰਜਾਬ ਵਾਸੀ ਆਪਣੀਆਂ ਮੰਗਾਂ ਲਈ ਸਮੇਂ ਦੇ ਹਾਕਮਾਂ ਦੀ ਹਿੱਕ 'ਤੇ ਗੋਡਾ ਰੱਖਣ ਜਿਹੀ ਭਵਕ ਮਾਰਦੇ ਹਨ, ਫਿਰ ਚਾਰ ਚੁਫੇਰਿਓਂ ਵਿਰੋਧੀ ਵੱਡੀਆਂ ਸ਼ਕਤੀਆਂ ਵਿਚ ਘਿਰ ਜਾਣਗੇ। ਇਸ ਸਥਿਤੀ ਕਾਰਨ ਪੰਜਾਬ ਦੀ ਲੀਡਰਸ਼ਿਪ ਨੇ ਇਹ ਮੰਗ ਚਿਤਵੀ ਵੀ ਨਹੀਂ ਅਤੇ ਨਾ ਹੀ ਕਿਸੇ ਜਨਤਕ ਜਥੇਬੰਦੀ ਨੇ ਇਸ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾਇਆ ਹੈ। ਹੁਣ ਕੁਝ ਸਮੇਂ ਤੋਂ ਅਮਰੀਕਾ, ਕੈਨੇਡਾ ਆਦਿ ਵਿਦੇਸ਼ਾਂ ਤੋਂ ਕੁਝ ਵਿਅਕਤੀ (ਜੋ ਆਪਣੇ ਨਾਵਾਂ ਨਾਲ ਆਪ ਹੀ ਕਈ ਅਹੁਦੇ ਲਾ ਕੇ) ਕੌਮ ਦੇ ਆਗੂ ਹੋਣ ਦਾ ਦਾਅਵਾ ਕਰਦਿਆਂ ਕੇਸਰੀ ਝੰਡੇ ਲੈ ਕੇ ਨਾਹਰੇ ਲਾ ਰਹੇ ਹਨ। ਇਹਨਾਂ ਦੀ ਗਿਣਤੀ ਬਾਹਰ ਰਹਿ ਰਹੀ ਪੰਜਾਬੀ ਵਸੋਂ ਦਾ ਕੁਝ ਫੀਸਦੀ ਹਿੱਸਾ ਵੀ ਨਹੀਂ ਹੈ। ਐਸੋਸੀਏਸ਼ਨ ਟਾਇਮਜ਼ ਵੱਲੋਂ ਕੀਤੇ ਸਰਵੇ ਅਨੁਸਾਰ ਕੈਨੇਡਾ ਵਿਚ ਪੰਜਾਬ ਨਾਲ ਸਬੰਧਤ ਵਸੋਂ ਦਾ ਸਿਰਫ 2 ਫੀਸਦੀ ਹੀ ਖਾਲਿਸਤਾਨ ਦੀ ਗੱਲ ਕਰਨ ਵਾਲੇ ਹਨ। ਉਹਨਾਂ ਦਾ ਅਸਲ ਮਕਸਦ ਪੰਜਾਬ ਵਾਸੀਆਂ ਨੂੰ ਪ੍ਰੇਸ਼ਾਨ ਕਰਨ ਦਾ ਹੈ। ਸਰਵੇ ਵਿਚ ਇਹ ਵੇਰਵਾ ਵੀ ਸਾਹਮਣੇ ਆਇਆ ਕਿ ਕੈਨੇਡਾ ਵਿਚੋਂ ਖਾਲਿਸਤਾਨ ਦੇ ਨਾਂਅ 'ਤੇ ਇਕੱਠੇ ਕੀਤੇ ਜਾਂਦੇ ਫੰਡ ਦਾ ਵੱਡਾ ਹਿੱਸਾ ਨਿੱਜੀ ਸਵਾਰਥਾਂ ਲਈ ਵਰਤਿਆ ਜਾਂਦਾ ਹੈ। ਇਸ ਸਰਵੇ ਅਨੁਸਾਰ ਕੈਨੇਡਾ ਵਿਚਲੇ ਭਾਰਤੀ ਪ੍ਰਵਾਸੀਆਂ ਦੀ 90 ਫੀਸਦੀ ਵਸੋਂ ਨੇ ਇਸ ਅੰਦੋਲਨ ਤੋਂ ਆਪਣੀਆਂ ਭਾਵਨਾਵਾਂ ਨੂੰ ਦੂਰ ਦਰਸਾਇਆ ਹੈ। ਉਹਨਾਂ ਇਹ ਵੀ ਕਿਹਾ ਕਿ ਕਈ ਬੇਰੁਜ਼ਗਾਰ ਨੌਜਵਾਨ ਖਾਲਿਸਤਾਨ ਦੇ ਨਾਂਅ 'ਤੇ ਪੈਸੇ ਇਕੱਠੇ ਕਰਕੇ ਐਸ਼ ਕਰ ਰਹੇ ਹਨ। ਸੰਖੇਪ ਵਿਚ ਕਹਿ ਸਕਦੇ ਹਾਂ ਕਿ ਸਰਵੇ ਕਰਨ ਵਾਲਿਆਂ ਜਿੰਨੇ ਵੀ ਸਵਾਲ ਕੀਤੇ, ਉੱਥੇ ਰਹਿ ਰਹੇ ਭਾਰਤੀ ਮੂਲ ਦੀ ਵਸੋਂ ਦੇ ਵੱਡੇ ਹਿੱਸੇ ਨੇ ਇਸ ਨਾਹਰੇ ਨੂੰ ਨਕਾਰਿਆ ਹੀ ਹੈ।



ਜਗੀਰ ਸਿੰਘ ਜਗਤਾਰ

ਪਿਛਲੇ ਕੁਝ ਸਮੇਂ ਤੋਂ ਹਾਕਮ ਧਿਰ ਪੰਜਾਬ ਦੀ ਰਾਜ ਸੱਤਾ ਹਥਿਆਉਣ ਲਈ ਕਈ ਭਾਂਤ ਦਾ ਰਾਜਸੀ ਤਾਣਾ-ਬਾਣਾ ਉਸਾਰ ਰਹੀ ਹੈ। ਇੱਕ ਪਾਸੇ ਸੂਬੇ ਦੀਆਂ ਸਾਰੀਆਂ 13 ਸੀਟਾਂ ਤੋਂ ਆਪਣੇ ਉਮੀਦਵਾਰ ਜਿਤਾਉਣ ਲਈ ਪੇਂਡੂ ਵੋਟਰਾਂ ਤੱਕ ਪਹੁੰਚ ਕਰਨ ਵਾਲੇ ਦੂਜੀਆਂ ਪਾਰਟੀਆਂ ਵਿਚਲੇ ਚਿਹਰਿਆਂ ਨੂੰ ਦਲਬਦਲੀ ਕਰਾ ਕੇ ਆਪਣੀ ਪਾਰਟੀ ਵਿਚ ਸ਼ਾਮਲ ਕਰ ਰਹੇ ਹਨ। ਆਪਣੇ ਪੁਰਾਣੇ ਆਗੂਆਂ ਤੇ ਵਰਕਰਾਂ ਨੂੰ ਪਿੱਛੇ ਕਰਕੇ ਨਵਿਆਂ ਨੂੰ ਅਹੁਦਿਆਂ ਨਾਲ ਨਿਵਾਜਿਆ ਜਾ ਰਿਹਾ ਹੈ। ਹਾਕਮ ਪਾਰਟੀ ਉਸ ਦੇ ਵੱਡੇ ਆਗੂ ਵਿਖਾਵੇ ਵਜੋਂ ਕਿਸਾਨਾਂ, ਪੰਜਾਬੀਆਂ, ਸਿੱਖਾਂ ਦੀਆਂ ਮੰਗਾਂ, ਉਮੰਗਾਂ ਨੂੰ ਪੂਰੇ ਕਰਨ ਦੇ ਦਾਅਵੇ ਕਰ ਰਹੇ ਹਨ, ਜਦੋਂ ਕਿ ਉਹਨਾਂ ਦੀ ਕਾਰਜ ਸ਼ੈਲੀ ਦਹਾਕਿਆਂ ਤੋਂ ਕੋਹਾਂ ਦੂਰ ਹੈ। ਭਾਜਪਾ ਦੀ ਅਸਲ ਨੀਤੀ ਪਾੜੋ ਤੇ ਰਾਜ ਕਰਦੀ ਹੈ। ਇਸ ਪੱਖੋਂ ਸਮਝਿਆ ਜਾ ਰਿਹਾ ਹੈ ਕਿ ਬਾਹਰ ਬੈਠ ਕੇ ਨਾਅਰੇ ਲਾਉਣ ਵਾਲਿਆਂ ਨੂੰ ਭਾਰਤ ਦੀ ਹਾਕਮ ਧਿਰ ਦੀ ਗੱਫੇ ਵਰਤਾ ਰਹੀ ਹੈ। ਪੰਜਾਬ ਵਿਚ ਲੁਕ-ਛਿਪ ਕੇ ਕੰਧਾਂ, ਕੌਲਿਆਂ 'ਤੇ ਨਾਹਰੇ ਲਿਖੇ ਮਿਲਦੇ ਹਨ, ਜਿਸ ਦਾ ਗੋਦੀ ਮੀਡੀਆ ਉਭਾਰ ਕੇ ਪ੍ਰਚਾਰ ਕਰਦਾ ਹੈ, ਉਹ ਕਿਸੇ ਸ਼ਰਧਾਲੂ ਦਾ ਉੱਦਮ ਨਹੀਂ ਹੁੰਦਾ, ਬੇਕਾਰ ਨੂੰ ਚਾਰ ਪੈਸੇ ਦੇ ਕੇ ਕਰਵਾਈ ਸ਼ਰਾਰਤ ਹੀ ਹੁੰਦੀ ਹੈ।

ਪੰਜਾਬੀ ਰੋਜ਼ੀ, ਰੋਟੀ ਲਈ ਸਦੀਆਂ ਤੋਂ ਪਰਵਾਸ ਕਰ ਰਹੇ ਹਨ। ਜਦ ਉਹਨਾਂ ਨੂੰ ਕਿਸੇ ਚੇਤਨਾ ਦੀ ਚਿਣਗ ਲੱਗੀ ਤਾਂ ਉਸ ਨੂੰ ਅਮਲੀ ਰੂਪ ਦੇਣ ਲਈ ਆਪਣੀ ਧਰਤੀ 'ਤੇ, ਆਪਣੇ ਲੋਕਾਂ ਵਿਚ ਆਏ। ਉਹ ਗਦਰੀ ਸੂਰਬੀਰਾਂ, ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਰ੍ਹਾਂ ਆਪਣੀ ਧਰਤੀ 'ਤੇ ਆਏ ਅਤੇ ਅਹੁਤੀਆਂ ਪਾਈਆਂ। ਉਹਨਾਂ ਵਿਚ ਕਾਂਸ਼ੀ ਰਾਮ ਮਝੌਲੀ, ਰਹਿਮਤ ਅਲੀ ਵਜੀਦਕੀ, ਬਾਬਾ ਸੋਹਣ ਸਿੰਘ ਭਕਨਾ ਆਦਿ ਅਨੇਕਾਂ ਸੂਰਬੀਰ ਹਨ, ਉਨ੍ਹਾਂ ਵਿੱਚੋਂ ਕਿਸੇ ਨੇ ਵੀ ਅੱਜ ਦੇ ਟਪੂਸੀਮਾਰਾਂ ਦੀ ਤਰ੍ਹਾਂ ਬਾਹਰੋਂ ਬੈਠ ਕੇ ਲੋਕਾਂ ਨੂੰ ਅੱਗੇ ਹੋਣ, ਆਪ ਪਿੱਛੇ ਰਹਿਣ ਦੀ ਕਾਰਜਸ਼ੈਲੀ ਨਹੀਂ ਸੀ ਅਪਣਾਈ। ਦੇਸ਼ ਦੇ ਮੌਜੂਦਾ ਹਾਕਮਾਂ ਨੇ ਆਪਣੇ ਨੌਂ ਸਾਲਾ ਰਾਜ ਵਿਚ ਕਿਸਾਨਾਂ, ਖੇਤ ਮਜ਼ਦੂਰਾਂ, ਹੋਰ ਪੇਂਡੂ ਮਿਹਨਤਕਸ਼ ਸਨਅਤੀ ਮਜ਼ਦੂਰਾਂ ਅਤੇ ਨੌਜਵਾਨਾਂ ਦੀਆਂ ਮੰਗਾਂ, ਉਮੰਗਾਂ ਨੂੰ ਅੱਖੋਂ-ਓਹਲੇ ਹੀ ਨਹੀਂ ਕੀਤਾ, ਉਸ ਦੇ ਵਿਪਰੀਤ ਕਾਰਜਸ਼ੈਲੀ ਅਪਣਾਈ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਇਸ ਦੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਹੋਰ ਪੇਂਡੂ ਮਿਹਨਤਕਸ਼ਾਂ ਤੋਂ ਜ਼ਮੀਨਾਂ ਖੋਹ ਕੇ ਉਹਨਾਂ ਨੂੰ ਸੜਕਾਂ ਕਿਨਾਰੇ ਖੜ੍ਹੇ ਕਰਨ ਹਿਤ ਤਿੰਨ ਖੇਤੀ ਕਾਨੂੰਨ ਲਿਆਂਦੇ ਸੀ। ਉਸ ਨੂੰ ਸਮੇਂ ਸਿਰ ਭਾਂਪ ਕੇ ਕਿਸਾਨਾਂ ਨੇ ਸਿਰਲੱਥ ਸੰਘਰਸ਼ ਰਾਹੀਂ, ਇੱਕ ਵਾਰ ਬਚਾਅ ਕਰ ਲਿਆ ਹੈ। ਜਦ ਵੀ ਸਰਕਾਰ ਦਾ ਦਾਅ ਚੱਲਿਆ, ਉਹ ਫਿਰ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਅੱਗੇ ਕਰੇਗੀ। ਪੰਜਾਬ ਨੇ ਅੱਗੇ ਕਿਸਾਨ ਅੰਦੋਲਨ ਦੀ ਅਗਵਾਈ ਕਰਕੇ ਦੇਸ਼ ਦੇ ਕਿਸਾਨਾਂ ਦੀ ਜ਼ਮੀਨ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥ ਜਾਣ ਤੋਂ ਬਚਾਈ। ਹੁਣ ਪੰਜਾਬ ਸਿਰ ਦੇਸ਼ ਦੀ ਸੁਤੰਤਰਤਾ ਦੀ ਰਾਖੀ ਦਾ ਜ਼ੁੰਮਾ ਆ ਗਿਆ ਹੈ।

**# ਸੰਪਰਕ : 94179-71600**

# ਵੀਰ ! ਕਿੰਨਾ ਕੁ ਵੀਰ ? ਕਿਨ੍ਹਾਂ ਲਈ ਵੀਰ ?

ਵਿਸ਼ੇ ਦੀ ਸ਼ੁਰੂਆਤ ਇੱਥੋਂ ਕਰੀਏ ਕਿ ਸਾਵਰਕਰ ਦੇ ਨਾਂਅ ਨਾਲ ਵੀਰ ਕਦੋਂ ਜੁੜਿਆ ਅਤੇ ਕਿਸ ਨੇ ਜੋੜਿਆ। ਇਹ ਨਾਂਅ ਹੋਰ ਕਿਸੇ ਨੇ ਨਹੀਂ ਜੋੜਿਆ, ਸਗੋਂ ਸਭ ਤੋਂ ਪਹਿਲਾਂ ਰਤਨਾਗਿਰੀ ਜੇਲ੍ਹ ਵਿਚ 1922 ਵਿਚ ਆਪਣੀ ਜੀਵਨ ਕਥਾ ਲਿਖਣ ਵੇਲੇ ਆਪ ਹੀ ਆਪਣੇ ਨਾਂਅ ਨਾਲ ਸ਼ਬਦ ਵੀਰ ਜੋੜ ਦਿੱਤਾ ਅਤੇ ਹੁਣ ਆਰ ਐੱਸ ਐੱਸ ਦਾ ਸਾਰਾ ਕੇਡਰ ਵਿਨਾਇਕ ਦਮੋਦਰ ਸਾਵਰਕਰ ਨੂੰ ਵੀਰ ਸਾਵਰਕਰ ਕਹਿ ਰਿਹਾ ਹੈ। ਹੁਣ ਗੱਲ ਨੂੰ ਅੱਗੇ ਤੋਰਦੇ ਹਾਂ ਕਿ ਇਹ ਕਿੰਨਾ ਕੁ ਵੀਰ ਸੀ ? 1910-11 ਵਿਚ ਸਾਵਰਕਰ ਨੂੰ ਦੇਸ਼ ਧ੍ਰੋਹ ਅਤੇ ਭਾਰਤ ਦੇ ਇੱਕ ਡੀ. ਸੀ ਨੂੰ ਕਤਲ ਕਰਨ ਦੇ ਦੋਸ਼ ਵਿਚ 25-25 ਸਾਲ ਦੀਆਂ ਦੋ ਸਜ਼ਾਵਾਂ ਅੱਗੜ-ਪਿੱਛੜ ਚੱਲਣ ਵਾਲੀਆਂ ਹੋਈਆਂ, ਮਤਲਬ 50 ਸਾਲ ਦੀ ਜੇਲ੍ਹ ਹੋਈ। ਜਦੋਂ ਉਸ ਨੂੰ ਜੇਲ੍ਹ ਵਿਚ ਬੰਦ ਕਰਨ ਲਈ ਭਾਰਤ ਲਿਆਇਆ ਜਾ ਰਿਹਾ ਸੀ ਤਾਂ ਉਸ ਨੇ ਸਮੁੰਦਰੀ ਜਹਾਜ਼ ਵਿੱਚੋਂ ਛਾਲ ਮਾਰ ਕੇ ਫਰਾਂਸ ਵਿਚ ਸ਼ਰਣ ਲੈਣ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਿਹਾ। ਭਾਰਤ ਲਿਆ ਕੇ ਉਸ ਨੂੰ ਅੰਡੇਮਾਨ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ। ਅੰਡੇਮਾਨ ਦੀ ਜੇਲ੍ਹ ਵਿਚ ਹੋਰ ਵੀ ਕਈ ਭਾਰਤੀ ਕੈਦੀ ਸਨ। ਇਹਨਾਂ ਵਿੱਚੋਂ ਕੁਝ ਕੈਦੀ ਤਸੀਹੇ ਝੱਲ ਕੇ ਵੀ ਕੈਦ ਪੂਰੀ ਕਰਕੇ ਜੇਲ੍ਹ ਵਿੱਚੋਂ ਬਾਹਰ ਆ ਗਏ। ਕਈ ਤਸੀਹੇ ਨਾ ਝੱਲਦੇ ਹੋਏ ਜੇਲ੍ਹ ਵਿਚ ਸ਼ਹੀਦ ਹੋ ਗਏ। ਜੇਕਰ ਸਾਵਰਕਰ ਜੇਲ੍ਹ ਵਿਚ ਹੀ ਸ਼ਹੀਦ ਹੋ ਜਾਂਦਾ ਤਾਂ ਉਸ ਨੂੰ ਇਨਕਲਾਬੀ ਜਾਂ ਵੀਰ ਕਹਿਣਾ ਬਿਲਕੁਲ ਸਹੀ ਹੁੰਦਾ, ਪਰ ਜਿਹੜਾ ਜੇਲ੍ਹ ਵਿੱਚੋਂ ਸੱਤ ਵਾਰ ਮਾਫੀ ਮੰਗ ਕੇ ਛੁੱਟੇ ਉਹ ਕਿਹੜੇ ਪਾਸਿਓਂ ਵੀਰ ਹੋਇਆ। ਮਾਫੀ ਮੰਗਣ ਵਾਲੇ ਦਾ ਨਾਂਅ ਸਾਵਰਕਰ ਸੀ।



ਵਿਸ਼ਵਾ ਮਿੱਤਰ

ਕਈ ਆਰ ਐੱਸ ਐੱਸ ਦੇ ਸਵੈ ਸੇਵਕਾਂ ਦਾ ਕਹਿਣਾ ਹੈ ਕਿ ਜੇਲ੍ਹ ਵਿਚ ਜ਼ਿੰਦਗੀ ਗੁਜ਼ਾਰਨ ਜਾਂ ਮਰਨ ਦਾ ਕੋਈ ਲਾਭ ਨਹੀਂ ਹੁੰਦਾ। ਜੇਲ੍ਹ ਵਿੱਚੋਂ ਬਾਹਰ ਆ ਕੇ ਇਸ ਨੇ ਭਾਰਤੀ ਲੋਕਾਂ ਨੂੰ ਜਾਗਰਿਤ ਕਰਨਾ ਸੀ ਅਤੇ ਲੋਕਾਂ ਦੀ ਅਜ਼ਾਦੀ ਲਈ ਕੰਮ ਕਰਨਾ ਸੀ, ਪਰ ਇਸ ਨੇ ਬਾਹਰ ਆ ਕੇ ਲੋਕਾਂ ਦੀ ਬਜਾਏ ਅੰਗਰੇਜ਼ੀ ਹਕੂਮਤ ਦਾ ਹੀ ਖਿਆਲ ਰੱਖਿਆ। ਜਿਸ ਵਕਤ ਨੇਤਾ ਜੀ ਸੁਭਾਸ਼ ਚੰਦਰ ਬੋਸ ਅਜ਼ਾਦ ਹਿੰਦ ਫੌਜ ਬਣਾ ਰਹੇ ਸਨ, ਜਿਸ ਵਿਚ ਹਿੰਦੂ, ਮੁਸਲਿਮ ਅਤੇ ਸਿੱਖ ਭਰਤੀ ਕਰ ਰਹੇ ਸਨ, ਉਸ ਵਕਤ ਸਾਵਰਕਰ ਭਾਰਤ ਦੇ ਹਿੰਦੂਆਂ ਨੂੰ ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋਣ ਲਈ ਅਤੇ ਬੰਬ, ਬਾਰੂਦ, ਹਥਿਆਰ ਬਣਾਉਣ ਵਾਲੀਆਂ ਫੈਕਟਰੀਆਂ ਵਿਚ ਭਾਰਤੀ ਹੋਣ ਲਈ ਕਹਿ ਰਹੇ ਸਨ। 15 ਅਗਸਤ 1943 ਵਾਲੇ ਦਿਨ ਉਹਨਾਂ ਨਾਗਪੁਰ ਵਿਚ ਕਿਹਾ ਸੀ ਕਿ ਮੇਰੀ ਜਿਨਾਹ ਦੇ ਨਾਲ ਦੋ ਰਾਸ਼ਟਰ ਸਿਧਾਂਤ ਦਾ ਕੋਈ ਝਗੜਾ ਨਹੀਂ ਹੈ। ਅਸੀਂ ਹਿੰਦੂ ਆਪਣੇ ਆਪ ਵਿਚ ਇੱਕ ਰਾਸ਼ਟਰ ਹਾਂ ਅਤੇ ਇਹ ਇੱਕ ਇਤਿਹਾਸਕ ਤੱਥ ਹੈ ਕਿ ਹਿੰਦੂ ਅਤੇ ਮੁਸਲਿਮ ਦੋ ਅਲੱਗ-ਅਲੱਗ ਰਾਸ਼ਟਰ ਹਨ। ਇੱਥੋਂ ਹੀ ਭਾਰਤ ਦੀ ਵੰਡ ਦੀ ਨੀਂਹ ਧਰੀ ਗਈ। ਸਾਵਰਕਰ ਪੁਲਸ ਵਿਚ ਭਰਤੀ ਮੁਸਲਮਾਨਾਂ ਨੂੰ ਭਵਿੱਖੀ ਗੱਦਾਰਾਂ ਦੇ ਤੌਰ 'ਤੇ ਵੇਖਦਾ ਸੀ। ਜੇਕਰ ਮਾੜੀ ਜਿੰਨੀ ਇਮਾਨਦਾਰੀ ਵੀ ਹੁੰਦੀ ਤਾਂ ਭਾਰਤ ਦੀ ਆਜ਼ਾਦੀ ਵਿਚ ਸ਼ਹੀਦ ਹੋਏ ਮੁਸਲਮਾਨਾਂ ਦੀ 65% ਗਿਣਤੀ ਵੇਖ ਕੇ ਹੀ ਆਪਣੇ ਕਹੇ 'ਤੇ ਮਾਫੀ ਮੰਗ ਲੈਂਦਾ, ਜਦਕਿ ਆਰ ਐੱਸ ਐੱਸ ਦੇ ਇੱਕ ਵੀ ਨੇਤਾ ਜਾਂ ਵਿਅਕਤੀ ਨੇ ਕੋਈ ਸ਼ਹੀਦੀ ਨਹੀਂ ਦਿੱਤੀ ਸੀ (ਇਹ ਅੰਕੜੇ ਮੇਰੇ ਵੱਲੋਂ ਨਹੀਂ, ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਜੀ ਦੀ ਕਿਤਾਬ ਵਿੱਚੋਂ ਹਨ)। ਸ਼ਾਇਦ ਇਸੇ ਲਈ ਸਾਵਰਕਰ ਬ੍ਰਿਟਿਸ਼ ਸਰਕਾਰ ਲਈ ਵੀਰ ਸੀ ਅਤੇ ਉਸ ਦੀ ਮਾਸਿਕ ਪੈਨਸ਼ਨ 60 ਰੁਪਏ ਲਗਾ ਦਿੱਤੀ। ਬ੍ਰਿਟਿਸ਼ ਸਰਕਾਰ ਪੈਨਸ਼ਨ ਕਿਉਂ ਨਾ ਲਗਾਉਂਦੀ ? ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਇਸ ਨੇ ਨਿੰਦਾ ਨਹੀਂ ਕੀਤੀ, ਅਸਹਿਯੋਗ ਅੰਦੋਲਨ ਜਿਸ ਵਿਚ ਸਾਰੇ ਹਿੰਦੂ, ਸਿੱਖ ਅਤੇ ਮੁਸਲਮਾਨ ਹਿੱਸਾ ਲੈ ਰਹੇ ਸਨ, ਉਸ ਨੂੰ ਖੁੰਡਾ ਕਰਨ ਲਈ ਇਹ ਹਿੰਦੂ ਰਾਸ਼ਟਰ ਦਾ ਸਿਧਾਂਤ ਦੇ ਰਿਹਾ ਸੀ।

ਆਰ ਐੱਸ ਐੱਸ ਜਾਂ ਭਾਜਪਾ ਵਾਸਤੇ ਫਾਸ਼ੀਵਾਦ ਦੀ ਨੀਤੀ ਕੋਈ ਨਵੀਂ ਨਹੀਂ ਹੈ। ਇਹ ਸਾਵਰਕਰ ਦੇ ਵੇਲੇ ਤੋਂ ਹੀ ਚੱਲ ਰਹੀ ਹੈ। 1 ਅਗਸਤ 1938 ਵਿਚ ਵੀਹ ਹਜ਼ਾਰ ਲੋਕਾਂ ਦੇ ਇਕੱਠ ਵਿਚ ਉਸ ਨੇ ਜਰਮਨੀ ਅਤੇ ਇਟਲੀ ਦੀਆਂ ਫਾਸ਼ੀਵਾਦੀ ਨੀਤੀਆਂ ਦਾ ਸਮੱਰਥਨ ਕਰਦੇ ਹੋਏ ਕਿਹਾ ਸੀ ਕਿ ਉਹ ਫਾਸ਼ੀਵਾਦ ਨਾਲ ਆਪਣਾ ਪੁਰਾਣਾ ਗੌਰਵ ਵਾਪਸ ਹਾਸਲ ਕਰ ਰਹੇ ਹਨ ਅਤੇ ਰਾਸ਼ਟਰੀ ਏਕਤਾ ਕਾਇਮ ਕਰ ਰਹੇ ਹਨ। ਉਸ ਨੇ ਨਹਿਰੂ ਦੀ ਇਸ ਗੱਲ ਤੋਂ ਨਿੰਦਾ ਕੀਤੀ ਕਿ ਉਹ ਜਰਮਨੀ ਅਤੇ ਇਟਲੀ ਦੇ ਵਿਰੁੱਧ ਹੈ। ਕਰੋੜਾਂ ਸੰਘਰਸ਼ਤਾਨੀਆਂ ਦੀ ਜਰਮਨੀ, ਇਟਲੀ ਅਤੇ ਜਾਪਾਨ ਦੇ ਪ੍ਰਤੀ ਕੋਈ ਮੰਦਭਾਵਨਾ ਨਹੀਂ ਹੈ ਅਤੇ ਮੈਂ ਜਰਮਨ, ਜਾਪਾਨ, ਇਟਲੀ ਦੀ ਪੂਰੀ ਹਮਾਇਤ ਕਰਦਾ ਹਾਂ। 14 ਅਗਸਤ ਵਾਲੇ ਦਿਨ ਇੱਕ ਭਾਸ਼ਣ ਵਿਚ ਕਿਹਾ ਕਿ ਜਿਸ ਤਰ੍ਹਾਂ ਹਿਟਲਰ ਨੇ ਯਹੂਦੀਆਂ ਨਾਲ ਨਜਿੱਠਿਆ ਹੈ, ਉਵੇਂ ਹੀ ਸਾਨੂੰ ਮੁਸਲਮਾਨਾਂ ਨਾਲ ਨਜਿੱਠਣਾ ਚਾਹੀਦਾ ਹੈ। ਉਸ ਨੇ ਜਰਮਨੀ ਵੱਲੋਂ ਚੈਕੋਸਲੋਵਾਕੀਆ 'ਤੇ ਕੀਤੇ ਹਮਲੇ ਦੀ ਵੀ ਹਮਾਇਤ ਕੀਤੀ। ਅਗਲੀ ਮਾਰਚ ਵਿਚ ਸਾਵਰਕਰ ਨੇ ਕਿਹਾ, "ਜਰਮਨੀ ਜਿਹੜਾ ਕਿ ਆਰੀਆ ਸੱਭਿਆਚਾਰ ਨੂੰ ਸੁਰਜੀਤ ਕਰ ਰਿਹਾ ਹੈ, ਸਵਾਸਤਿਕ ਦਾ ਮਾਣ ਵਧਾ ਰਿਹਾ ਹੈ ਅਤੇ ਆਰਿਆਂ ਦੇ ਦੁਸ਼ਮਣ ਵਿਰੁੱਧ ਜਿਹਾਦ ਛੇੜ ਰਿਹਾ ਹੈ, ਉਸ ਵਿਚ ਉਹ ਜ਼ਰੂਰ ਕਾਮਯਾਬ ਹੋਏਗਾ ਅਤੇ ਇਸ ਦੇ ਨਾਲ ਭਾਰਤ ਦੇ ਹਿੰਦੂਆਂ ਦਾ ਹੌਸਲਾ ਵਧੇਗਾ।

ਬ੍ਰਿਟਿਸ਼ ਸਰਕਾਰ ਵਿਰੁੱਧ ਚਲਾਏ ਗਏ ਅਸਹਿਯੋਗ ਅੰਦੋਲਨ ਵਿਚ ਹਿੰਦੂ ਮਹਾਂਸਭਾ ਨੇ ਭਾਗ ਨਹੀਂ ਲਿਆ। ਜਦੋਂ ਭਾਰਤ ਅਜ਼ਾਦ ਹੋ ਗਿਆ ਤਾਂ ਕਾਂਗਰਸ ਦੇ ਵੱਡੇ-ਵੱਡੇ ਲੀਡਰ ਦੰਗੇ ਰੋਕਣ ਲੱਗ ਗਏ ਅਤੇ ਨਹਿਰੂ ਨੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੂੰ ਭਾਰਤ ਦੀਆਂ ਅਜ਼ਾਦ ਪ੍ਰਿੰਸਲੀ ਸਟੇਟਾਂ ਭਾਰਤ ਨਾਲ ਜੋੜਨ ਦਾ ਜ਼ਿੰਮਾ ਦਿੱਤਾ। ਇਸ ਕੰਮ ਵਿਚ ਸਰਦਾਰ ਪਟੇਲ ਨੂੰ ਕਈ ਅੜਚਨਾਂ ਆਈਆਂ, ਜਿਹਨਾਂ ਨੂੰ ਪਟੇਲ ਨੇ ਸਰ ਕਰ ਲਿਆ, ਪਰ ਜਿਨਾਹ ਵੱਲੋਂ ਧੋਖੇ ਨਾਲ ਪਾਕਿਸਤਾਨੀ ਫੌਜ ਦੀ ਸਹਾਇਤਾ ਨਾਲ ਕਬਾਇਲੀਆਂ ਨੂੰ ਹਮਲਾ ਕਰਕੇ ਕਸ਼ਮੀਰ 'ਤੇ ਕਬਜ਼ਾ ਕਰਨ ਲਈ ਭੇਜ ਦਿੱਤਾ। ਮਹਾਰਾਜਾ ਕਸ਼ਮੀਰ ਭਾਰਤ ਨਾਲ ਰਲੇ ਬਿਨਾਂ ਭਾਰਤ ਤੋਂ ਫੌਜੀ ਸਹਾਇਤਾ ਚਾਹੁੰਦਾ ਸੀ, ਪਰ ਮਾਊਂਟ ਬੈਟਨ ਨੇ ਕਿਹਾ ਕਿ ਜਦ ਤੱਕ ਕਸ਼ਮੀਰ ਭਾਰਤ ਨਾਲ ਨਹੀਂ ਮਿਲਦਾ, ਤਦ ਤੱਕ ਅਸੀਂ ਆਪਣੀ ਫੌਜ ਨਹੀਂ ਭੇਜ ਸਕਦੇ। ਮਹਾਰਾਜਾ ਵੱਲੋਂ ਭਾਰਤ ਨਾਲ ਕਸ਼ਮੀਰ ਦੇ ਮਿਲਣ ਦੇ ਫੈਸਲੇ ਦੀ ਦੇਰੀ ਕਾਰਨ ਕਬਾਇਲੀ ਅੱਧੇ ਕਸ਼ਮੀਰ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਰਹੇ। ਅਜਿਹੇ ਮੁਸ਼ਕਲ ਹਾਲਾਤ ਵਿੱਚ ਅਜ਼ਾਦ ਸਟੇਟਾਂ ਨੂੰ ਪਟੇਲ ਨੇ ਭਾਰਤ ਨਾਲ ਮਿਲਾਇਆ, ਪਰ ਦੂਜੇ ਪਾਸੇ ਸਾਵਰਕਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ ਕਿ ਰਾਜਿਆਂ ਦੀਆਂ ਜਾਂ ਪ੍ਰਿੰਸਲੀ ਸਟੇਟਾਂ ਭਾਰਤ ਤੋਂ ਅਲੱਗ ਹੀ ਰਹਿਣ। ਅੱਗੇ ਦਿੱਤੀ ਇੱਕ ਹੀ ਉਦਾਹਰਣ ਕਾਫੀ ਹੈ।

1946-47 ਵਿਚ ਟਰਾਵਾਨਕੋਰ ਦਾ ਰਾਜਾ ਅਤੇ ਉਸ ਦਾ ਦੀਵਾਨ ਸਰ ਸੀ.ਪੀ. ਰਾਮਾਸਵਾਮੀ ਅੱਯਰ ਪੂਰਾ ਜ਼ੋਰ ਲਗਾ ਰਹੇ ਸਨ ਕਿ ਟਰਾਵਾਨਕੋਰ ਇੱਕ ਅਲੱਗ ਅਤੇ ਅਜ਼ਾਦ ਸਟੇਟ ਰਹੇ। ਇਸ ਮੰਤਵ ਲਈ ਉਹਨਾਂ ਨੇ ਟਰਾਵਾਨਕੋਰ ਵਿਚ ਮਿਲਣ ਵਾਲੇ ਰੇਡੀਓ ਐਕਟਿਵ ਥੋਰੀਅਮ ਇੰਗਲੈਂਡ ਅਤੇ ਅਮਰੀਕਾ ਨੂੰ ਦੇਣ ਦੀ ਪੇਸ਼ਕਸ਼ ਕੀਤੀ, ਪਰ ਉਹਨਾਂ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ। ਇਸ ਦੇ ਬਾਵਜੂਦ ਸਾਵਰਕਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ ਕਿ ਟਰਾਵਾਨਕੋਰ ਇੱਕ ਅਲੱਗ ਅਤੇ ਅਜ਼ਾਦ ਰਾਜਸੀ ਸਟੇਟ ਰਹੇ। ਇਸ ਘਟਨਾ ਬਾਰੇ ਵਿਸਥਾਰ ਮਦਨ ਪਾਟਿਲ ਨੇ ਆਪਣੀ ਮਰਾਠੀ ਭਾਸ਼ਾ ਵਿੱਚ ਲਿਖੀ ਪੁਸਤਕ "ਅਕਥਿਤ ਸਾਵਰਕਰ" ਵਿਚ ਵਰਨਣ ਕੀਤਾ ਹੈ। ਵਿਕਰਮ ਸੰਪਤ ਜਿਹੜਾ ਕਿ ਸਾਵਰਕਰ ਦਾ ਹਿਤੈਸ਼ੀ ਸੀ, ਉਸ ਨੇ ਵੀ ਇਸ ਦੀ ਜੀਵਨੀ ਵਿਚ ਲਿਖਿਆ ਹੈ ਕਿ ਸਾਵਰਕਰ ਨੇ ਟਰਾਵਾਨਕੋਰ ਦੇ ਦੀਵਾਨ ਨੂੰ ਗਲਤ ਸਲਾਹ ਦਿੱਤੀ ਕਿ ਤੁਹਾਡੀ ਸਟੇਟ ਅਜ਼ਾਦ ਰਹਿਣੀ ਚਾਹੀਦੀ ਹੈ। ਵਿਕਰਮ ਅਨੁਸਾਰ ਇੱਕ ਛੋਟੀ ਜਿਹੀ ਸਟੇਟ ਲਈ ਤਿੰਨ ਪਾਸਿਓਂ ਭਾਰਤ ਨਾਲ ਘਿਰੇ ਹੋਣ ਕਾਰਨ ਇਹ ਸੁਝਾਅ ਬਹੁਤ ਘਾਤਕ ਹੋਣਾ ਸੀ। ਸਾਵਰਕਰ ਦੀ ਪੂਰੀ ਕੋਸ਼ਿਸ਼ ਸੀ ਧਰਮ ਨਿਰਪੱਖ ਕਾਂਗਰਸ ਭਾਰਤ ਨੂੰ ਇੱਕਮੁੱਠ ਨਾ ਕਰ ਸਕੇ ਅਤੇ ਭਾਰਤ ਬਲਕਾਨ ਸਟੇਟਾਂ ਵਾਂਗ ਵੰਡਿਆ ਰਹੇ। ਹੁਣ ਭਾਵੇਂ ਭਾਜਪਾ ਅਤੇ ਆਰ ਐੱਸ ਐੱਸ ਅਖੰਡ ਭਾਰਤ ਦੀ ਗੱਲ ਕਰ ਰਹੀ ਹੈ, ਪਰ ਸਾਵਰਕਰ ਦਾ ਪੂਰਾ ਟਿੱਲ ਲੱਗਿਆ ਹੋਇਆ ਸੀ ਕਿ ਭਾਰਤ ਖੰਡਿਤ ਰਹੇ।

ਕਾਂਗਰਸ ਦੀਆਂ ਅਤੇ ਖਾਸਕਰ ਮਹਾਤਮਾ ਗਾਂਧੀ ਦੀਆਂ ਧਰਮ ਨਿਰਪੱਖਤਾ ਦੀਆਂ ਨੀਤੀਆਂ ਤੋਂ ਸਾਵਰਕਰ ਨੂੰ ਬਹੁਤ ਖਿਝ ਸੀ। ਇਸ ਲਈ ਗਾਂਧੀ ਨੂੰ ਪਾਕਿਸਤਾਨ ਦਾ ਹਿਤੈਸ਼ੀ ਕਹਿ ਕੇ ਉਸ ਦੀ ਹੱਤਿਆ ਕਰਨ ਦੀ ਯੋਜਨਾ ਬਣਾ ਲਈ। ਗਾਂਧੀ ਦੀ ਹੱਤਿਆ ਲਈ ਸਾਵਰਕਰ ਨੇ ਨੱਥੂ ਰਾਮ ਗੋਡਸੇ, ਨਰਾਇਣ ਆਪਟੇ ਅਤੇ ਹੋਰ ਛੇ ਵਿਅਕਤੀਆਂ ਜਿਹਨਾਂ ਵਿਚ ਗੋਡਸੇ ਦਾ ਭਰਾ ਵੀ ਸ਼ਾਮਲ ਸੀ, ਦੀ ਟੀਮ ਬਣਾ ਦਿੱਤੀ। ਗਾਂਧੀ ਦੀ ਹੱਤਿਆ ਲਈ ਪਹਿਲਾਂ ਪੰਜ ਵਾਰ ਅਸਫਲ ਕੋਸ਼ਿਸ਼ ਕੀਤੀ ਗਈ, ਪਰ ਅੰਤ 30 ਜਨਵਰੀ 1948 ਵਾਲੇ ਦਿਨ ਗੋਡਸੇ ਨੇ ਆਟੋਮੈਟਿਕ ਰਿਵਾਲਵਰ ਨਾਲ ਗਾਂਧੀ ਜੀ ਦੀ ਬਿਰਲਾ ਹਾਊਸ ਵਿਚ ਪ੍ਰਾਰਥਨਾ ਕਰਦੇ ਹੋਏ ਹੱਤਿਆ ਕਰ ਦਿੱਤੀ। ਅਜਿਹੇ ਸਾਵਰਕਰ ਨੂੰ ਭਾਜਪਾ ਅਤੇ ਆਰ ਐੱਸ ਐੱਸ ਵੀਰ ਕਹਿ ਰਹੀ ਹੈ, ਉਸ ਦੀ ਫੋਟੋ ਨਵੀਂ ਪਾਰਲੀਮੈਂਟ ਵਿੱਚ ਲਗਾ ਦਿੱਤੀ ਹੈ ਅਤੇ ਭਾਜਪਾਈ ਐੱਮ ਪੀ ਪਾਰਲੀਮੈਂਟ ਵਿਚ ਜਾਣ 'ਤੇ ਉਸ 'ਤੇ ਫੁੱਲ ਚੜ੍ਹਾਉਂਦੇ ਹਨ। ਹੁਣ ਭਾਜਪਾਈ ਉਸ ਦੀ ਪ੍ਰਸ਼ੰਸਾ ਵਿਚ ਉੱਥੇ ਤੱਕ ਚਲੇ ਜਾਂਦੇ ਹਨ, ਜਿੱਥੇ ਉਹਨਾਂ ਦੀ ਜੱਗ ਹਸਾਈ ਹੋ ਜਾਵੇ। ਅੱਠਵੀਂ ਜਮਾਤ ਦੀ ਕੰਨੜ ਭਾਸ਼ਾ ਦੀ ਇੱਕ ਪੁਸਤਕ ਵਿਚ ਲੇਖ ਛਾਪ ਦਿੱਤਾ, ਜਿਸ ਵਿਚ ਲਿਖਿਆ ਸੀ ਕਿ ਵੀਰ ਸਾਵਰਕਰ ਬੁਲਬੁਲ ਦੇ ਪਰਾਂ 'ਤੇ ਬੈਠ ਕੇ ਜੇਲ੍ਹ ਵਿੱਚੋਂ ਬਾਹਰ ਆ ਜਾਂਦੇ ਸਨ, ਪਾਠਕਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅੰਡੇਮਾਨ ਦੀ ਜੇਲ੍ਹ ਵਿਚ ਕੋਈ ਰੌਸ਼ਨਦਾਨ ਜਾਂ ਛੇਕ ਨਹੀਂ ਸੀ, ਜਿੱਥੋਂ ਕਿ ਕੋਈ ਛੋਟੀ ਜਿਹੀ ਚਿੜੀ ਵੀ ਆ ਸਕਦੀ।

*# ਸੰਪਰਕ : 94176-32228*

22-JULY-PAGE-5.qxd 7/21/2023 10:59 PM Page 1



# ਲੋਕਾਂ ਨੂੰ ਪਰੇਸ਼ਾਨੀ ਦੇ ਬਾਵਜੂਦ ਕਿਸਾਨਾਂ ਨੇ ਮੁੱਖ ਚੌਕ 'ਚ ਧਰਨਾ ਲਾ ਕੇ ਰੋਕੀ ਟ੍ਰੈਫਿਕ

**ਸਮਰਾਲਾ (ਸੁਰਜੀਤ ਸਿੰਘ)**

ਅੱਤ ਦੀ ਗਰਮੀ ਵਿਚ ਅੱਜ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਨੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਦੀ ਰਹਿਨੁਮਾਈ ਵਿਚ ਆਪਣੀਆਂ ਮੰਗਾਂ ਨੂੰ ਲੈ ਇੱਥੋਂ ਦੇ ਮੁੱਖ ਚੌਕ ਵਿਚ ਜਿੱਥੇ ਚਾਰੇ ਪਾਸਿਓਂ ਭਾਰੀ ਟ੍ਰੈਫਿਕ ਆਉਂਦੀ ਜਾਂਦੀ ਹੈ, ਆਮ ਜਨਤਾ ਨੂੰ ਭਾਰੀ ਪਰੇਸ਼ਾਨੀ ਵਿਚ ਪਾਉਂਦਿਆਂ ਧਰਨਾ ਲਾਇਆ। ਧਰਨਾਕਾਰੀਆਂ ਨੇ ਚੰਡੀਗੜ੍ਹ-ਲੁਧਿਆਣਾ ਅਤੇ ਖੰਨਾ-ਨਵਾਂਸ਼ਹਿਰ ਨੂੰ ਜਾਣ ਵਾਲੀ ਟ੍ਰੈਫਿਕ ਨੂੰ ਮੁਕੰਮਲ ਜਾਮ ਕਰ ਦਿੱਤਾ। ਪੁਲਸ ਨੂੰ ਇਸ ਟ੍ਰੈਫਿਕ ਨੂੰ ਹੋਰਨਾਂ ਰੂਟਾਂ ਰਾਹੀਂ ਮੋੜਨਾ ਪਿਆ। ਜਿਸ ਨਾਲ ਬੱਸ ਅੱਡੇ 'ਤੇ ਉਤਰਨ ਵਾਲੀ ਸਵਾਰੀਆਂ ਨੂੰ ਅੱਤ ਦੀ ਗਰਮੀ ਵਿਚ ਭਾਰੀ ਪਰੇਸ਼ਾਨੀ ਹੋਈ। ਨੈਸ਼ਨਲ ਹਾਈਵੇ 'ਤੇ ਚੱਲਣ ਵਾਲੀ ਹਰ ਸਵਾਰੀ ਨੂੰ ਕਿਸੇ ਨਾ ਕਿਸੇ ਜ਼ਰੂਰੀ ਕੰਮ ਲਈ ਆਪਣੀ ਮੰਜ਼ਿਲ 'ਤੇ ਪਹੁੰਚਣ ਦੀ ਕਾਹਲ ਹੁੰਦੀ ਹੈ, ਪਰ ਧਰਨਾਕਾਰੀਆਂ ਨੂੰ ਲੋਕਾਂ ਦੀ ਇਸ ਪਰੇਸ਼ਾਨੀ ਨਾਲ ਕੋਈ ਮਤਲਬ ਨਹੀਂ ਹੁੰਦਾ। ਕਿਸਾਨ ਯੂਨੀਅਨਾਂ ਦੇ ਅਜਿਹੇ ਰਸਤਾ ਰੋਕੂ ਅੰਦੋਲਨਾਂ ਤੋਂ ਲੋਕ ਤੰਗ ਆ ਚੁੱਕੇ ਹਨ। ਜਿਸ ਢੰਗ ਨਾਲ ਕੇਂਦਰ ਨਾਲ ਸੰਘਰਸ਼ ਵੇਲੇ ਕਿਸਾਨਾਂ ਨੂੰ ਆਮ ਲੋਕਾਂ ਦੀ ਮਦਦ ਮਿਲ ਰਹੀ ਸੀ, ਹੁਣ ਉਹ ਸਾਰਾ ਕੁਝ ਉਲਟ ਹੋ ਗਿਆ ਹੈ। ਬੀ ਕੇ ਯੂ (ਕਾਦੀਆਂ) ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਕਿਹਾ ਕਿ ਉਹਨਾਂ ਟ੍ਰੈਫਿਕ ਨੂੰ ਤਾਂ ਰੋਕਿਆ ਹੀ ਨਹੀਂ। ਉਹ ਤਾਂ ਬੇਕਸੂਰ ਲੋਕਾਂ ਉਤੇ ਪੁਲਸ ਜਬਰ ਦੇ ਖਿਲਾਫ ਧਰਨਾ ਲਾ ਕੇ ਆਪਣੇ ਰੋਸ ਦਾ ਪ੍ਰਗਟਾਵਾ ਕਰ ਰਹੇ ਸਨ। ਉਹਨਾਂ ਦੱਸਿਆ ਕਿ ਪਿੰਡ ਸਹਿਜੋ ਮਾਜਰਾ ਦੇ ਸਰਪੰਚ ਸਵਰਨਜੀਤ ਸਿੰਘ ਨੇ ਪਿੰਡ ਪਵਾਤ ਵਿਖੇ ਇੱਕ ਏਕੜ ਜ਼ਮੀਨ ਖਰੀਦੀ ਸੀ, ਪਰ ਇਸ ਤੋਂ ਪਹਿਲਾਂ ਇਹ ਜ਼ਮੀਨ ਠੇਕੇ ਉੱਤੇ ਕੁਲਵਿੰਦਰ ਸਿੰਘ ਪਿੰਡ ਬਰਮਾਂ ਵਾਹੁੰਦਾ ਸੀ। ਜਦੋਂ ਸਵਰਨਜੀਤ ਸਿੰਘ ਨੇ ਖਰੀਦੀ ਜ਼ਮੀਨ 'ਤੇ ਕਬਜ਼ੇ ਦੀ ਮੰਗ ਕੀਤੀ ਤਾਂ ਕੁਲਵਿੰਦਰ ਸਿੰਘ ਨੇ ਕਬਜ਼ਾ ਛੱਡਣ ਦੀ ਬਜਾਏ ਕਥਿਤ ਝਗੜੇ ਵਾਲੀ ਜ਼ਮੀਨ ਵਿਚ ਧਾਨ ਲਗਾ ਦਿੱਤਾ। ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਕੁਲਵਿੰਦਰ ਸਿੰਘ ਨੇ ਕਬਜਾ ਛੱਡਣ ਦੇ ਏਵਜ ਵਿਚ ਦਸ ਲੱਖ ਰੁਪਏ ਮੁਆਵਜ਼ੇ ਦੀ ਮੰਗ ਕੀਤੀ। ਮਾਮਲਾ ਬਹਿਲੋਲਪੁਰ ਪੁਲਸ ਚੌਕੀ ਪੁੱਜਾ ਤਾਂ ਹਰਦੀਪ ਸਿੰਘ ਨੇ ਦੋਸ਼ ਲਾਇਆ ਕਿ ਪੁਲਸ ਨੇ ਉਲਟਾ ਕੁਲਵਿੰਦਰ ਸਿੰਘ 'ਤੇ ਹੀ ਪੁਲਸ ਰਿਪੋਰਟ ਮੜ੍ਹ ਦਿੱਤੀ। ਗੱਲ ਇੱਥੇ ਹੀ ਨਹੀਂ ਮੁੱਕੀ ਪੁਲਸ ਅਧਿਕਾਰੀਆਂ ਨੇ ਕੁਲਵਿੰਦਰ ਸਿੰਘ ਨਾਲ ਬਦਸਲੂਕੀ ਕੀਤੀ। ਉਹਨਾਂ ਕਿਹਾ ਕਿ ਇਲਾਕੇ ਦੀ ਇੱਕ ਮੋਹਤਬਰ ਸ਼ਖ਼ਸੀਅਤ ਨਾਲ ਪੁਲਸ ਦਾ ਸਲੂਕ ਬਹੁਤ ਹੀ ਨਿੰਦਣਯੋਗ ਹੈ। ਉਹਨਾਂ ਦੋਸ਼ ਲਾਇਆ ਕਿ ਬਹਿਲੋਲਪੁਰ ਚੌਕੀ ਏ ਐਸ ਆਈ ਪਰਮੋਦ ਕੁਮਾਰ ਅਤੇ ਮਾਛੀਵਾੜਾ ਦੇ ਐਸ ਐਚ ਓ ਸੰਤੋਖ ਸਿੰਘ ਨੇ ਬੇਕਸੂਰ ਸਰਪੰਚ ਨੂੰ ਗਾਲ੍ਹਾਂ ਵੀ ਕੱਢੀਆਂ।

ਉਹਨਾਂ ਕਿਹਾ ਕਿ ਪੁਲਸ ਹੱਥੋਂ ਇਸ ਤਰਾਂ ਲੋਕਾਂ ਨਾਲ ਬਦਸਲੂਕੀ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਇਹ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਪੀੜਤ ਪਰਵਾਰ ਨੂੰ ਇਨਸਾਫ ਨਹੀਂ ਮਿਲ ਜਾਂਦਾ। ਉਹਨਾਂ ਕਿਹਾ ਕਿ ਜੇ ਪੁਲਸ ਹੱਥੋਂ ਇਨਸਾਫ ਨਾ ਮਿਲਿਆ ਤਾਂ ਉਹ ਆਪਣੀ ਮੰਗ ਮਨਵਾਉਣ ਲਈ ਨੈਸ਼ਨਲ ਹਾਈਵੇ 'ਤੇ ਜਾਮ ਲਾ ਕੇ ਟ੍ਰੈਫਿਕ ਰੋਕਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਇਸ ਮੌਕੇ ਬੀ ਕੇ ਯੂ ਵਰਕਰਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਔਰਤਾਂ ਵੀ ਸ਼ਾਮਲ ਸਨ।



# ਭੋਗ ਸਮਾਗਮ ਦੌਰਾਨ ਫਾਇਰਿੰਗ ਕਾਰਨ ਇੱਕ ਵਿਅਕਤੀ ਦੀ ਮੌਤ ਦੂਸਰਾ ਗੰਭੀਰ ਜ਼ਖਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਮਲੋਹ ਤਹਿਸੀਲ ਦੇ ਪਿੰਡ ਸਲਾਣਾ ਦੁੱਲਾ ਸਿੰਘ ਵਾਲਾ ਵਿਖੇ ਇੱਕ ਭੋਗ ਸਮਾਗਮ ਦੌਰਾਨ ਚੱਲੀ ਗੋਲੀ ਕਾਰਨ ਪਿੰਡ ਰਾਮਗੜ੍ਹ ਦੇ ਵਸਨੀਕ ਕਰਨੈਲ ਸਿੰਘ ਦੀ ਮੌਤ ਹੋ ਜਾਣ ਅਤੇ ਕਰਤਾਰ ਸਿੰਘ ਵਾਸੀ ਮੰਡੀ ਗੋਬਿੰਦਗੜ੍ਹ ਦੇ ਗੰਭੀਰ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਪੀ.ਏ.ਡੀ.ਬੀ. ਦੇ ਡਾਇਰੈਕਟਰ ਰਹਿ ਚੁੱਕੇ ਠੇਕੇਦਾਰ ਸੁਰਿੰਦਰ ਸਿੰਘ ਦੀ ਅੰਤਿਮ ਅਰਦਾਸ ਮੌਕੇ ਅੱਜ ਉਨ੍ਹਾਂ ਦੇ ਜੱਦੀ ਪਿੰਡ ਸਲਾਣਾ ਦੁੱਲਾ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਚੱਲ ਰਿਹਾ ਸੀ ਜਿੱਥੇ ਭੋਗ ਪੈਣ ਉਪਰੰਤ ਜਦੋਂ ਸੰਗਤਾਂ ਲੰਗਰ ਪਾਣੀ ਛਕ ਰਹੀਆਂ ਸਨ ਤਾਂ ਕੁਲਦੀਪ ਸਿੰਘ ਨਾਮਕ ਵਿਅਕਤੀ ਨੇ ਰਿਵਾਲਵਰ ਨਾਲ ਕਰਨੈਲ ਸਿੰਘ 'ਤੇ ਸਿੱਧੀ ਫਾਇਰਿੰਗ ਕਰ ਦਿੱਤੀ ਜਿਸ ਕਾਰਨ ਕਰਨੈਲ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਰਨੈਲ ਸਿੰਘ ਨਾਲ ਖੜ੍ਹੇ ਕਰਤਾਰ ਸਿੰਘ ਨੇ ਜਦੋਂ ਮੌਕੇ 'ਤੋਂ ਖਿਸਕਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰ ਨੇ ਉਸ ਉੱਤੇ ਵੀ ਗੋਲੀਆਂ ਚਲਾ ਦਿੱਤੀਆਂ ਜਿਸ ਨੂੰ ਗੰਭੀਰ ਹਾਲਤ 'ਚ ਲੁਧਿਆਣਾ ਦੇ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਸੂਤਰਾਂ ਅਨੁਸਾਰ ਕਤਲ ਦੀ ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਕੁਲਦੀਪ ਸਿੰਘ ਲੰਗਰ ਹਾਲ 'ਚ ਹੀ ਕੁਰਸੀ 'ਤੇ ਬੈਠਾ ਰਿਹਾ ਜਿਸ ਨੇ ਖੁਦ ਨੂੰ ਮੌਕੇ 'ਤੇ ਪਹੁੰਚੀ ਪੁਲਸ ਦੇ ਹਵਾਲੇ ਕਰ ਦਿੱਤਾ। ਗੋਲੀ ਚਲਾਉਣ ਵਾਲਾ ਕੁਲਦੀਪ ਸਿੰਘ ਅਤੇ ਮ੍ਰਿਤਕ ਕਰਨੈਲ ਸਿੰਘ ਪਿੰਡ ਰਾਮਗੜ੍ਹ ਦੇ ਹੀ ਰਹਿਣ ਵਾਲੇ ਸਨ ਤੇ ਕਿਸੇ ਸਮੇਂ ਆਪਸ 'ਚ ਗੂੜ੍ਹੇ ਮਿੱਤਰ ਸਨ ਤੇ ਕਰਨੈਲ ਸਿੰਘ, ਕਰਤਾਰ ਸਿੰਘ ਕੁਲਦੀਪ ਸਿੰਘ ਪਹਿਲਾਂ ਇੱਕ ਫੈਕਟਰੀ 'ਚ ਭਾਈਵਾਲ ਸਨ ਜਿਨ੍ਹਾਂ ਵੱਲੋਂ ਕੁਝ ਸਾਲ ਪਹਿਲਾਂ ਕੁਲਦੀਪ ਸਿੰਘ ਦਾ ਹਿੱਸਾ ਕੱਢ ਦਿੱਤਾ ਗਿਆ ਜਿਸ ਦਾ ਬਦਲਾ ਲੈਣ ਲਈ ਕੁਲਦੀਪ ਸਿੰਘ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ।



ਲੰਗਰ ਹਾਲ 'ਚ ਪਈ ਲਾਸ਼ (ਇਨਸੈੱਟ) ਕਰਨੈਲ ਸਿੰਘ ਦੀ ਫਾਈਲ ਫੋਟੋ।

# ਮਨੀਪੁਰ ਘਟਨਾਵਾਂ ਬਾਰੇ ਕੇਂਦਰ ਤੇ ਮਨੀਪੁਰ ਸਰਕਾਰ ਦੀ ਅਸੰਵੇਦਨਸ਼ੀਲਤਾ ਅਤੀ ਨਿੰਦਣਯੋਗ : ਸੀ ਪੀ ਆਈ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਨੇ ਔਰਤਾਂ ਨੂੰ ਨੰਗੇ ਕਰਕੇ ਪਰੇਡ ਕਰਨ ਅਤੇ ਉਨ੍ਹਾਂ ਨਾਲ ਛੇੜਛਾੜ ਕਰਨ ਦੀਆਂ ਘਟਨਾਵਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਹ ਸਭ ਤੋਂ ਘਿਨਾਉਣੀ ਘਟਨਾ ਹੈ ਜੋ ਅਜ਼ਾਦ ਭਾਰਤ ਵਿੱਚ ਵਾਪਰੀ ਹੈ। ਮਨੀਪੁਰ ਵਿੱਚ ਤਿੰਨ ਮਈ ਤੋਂ ਹਿੰਸਾ ਚੱਲ ਰਹੀ ਹੈ। ਇਸ ਵੀਡੀਓ ਵਿਚਲੀ ਘਟਨਾ 4 ਮਈ ਦੀ ਹੈ। ਉਦੋਂ ਸਰਕਾਰ ਨੇ ਇੰਟਰਨੈੱਟ ਸੇਵਾਵਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਜਿਸ ਕਾਰਨ ਇਹ ਘਟਨਾ ਹੁਣ ਸਾਹਮਣੇ ਆਈ ਹੈ। ਪਰ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਸਰਕਾਰ ਨੂੰ ਇਸ ਘਿਨਾਉਣੇ ਕਾਰੇ ਦੀ ਜਾਣਕਾਰੀ ਨਹੀਂ ਸੀ ਜਦੋਂ ਕਿ ਇਸ ਬਾਬਤ ਉਦੋਂ ਐਫ ਆਈ ਆਰ ਦਰਜ ਹੋਈ ਪਰ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਬਹੁਤ ਹੀ ਨਿੰਦਣਯੋਗ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਜੋ ਹਮੇਸ਼ਾ ਬੇਟੀ ਬਚਾਓ ਬੇਟੀ ਪੜ੍ਹਾਓ ਦੀ ਗੱਲ ਕਰਦੇ ਹਨ, ਨੇ ਮਨੀਪੁਰ ਵਿੱਚ ਹੋਈ ਹਿੰਸਾ 'ਤੇ ਇੱਕ ਵੀ ਸ਼ਬਦ ਨਹੀਂ ਬੋਲਿਆ। ਇਹ ਉਹਨਾਂ ਦੀ ਅਸੰਵੇਦਨ ਪਹੁੰਚ ਦਾ ਪ੍ਰਤੀਬਿੰਬ ਹੈ। ਉਹਨਾਂ ਨੇ ਇਕ ਵੀ ਸ਼ਬਦ ਉਦੋਂ ਵੀ ਨਹੀਂ ਸੀ ਕਿਹਾ ਜਦੋਂ ਹਾਥਰਸ ਦੀ ਗਰੀਬ ਲੜਕੀ ਨਾਲ ਬਲਾਤਕਾਰ ਕੀਤਾ ਗਿਆ, ਉਸ ਨੂੰ ਮਾਰ ਦਿੱਤਾ ਗਿਆ ਅਤੇ ਫਿਰ ਬਾਅਦ ਵਿਚ ਉਸ ਦੇ ਪਰਵਾਰਕ ਮੈਂਬਰਾਂ ਤੋਂ ਬਿਨਾਂ ਪੁਲਸ ਦੁਆਰਾ ਸਾੜ ਦਿੱਤਾ ਗਿਆ। ਭਾਜਪਾ ਦੇ ਐਮ ਐਲ ਏ ਸੈਂਗਰ ਵੱਲੋਂ ਬਲਾਤਕਾਰ ਵੇਲੇ ਵੀ ਪ੍ਰਧਾਨ ਮੰਤਰੀ ਚੁੱਪ ਰਹੇ। ਨਾ ਹੀ ਉਨ੍ਹਾਂ ਨੇ ਬਿਲਕਿਸ ਬਾਨੋ ਪਰਵਾਰ ਦੇ ਬਲਾਤਕਾਰੀ ਅਤੇ ਕਾਤਲਾਂ ਦੀ ਰਿਹਾਈ 'ਤੇ ਇੱਕ ਸ਼ਬਦ ਬੋਲਿਆ। ਮਹਿਲਾ ਪਹਿਲਵਾਨਾਂ ਨਾਲ ਜਿਸ ਤਰ੍ਹਾਂ ਬੇਰਹਿਮੀ ਨਾਲ ਪੇਸ਼ ਆਇਆ ਗਿਆ ਉਹ ਸਾਡੇ ਸਾਹਮਣੇ ਹੈ। ਇਸ ਕੇਸ ਵਿੱਚ ਦੋਸ਼ੀ ਭਾਜਪਾ ਦੇ ਐਮ ਪੀ ਬ੍ਰਿਜ ਭੂਸ਼ਣ ਨੂੰ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ। ਇਸ ਪੂਰੀ ਤਰ੍ਹਾਂ ਅਸੰਵੇਦਨਸ਼ੀਲ ਸਰਕਾਰ ਨੂੰ ਉਖਾੜਨ ਲਈ ਤਾਕਤ ਨਾਲ ਇਕਜੁੱਟ ਹੋਣ ਦਾ ਸਮਾਂ ਆ ਗਿਆ ਹੈ। ਪਾਰਟੀ 25 ਜੁਲਾਈ ਨੂੰ ਦੇਸ਼ ਵਿਆਪੀ ਸੱਦੇ ਦੇ ਹਿੱਸੇ ਵਜੋਂ ਮਨੀਪੁਰ ਨਾਲ ਏਕਤਾ ਦਿਵਸ ਦਾ ਆਯੋਜਨ ਕਰੇਗੀ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਹਨ ਕਾਮਰੇਡ ਡੀ ਪੀ ਮੌੜ, ਡਾਕਟਰ ਅਰੁਣ ਮਿਤ੍ਰਾ, ਚਮਕੌਰ ਸਿੰਘ, ਐਮ ਐਸ ਭਾਟੀਆ, ਕਾਮਰੇਡ ਰਮੇਸ਼ ਰਤਨ, ਕਾਮਰੇਡ ਵਿਜੈ ਕੁਮਾਰ ਤੇ ਡਾਕਟਰ ਰਜਿੰਦਰ ਪਾਲ ਸਿੰਘ ਔਲਖ।

# ਹੜ੍ਹ ਪੀੜਤ ਇਲਾਕੇ ਮੂਨਕ 'ਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਿਹਤ ਜਾਗਰੂਕਤਾ ਮੁਹਿੰਮ ਜਾਰੀ

**ਸੰਗਰੂਰ (ਪ੍ਰਵੀਨ ਸਿੰਘ)**-ਡਿਪਟੀ ਕਮਿਸ਼ਨਰ ਸੰਗਰੂਰ ਅਤੇ ਸਿਵਲ ਸਰਜਨ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੂਨਕ ਬਲਾਕ ਵਿੱਚ ਬੇਮੌਸਮੀ ਬਰਸਾਤ ਦੇ ਪਾਣੀ ਕਾਰਨ ਘੱਗਰ ਦੀ ਮਾਰ ਹੇਠ ਹੜ੍ਹਾਂ ਦੀ ਮਾਰ ਹੇਠ ਆਏ ਇਲਾਕੇ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਕਰਮਚਾਰੀ ਪੂਰੀ ਸੇਵਾ ਭਾਵਨਾ ਨਾਲ ਕੰਮ ਕਰ ਰਹੇ ਹਨ। ਅੱਜ ਵੀ ਮੂਨਕ ਬਲਾਕ ਵਿੱਚ ਸੀਨੀਅਰ ਮੈਡੀਕਲ ਅਫਸਰ ਡਾ. ਬਲਵਿੰਦਰ ਸਿੰਘ ਅਤੇ ਜ਼ਿਲ੍ਹਾ ਮਹਾਂਮਾਰੀ ਅਫਸਰ ਡਾ. ਉਪਸਾਨਾ ਬਿੰਦਰਾ ਦੀ ਅਗਵਾਈ ਹੇਠ ਮੁਲਾਜ਼ਮਾਂ ਨੇ ਫੀਲਡ ਟੀਮਾਂ ਬਣਾ ਕੇ ਲੋਕਾਂ ਨੂੰ ਘਰ ਘਰ ਜਾ ਕਿ ਸਿਹਤ ਸਹੂਲਤਾਂ ਅਤੇ ਮੌਸਮੀ ਬਿਮਾਰੀਆਂ ਡੇਂਗੂ, ਮਲੇਰੀਆ, ਡਾਇਰੀਆ ਸਮੇਤ ਹੋਰ ਬਿਮਾਰੀਆਂ ਤੋਂ ਬਣਾਉਣ ਲਈ ਜਾਗਰੂਕ ਕਰ ਰਹੇ ਹਨ ਅਤੇ ਮੌਸਮੀ ਬਿਮਾਰੀਆਂ ਤੋਂ ਬਣਾਉਣ ਲਈ ਸਪਰੇ ਕਰਵਾਈ ਜਾ ਰਹੀ ਹੈ। ਲੋੜਵੰਦਾਂ ਨੂੰ ਮੱਛਰਦਾਨੀਆਂ, ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਦਿੱਤੀਆ ਜਾ ਰਹੀਆਂ ਹਨ। ਇਸ ਮੌਕੇ ਟੀਮ 'ਚ ਸ਼ਾਮਲ ਸਿਹਤ ਕਰਮਚਾਰੀਆਂ ਗੁਰਪ੍ਰੀਤ ਸਿੰਘ ਮੰਗਵਾਲ, ਰਾਵਿੰਦਰ ਸ਼ਰਮਾ, ਦਲਜੀਤ ਢਿੱਲੋਂ, ਜਗਮੇਲ ਸਿੰਘ ਦੀ ਅਗਵਾਈ ਹੇਠ ਟੀਮਾਂ ਨੇ ਸਲੱਮ ਏਰੀਆ ਅਤੇ ਵੱਖ ਵੱਖ ਥਾਵਾਂ 'ਤੇ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਲੋਕਾਂ ਨੂੰ ਜਾਣਕਾਰੀ ਦਿੱਤੀ। ਵੱਖ-ਵੱਖ ਥਾਵਾਂ 'ਤੇ ਮੈਡੀਕਲ ਕੈਂਪ ਲੱਗੇ ਹੋਏ ਹਨ। ਇਸ ਮੌਕੇ ਜੂਨੀਅਰ ਸਹਾਇਕ ਸਤੀਸ਼ ਕੁਮਾਰ ਸੈਣੀ, ਵਿਨੋਦ ਕੁਮਾਰ, ਜਗਦੀਪ ਸਿੰਘ, ਗੁਰਸੇਵਕ ਸਿੰਘ ਸਮੇਤ ਹੋਰ ਸਟਾਫ ਹਾਜ਼ਰ ਸੀ।

## ਕਾਤਰਾਂ

### ਝੋਨਾ ਲਗਾਉਣ ਆਏ ਬਿਹਾਰੀ ਮਜ਼ਦੂਰ ਦੀ ਸੱਪ ਲੜਨ ਨਾਲ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਝੋਨੇ ਦਾ ਸੀਜ਼ਨ ਲਗਾਉਣ ਆਏ ਇੱਕ ਬਿਹਾਰੀ ਨੌਜਵਾਨ ਦੀ ਪਿੰਡ ਬੁਚੜੇ ਖੁਰਦ ਵਿਖੇ ਸੱਪ ਲੜ ਜਾਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਹੈ। ਮ੍ਰਿਤਕ ਦੇ ਚਾਚੇ ਰਾਮ ਪ੍ਰਵੇਸ਼ ਯਾਦਵ ਨੇ ਦੱਸਿਆ ਕਿ ਪਿੰਡ ਸਿਹਰਵਾ ਜ਼ਿਲ੍ਹਾ ਮੋਤੀਹਾਰੀ (ਬਿਹਾਰ) ਤੋਂ ਉਹ 12 ਵਿਅਕਤੀ ਪੰਜਾਬ 'ਚ ਝੋਨਾ ਲਗਾਉਣ ਆਏ ਹੋਏ ਹਨ ਤੇ ਇਨ੍ਹੀਂ ਦਿਨੀਂ ਪਿੰਡ ਬੁਚੜੇ ਖੁਰਦ ਵਿਖੇ ਉਹ ਸਤਨਾਮ ਸਿੰਘ ਦੀ ਮੋਟਰ ਵਾਲੇ ਕੋਠੇ 'ਚ ਰਹਿ ਰਹੇ ਹਨ ਜਿੱਥੇ ਬੁਖਾਰ ਹੋ ਜਾਣ ਕਾਰਨ ਆਰਾਮ ਕਰਦੇ ਸਮੇਂ ਉਸ ਦੇ ਭਤੀਜੇ ਅਖਿਲੇਸ਼ ਯਾਦਵ ਦੇ ਸੱਜੇ ਹੱਥ 'ਤੇ ਸੱਪ ਲੜ ਗਿਆ ਜਿਸ ਨੂੰ ਲੈ ਕੇ ਉਹ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਪਹੁੰਚੇ ਤਾਂ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਨਬੀਪੁਰ ਚੌਕੀ ਦੇ ਸਹਾਇਕ ਥਾਣੇਦਾਰ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਜਿਸ ਉਪਰੰਤ ਲਾਸ਼ ਨੂੰ ਵਾਰਸਾਂ ਹਵਾਲੇ ਕਰ ਦਿੱਤਾ ਜਾਵੇਗਾ।

### ਕਹਾਣੀਕਾਰ ਗੁਰਦਿਆਲ ਦਲਾਲ ਨੂੰ ਵੀਹਵਾਂ ਕਰਨਲ ਭੱਠਲ ਕਲਾਕਾਰ ਪੁਰਸਕਾਰ



**ਬਰਨਾਲਾ (ਪੱਤਰ ਪ੍ਰੇਰਕ)**-ਕਲਾਕਾਰ ਪੁਰਸਕਾਰ ਬੋਰਡ ਦੀ ਇਕੱਤਰਤਾ ਬੋਰਡ ਦੇ ਕਨਵੀਨਰ ਕੰਵਰਜੀਤ ਭੱਠਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਾਲ 2023 ਦਾ ਵੀਹਵਾਂ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ ਪੰਜਾਬੀ ਦੇ ਨਾਮਵਰ ਕਹਾਣੀਕਾਰ ਗੁਰਦਿਆਲ ਦਲਾਲ ਨੂੰ ਪ੍ਰਦਾਨ ਕਰਨ ਦਾ ਨਿਰਣਾ ਲਿਆ ਗਿਆ। ਗੁਰਦਿਆਲ ਦਲਾਲ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ। ਭਾਵੇਂ ਉਨ੍ਹਾਂ ਦੀ ਪੰਜਾਬੀ ਸਾਹਿਤ ਜਗਤ ਵਿਚ ਪਛਾਣ ਇਕ ਨਾਮਵਰ ਕਹਾਣੀਕਾਰ ਦੇ ਤੌਰ 'ਤੇ ਹੀ ਬਣੀ ਹੈ। ਉਨ੍ਹਾਂ ਦੀਆਂ ਕਹਾਣੀਆਂ ਦੀਆਂ ਪੁਸਤਕਾਂ ਵਿਚ 'ਅੰਨ੍ਹੀ ਗਲੀ ਦਾ ਮੋੜ', 'ਦਹਿਸ਼ਤਗਰਦ', 'ਫ਼ਿਰੌਤੀ', 'ਜਿੱਲਣ', 'ਬੁੱਢੇ ਦਰਿਆ ਦੀ ਲਹਿਰ' ਆਦਿ ਨੇ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ। ਉਨ੍ਹਾਂ ਕਹਾਣੀਆਂ ਦੇ ਨਾਲ-ਨਾਲ ਨਾਵਲ, ਗ਼ਜ਼ਲ ਸੰਗ੍ਰਹਿ, ਮਿੰਨੀ ਕਹਾਣੀਆਂ ਤੇ ਬੱਚਿਆਂ ਲਈ ਪੁਸਤਕਾਂ 'ਤੇ ਵੀ ਹੱਥ ਅਜ਼ਮਾਇਆ ਹੈ। 2013 ਦਾ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ ਸਰਬਾਂਗੀ ਲੇਖਕ ਗੁਰਦਿਆਲ ਦਲਾਲ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਸਨਮਾਨ ਵਿਚ 21,000 ਰੁਪਏ ਨਕਦ, ਸਨਮਾਨ ਪੱਤਰ, ਦੋਸ਼ਾਲਾ ਭੇਟ ਕੀਤਾ ਜਾਵੇਗਾ। ਦਲਾਲ ਨੂੰ ਇਹ ਪੁਰਸਕਾਰ ਕੌਮਾਂਤਰੀ ਕਲਾਕਾਰ ਸੰਗਮ ਵੱਲੋਂ ਅਕਤੂਬਰ ਵਿਚ ਕਰਵਾਏ ਜਾਂਦੇ ਸਾਲਾਨਾ ਸਮਾਗਮ ਵਿਚ ਪ੍ਰਦਾਨ ਕੀਤਾ ਜਾਵੇਗਾ।

### ਔਰਤ ਵੱਲੋਂ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ ਦੀ ਕੋਸ਼ਿਸ਼

**ਮੱਖੂ (ਰਛਪਾਲ ਸਿੰਘ ਸੰਧੂ)**-ਹਰੀਕੇ ਹੈੱਡ ਵਿਖੇ ਗੁਰਦੁਆਰਾ ਨਾਨਕਸਰ ਦੇ ਨਜ਼ਦੀਕ ਨਹਿਰ ਦੇ ਪੁਲ 'ਤੇ ਇੱਕ ਔਰਤ ਵੱਲੋਂ ਖੁਦਕੁਸ਼ੀ ਕਰਨ ਲਈ ਨਹਿਰ ਵਿੱਚ ਛਾਲ ਮਾਰ ਦਿੱਤੀ। ਇਹ ਵੇਖਦੇ ਹੀ ਨੇੜੇ ਗਸ਼ਤ ਕਰ ਰਹੇ ਟ੍ਰੈਫਿਕ ਪੁਲਸ ਦੇ ਮੁਲਾਜ਼ਮਾਂ ਵੱਲੋਂ ਵੀ ਨਹਿਰ 'ਚ ਛਾਲ ਮਾਰ ਕੇ ਔਰਤ ਨੂੰ ਨਹਿਰ 'ਚੋਂ ਬਾਹਰ ਕੱਢ ਲਿਆ ਗਿਆ। ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲੀ ਔਰਤ ਦੀ ਪਛਾਣ ਰਾਜਬੀਰ ਕੌਰ ਪਤਨੀ ਬਲਵਿੰਦਰ ਸਿੰਘ ਪਿੰਡ ਨੌਸ਼ਹਿਰਾ ਪਨੂੰਆਂ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਟ੍ਰੈਫਿਕ ਇੰਚਾਰਜ ਮੱਖੂ ਏ ਐਸ ਆਈ ਤਰਸੇਮ ਸਿੰਘ, ਏ ਐਸ ਆਈ ਗੁਰਭੇਜ ਸਿੰਘ, ਏ ਐਸ ਆਈ ਜੋਗਿੰਦਰ ਸਿੰਘ ਅਤੇ ਪੀ ਐਚ ਜੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਕਤ ਔਰਤ ਆਪਣੇ ਪਰਵਾਰ ਤੋਂ ਦੁਖੀ ਹੋ ਕੇ ਨਹਿਰ ਵਿਚ ਛਾਲ ਮਾਰਨ ਲੱਗੀ ਸੀ ਜਿਸ ਨੂੰ ਮਰਨ ਤੋਂ ਬਚਾਅ ਕੇ ਥਾਣਾ ਮੱਖੂ ਪੁਲਸ ਹਵਾਲੇ ਕੀਤਾ ਗਿਆ।

# ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਦੀਆਂ ਮੰਗਾਂ ਨਾ ਮੰਨੀਆਂ ਤਾਂ ਪੁਤਲੇ ਫੂਕੇ ਜਾਣਗੇ : ਕੋਕਰੀ, ਢੁੱਡੀਕੇ

**ਮੋਗਾ (ਅਮਰਜੀਤ ਬੱਬਰੀ)**-ਆਮ ਆਦਮੀ ਪਾਰਟੀ ਵਿਧਾਇਕ ਸੱਤਾ ਦੇ ਨਸ਼ੇ ਵਿੱਚ ਇਹ ਭੁੱਲ ਗਏ ਹਨ ਕਿ ਜਿਨ੍ਹਾਂ ਲੋਕਾਂ 'ਤੇ ਅੱਜ ਉਹ ਤਸ਼ੱਦਦ ਕਰ ਰਹੇ ਹਨ, ਉਨ੍ਹਾਂ ਦੀਆਂ ਵੋਟਾਂ ਨਾਲ ਹੀ ਸੱਤਾ ਵਿੱਚ ਆਏ ਹਨ। ਲੋਕਾਂ ਨੂੰ ਆਪਣੇ ਲੀਡਰਾਂ ਨੂੰ ਸਵਾਲ ਕਰਨ ਦੀ ਸਲਾਹ ਦੇਣ ਵਾਲੀ ਅਤੇ ਵਿਰੋਧੀਆਂ ਦੇ ਪੁਤਲੇ ਫੂਕ ਕੇ ਸੱਤਾ ਹਾਸਲ ਕਰਨ ਵਾਲੀ ਪਾਰਟੀ ਅੱਜ ਜਦ ਆਪਣੇ ਪੁਤਲੇ ਫੂਕੇ ਜਾਣ ਲੱਗੇ ਤਾਂ ਬੁਖਲਾ ਗਈ ਤੇ ਆਪਣੇ ਗੁੰਡਿਆਂ ਨੂੰ ਭੇਜ ਕੇ ਗੁੰਡਾਗਰਦੀ ਦੇ ਸਹਾਰੇ ਡਰਾ ਧਮਕਾ ਕੇ ਪੁਤਲੇ ਫੂਕਣ ਤੋਂ ਰੋਕਣ ਦਾ ਵੱਡਾ ਵਹਿਮ ਪਾਲੀ ਬੈਠੀ ਹੈ। ਜੇ ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਦੀਆਂ ਤਿੰਨੇ ਮੰਗਾਂ, ਜਿਵੇਂ ਸਿਵਲ ਹਸਪਤਾਲ ਮੋਗਾ ਵਿੱਚ ਫੈਲੇ ਭ੍ਰਿਸ਼ਟਾਚਾਰ ਦੀ ਉਚ ਪੱਧਰੀ ਜਾਂਚ ਕਰਵਾਉਣ, ਮਹਿੰਦਰ ਪਾਲ ਲੂੰਬਾ ਦੀ ਬਦਲੀ ਰੱਦ ਕਰਨ ਅਤੇ ਮੂੰਹ ਬੰਨ੍ਹ ਕੇ ਨਸ਼ੇ ਦੀ ਹਾਲਤ ਵਿੱਚ ਗੁੰਡਾਗਰਦੀ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ, ਮੰਨ ਨਹੀਂ ਲਈਆਂ ਜਾਂਦੀਆਂ ਤਾਂ ਸਿਰਫ ਮੋਗਾ ਵਿਧਾਨ ਸਭਾ ਨਹੀਂ ਬਲਕਿ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਵਿਧਾਇਕਾਂ ਅਤੇ ਸਰਕਾਰ ਵਿੱਚ ਉਸ ਦਾ ਸਾਥ ਦੇਣ ਵਾਲੇ ਹਰ ਮੰਤਰੀ ਅਤੇ ਵਿਧਾਇਕ ਦੇ ਪੁਤਲੇ ਫੂਕੇ ਜਾਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਮੋਗਾ ਵੱਲੋਂ ਡੀ ਸੀ ਦਫਤਰ ਮੋਗਾ ਅੱਗੇ ਕੀਤੇ ਗਏ ਵਿਸ਼ਾਲ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾਈ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਸਕੱਤਰ ਕਾਮਰੇਡ ਨਿਰਭੈ ਸਿੰਘ ਢੁੱਡੀਕੇ ਨੇ ਕੀਤਾ। ਇਸ ਮੌਕੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸੰਘਰਸ਼ ਕਮੇਟੀ ਦੇ ਕਨਵੀਨਰ ਡਾ. ਇੰਦਰਵੀਰ ਗਿੱਲ ਅਤੇ ਕਰਮਜੀਤ ਮਾਣੂੰਕੇ, ਕੋ ਕਨਵੀਨਰ ਬਲੌਰ ਸਿੰਘ ਘੱਲਕਲਾਂ, ਗੁਰਮੇਲ ਸਿੰਘ ਮਾਛੀਕੇ, ਮਾ. ਪ੍ਰੇਮ ਕੁਮਾਰ, ਆਰਗੇਨਾਈਜ਼ਰ ਕੁਲਬੀਰ ਸਿੰਘ ਢਿੱਲੋਂ, ਕੈਸ਼ੀਅਰ ਰਾਜਿੰਦਰ ਸਿੰਘ ਰਿਆੜ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਸੂਰਤ ਸਿੰਘ, ਨਰੇਗਾ ਯੂਨੀਅਨ ਦੇ ਆਗੂ ਕੁਲਦੀਪ ਸਿੰਘ ਭੋਲਾ, ਜਗਸੀਰ ਖੋਸਾ, ਡੀ ਟੀ ਐਫ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਪੇਂਡੂ ਮਜ਼ਦੂਰ ਯੂਨੀਅਨ ਆਗੂ ਮੰਗਾ ਸਿੰਘ ਵੈਰੋਕੇ, ਹਰਬੰਸ ਸਿੰਘ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਸਰਬਜੀਤ ਦੌਧਰ ਪੰ: ਗੌ: ਪੈਨਸ਼ਨਰ ਆਗੂ, ਆਲ ਇੰਡੀਆ ਯੂਥ ਫੈਡਰੇਸ਼ਨ ਆਗੂ ਕਰਮਵੀਰ ਕੌਰ ਬੱਧਨੀ, ਏਡਿਡ ਸਕੂਲ ਟੀਚਰ ਯੂਨੀਅਨ ਆਗੂ ਪ੍ਰਿ: ਪੂਰਨ ਸਿੰਘ, ਫੀਲਡ ਐਂਡ ਵਰਕਸ਼ਾਪ ਆਗੂ ਗੁਰਜੀਤ ਸਿੰਘ ਮੱਲ੍ਹੀ, ਐਨ ਜੀ ਓ ਆਗੂ ਹਰਜਿੰਦਰ ਚੁਗਾਵਾਂ, ਹਰਭਿੰਦਰ ਸਿੰਘ ਜਾਨੀਆਂ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਮੋਗਾ ਦੇ ਆਗੂ ਬਲਦੇਵ ਧੂੜਕੋਟ, ਅਜੀਤ ਸਿੰਘ ਜਨੇਰ ਆਦਿ ਨੇ ਕਿਹਾ ਕਿ ਸਰਕਾਰ ਸਾਡੇ ਸਬਰ ਦਾ ਇਮਤਿਹਾਨ ਨਾ ਲਵੇ ਤੇ ਸਾਡੀਆਂ ਬਿਲਕੁਲ ਜਾਇਜ਼ ਤਿੰਨੋਂ ਮੰਗਾਂ ਨੂੰ ਮੰਨੇ ਅਤੇ ਲਾਗੂ ਕਰੇ, ਨਹੀਂ ਤਾਂ ਇਸ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਹਰ ਪਿੰਡ ਦੀ ਸੱਥ ਵਿੱਚ ਨੰਗਾ ਕੀਤਾ ਜਾਵੇਗਾ ਅਤੇ ਲੋਕਾਂ ਨਾਲ ਕੀਤੇ ਵਾਅਦਿਆਂ ਦਾ ਹਿਸਾਬ ਲਿਆ ਜਾਵੇਗਾ। ਇਸ ਮੌਕੇ ਕਿਸਾਨ ਆਗੂ ਬਲੌਰ ਸਿੰਘ ਨੇ ਮਨੀਪੁਰ ਵਿੱਚ ਵਾਪਰੀਆਂ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ, ਕੁਦਰਤੀ ਕਰੋਪੀ ਕਾਰਨ ਹੋਏ ਫਸਲਾਂ ਦੇ ਨੁਕਸਾਨ ਦੀ ਤੁਰੰਤ ਅਤੇ ਪੂਰੀ ਭਰਪਾਈ ਕਰਨ, ਮਹਿੰਦਰ ਪਾਲ ਲੂੰਬਾ ਦੀ ਬਦਲੀ ਰੱਦ ਕਰਨ, ਸਿਵਲ ਹਸਪਤਾਲ ਮੋਗਾ ਵਿੱਚ ਫੈਲੀ ਕੁਰੱਪਸ਼ਨ ਦੀ ਉਚ ਪੱਧਰੀ ਜਾਂਚ ਕਰਵਾਉਣ ਅਤੇ ਸਰਕਾਰੀ ਗੁੰਡਾਗਰਦੀ ਵਿੱਚ ਸ਼ਾਮਲ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦਾ ਮਤਾ ਰੱਖਿਆ ਗਿਆ, ਜਿਸ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਹਾਜ਼ਰ ਲੋਕਾਂ ਵੱਲੋਂ ਹੱਥ ਖੜ੍ਹੇ ਕਰਕੇ ਪਾਸ ਕੀਤਾ ਗਿਆ।

ਉਹਨਾਂ ਦੱਸਿਆ ਕਿ ਕੱਲ੍ਹ 22 ਜੁਲਾਈ ਨੂੰ ਸੰਘਰਸ਼ ਕਮੇਟੀ ਦੀ ਮੀਟਿੰਗ ਕਰਕੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ। ਇਸ ਉਪਰੰਤ ਆਪਣੇ ਕੀਤੇ ਗਏ ਐਲਾਨ ਮੁਤਾਬਕ ਸੰਘਰਸ਼ ਕਮੇਟੀ ਵੱਲੋਂ ਜੋਸ਼ੀਲੇ ਨਾਅਰਿਆਂ ਹੇਠ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਉਕਤ ਤੋਂ ਇਲਾਵਾ ਪੈਨਸ਼ਨਰ ਆਗੂ ਨਾਇਬ ਸਿੰਘ, ਚਮਕੌਰ ਸਿੰਘ ਸਰਾਂ, ਤੀਰਥ ਚੜਿੱਕ, ਅਮਰਜੀਤ ਸਿੰਘ ਸੈਦੋਕੇ, ਸੁਖਜੀਤ ਕੌਰ ਬੁੱਕਣਵਾਲਾ, ਗੁਰਚਰਨ ਸਿੰਘ ਦਾਤੇਵਾਲ, ਜਗਵਿੰਦਰ ਕੌਰ, ਰਾਜਿੰਦਰ ਰਾਜੇਆਣਾ, ਪਲਵਿੰਦਰ ਸੋਸਣ, ਹਰਮੰਦਰ ਸਿੰਘ ਭਾਗੀਕੇ ਬੀ ਕੇ ਯੂ ਡਕੌਂਦਾ, ਐਪਸੋ ਮੋਗਾ ਦੇ ਆਗੂ ਸਵਰਨ ਸਿੰਘ ਖੋਸਾ, ਅਜੀਤ ਸਿੰਘ ਡੇਮਰੂ, ਗੁਰਜੰਟ ਸਿੰਘ ਕੋਕਰੀ ਪੰਜਾਬ ਰੋਡਵੇਜ ਵਰਕਰ ਯੂਨੀਅਨ, ਰਾਮ ਸਿੰਘ ਸੈਦੋਕੇ, ਦਵਿੰਦਰ ਸਿੰਘ ਤੂਰ, ਮਨਦੀਪ ਸਿੰਘ ਭਿੰਡਰ, ਬਿਜਲੀ ਬੋਰਡ ਪੈਨਸ਼ਨਰ ਐਸੋਸੀਏਸ਼ਨ ਮੋਗਾ ਦੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਮਨੀਪੁਰ ਘਟਨਾ ਭਾਰਤ ਦੇ ਮੱਥੇ 'ਤੇ ਕਲੰਕ : ਕਾ: ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**-ਮਨੀਪੁਰ ਸੂਬੇ ਦੇ ਪਿੰਡ ਬੀ ਫਿਨੋਮ ਵਿੱਚ ਦੋ ਔਰਤਾਂ ਨੂੰ ਨਗਨ ਅਵਸਥਾ ਵਿੱਚ ਘੁਮਾਉਣ ਤੇ ਇੱਕ ਨਾਲ ਬਲਾਤਕਾਰ ਕਰਨ ਦੀ ਘਟਨਾ ਭਾਰਤ ਦੇ ਮੱਥੇ 'ਤੇ ਕਲੰਕ ਦਾ ਧੱਬਾ ਹੈ, ਇਸ ਲਈ ਪ੍ਰਧਾਨ ਮੰਤਰੀ ਨੂੰ ਤੁਰੰਤ ਅਸਤੀਫਾ ਦੇ ਕੇ ਇਸ ਉੱਚ ਅਹੁਦੇ ਤੋਂ ਪਾਸੇ ਹੋ ਜਾਣਾ ਚਾਹੀਦਾ ਹੈ। ਇਹ ਵਿਚਾਰ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਵਰਨਣਯੋਗ ਹੈ ਕਿ ਮਨੀਪੁਰ ਰਾਜ ਵਿੱਚ ਮੈਤੇਈ ਅਤੇ ਕੁੱਕੀ ਭਾਈਚਾਰਿਆਂ ਵਿੱਚ ਆਪਸੀ ਝਗੜੇ ਹੁੰਦੇ ਰਹਿੰਦੇ ਹਨ। 4 ਮਈ ਨੂੰ ਮੈਤੇਈ ਲੋਕਾਂ ਨੇ ਦੋ ਕੁੱਕੀ ਔਰਤਾਂ ਨੂੰ ਜ਼ਬਰਦਸਤੀ ਨਗਨ ਅਵਸਥਾ ਵਿੱਚ ਪਿੰਡ 'ਚ ਘੁਮਾਇਆ ਅਤੇ ਇੱਕ ਔਰਤ ਨਾਲ ਸਰੇਆਮ ਬਲਾਤਕਾਰ ਕੀਤਾ ਗਿਆ। ਕਾ: ਸੇਖੋਂ ਨੇ ਕਿਹਾ ਕਿ ਮੁੱਦਾ ਮੈਤੇਈ ਤੇ ਕੁੱਕੀ ਲੋਕਾਂ ਦੇ ਝਗੜੇ ਦਾ ਨਹੀਂ, ਇਸ ਦਾ ਹੱਲ ਕਰਨਾ ਕੇਂਦਰ ਸਰਕਾਰ ਦਾ ਕੰਮ ਹੈ। ਅਸਲ ਮਾਮਲਾ ਲੋਕਾਂ ਖਾਸ ਕਰਕੇ ਔਰਤਾਂ ਦੀ ਸੁਰੱਖਿਆ ਦਾ ਹੈ। ਔਰਤ ਜਨਮਦਾਤੀ ਹੈ, ਉਸ ਦਾ ਸਮੁੱਚੀ ਦੁਨੀਆ ਵਿੱਚ ਸਤਿਕਾਰ ਕੀਤਾ ਜਾਂਦਾ ਹੈ। ਭਾਰਤ ਦੇ ਸੂਬੇ ਮਨੀਪੁਰ ਦੀ ਇਸ ਘਟਨਾ ਨੇ ਦੇਸ਼ ਦੇ ਮੱਥੇ 'ਤੇ ਕਲੰਕ ਦਾ ਧੱਬਾ ਲਾ ਦਿੱਤਾ ਹੈ ਅਤੇ ਸਮੁੱਚੇ ਸੰਸਾਰ ਵਿੱਚ ਭਾਰਤ ਦੀ ਬਦਨਾਮੀ ਕਰਕੇ ਲੋਕਤੰਤਰ 'ਤੇ ਸੱਟ ਮਾਰੀ ਹੈ। ਇਸ ਘਟਨਾ ਨੇ ਦੇਸ਼ ਦਾ ਸਿਰ ਨੀਵਾਂ ਕੀਤਾ ਹੈ, ਪਰ ਪ੍ਰਧਾਨ ਮੰਤਰੀ ਮੋਦੀ ਨੇ ਇਸ ਦੁਖਦਾਈ ਤੇ ਅੱਤ ਦਰਜੇ ਦੀ ਘਟੀਆ ਕਾਰਵਾਈ ਨੂੰ ਸਰਮਸ਼ਾਰ ਕਰਨ ਵਾਲੀ ਕਹਿ ਕੇ ਮਾਮਲਾ ਦਬਾਅ ਦੇਣ ਦਾ ਯਤਨ ਕੀਤਾ ਹੈ। ਭਾਜਪਾ ਦੇ ਰਾਜ ਵਿੱਚ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਗੋਧਰਾ ਕਾਂਡ ਕਿਸੇ ਤੋਂ ਭੁੱਲਿਆ ਨਹੀਂ, ਜਿੱਥੇ ਗਰਭਵਤੀ ਔਰਤਾਂ ਨੂੰ ਵੀ ਨਹੀਂ ਸੀ ਬਖਸ਼ਿਆ ਗਿਆ, ਉਹਨਾਂ ਨਾਲ ਵੀ ਸਰੇਆਮ ਬਲਾਤਕਾਰ ਕੀਤੇ ਸਨ ਅਤੇ ਤਸ਼ੱਦਦ ਕਰਕੇ ਕਤਲ ਕੀਤੇ ਗਏ ਸਨ।

ਬਿਲਕਿਸ ਬਾਨੋ ਦਹਾਕਿਆਂ ਤੋਂ ਅਜਿਹੀਆਂ ਘਟਨਾਵਾਂ ਸੰਬੰਧੀ ਨਿਆਂ ਹਾਸਲ ਕਰਨ ਲਈ ਲੜਾਈ ਲੜ ਰਹੀ ਹੈ, ਪਰ ਭਾਜਪਾ ਦੇ ਰਾਜ ਵਿੱਚ ਗੋਧਰਾ ਘਟਨਾਵਾਂ ਦੇ ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਕੇ ਗੁੰਡਾ ਅਨਸਰਾਂ ਦੇ ਹੌਂਸਲੇ ਬੁਲੰਦ ਕੀਤੇ ਗਏ, ਜਿਸ ਦਾ ਨਤੀਜਾ ਹੀ ਇਹ ਮਨੀਪੁਰ ਘਟਨਾ ਹੈ। ਸੂਬਾ ਸਕੱਤਰ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਚਾਹੁੰਦੇ ਤਾਂ ਅਜਿਹੀ ਅਤੀ ਨਿੰਦਣਯੋਗ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਤੁਰੰਤ ਸੀਖਾਂ ਪਿੱਛੇ ਸੁੱਟਿਆ ਜਾ ਸਕਦਾ ਸੀ। ਇਹ ਮਾਮਲਾ ਬਿਆਨਬਾਜ਼ੀ ਨਾਲ ਨਿਬੇੜਨ ਵਾਲਾ ਨਹੀਂ ਹੈ। ਉਹਨਾਂ ਕਿਹਾ ਕਿ ਜਿਸ ਦੇ ਰਾਜ ਵਿੱਚ ਔਰਤ ਸੁਰੱਖਿਅਤ ਨਹੀ ਤੇ ਉਸ ਨੂੰ ਸਰੇਆਮ ਵੱਡੀ ਭੀੜ ਦੇ ਸਾਹਮਣੇ ਨਗਨ ਕੀਤਾ ਜਾਂਦਾ ਹੈ, ਉਸ ਸੱਤਾਧਾਰੀ ਨੂੰ ਦੇਸ਼ ਦੀ ਅਗਵਾਈ ਕਰਨ ਦਾ ਕੋਈ ਹੱਕ ਨਹੀਂ ਹੈ। ਉਹਨਾਂ ਕਿਹਾ ਕਿ ਨਰਿੰਦਰ ਮੋਦੀ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

# ਡੇਅਰੀ, ਹਲਵਾਈ, ਢਾਬਿਆਂ ਵਾਲੇ ਵੇਚ ਰਹੇ ਨਕਲੀ ਦੁੱਧ, ਮੱਖਣ ਤੇ ਘਟੀਆ ਹੋਰ ਖਾਧ ਪਦਾਰਥ

**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਪੰਜਾਬ ਦੇ ਵੱਖ ਵੱਖ ਰਾਸ਼ਟਰੀ ਮਾਰਗਾਂ ਜਾਂ ਹੋਰ ਵੱਖ ਵੱਖ ਮਾਰਗਾਂ 'ਤੇ ਬਣੇ ਸ਼ੁੱਧ ਵੈਸ਼ਨੋ ਪੰਜਾਬੀ ਢਾਬਿਆਂ ਅਤੇ ਕਸਬਿਆਂ, ਸ਼ਹਿਰਾਂ ਵਿੱਚ ਰੇਹੜੀਆਂ ਜਾਂ ਦੁਕਾਨਾਂ, ਡੇਅਰੀਆਂ ਵੱਲੋਂ ਨਕਲੀ ਦੁੱਧ, ਨਕਲੀ ਤੇ ਸਸਤੇ ਰਿਫਾਇੰਡ ਤੇਲਾਂ, ਘਟੀਆ ਦਰਜੇ ਦੇ ਪਾਮ ਆਇਲ, ਨਕਲੀ ਮੱਖਣ, ਸਬਜ਼ੀ ਮੰਡੀ ਵਿੱਚੋਂ ਛਾਂਟੀ ਵਿਚ ਖਰੀਦੀ ਜਾਂਦੀ ਗਲੀ ਸੜੀ ਸਬਜ਼ੀ ਸਲਾਦ ਆਦਿ ਸਮੱਗਰੀ ਨਾਲ ਬਣੇ ਵਿਅੰਜਨ ਪਰੋਸੇ ਜਾਂਦੇ ਹਨ। ਕਈ ਕਈ ਦਿਨ ਪਹਿਲਾਂ ਬਣੀਆਂ ਸਬਜ਼ੀਆਂ ਦਾਲਾਂ ਸਰੇਆਮ ਪਰੋਸ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾਂਦਾ ਹੈ। ਰੇਹੜੀਆਂ ਉੱਪਰ ਫਾਸਟ ਫੂਡ ਜਾਂ ਗੋਲ ਗੱਪੇ, ਚਾਟ ਪਾਪੜੀ ਵੇਚਣ ਵਾਲੇ ਜ਼ਿਆਦਾਤਰ ਪ੍ਰਵਾਸੀ ਲੋਕਾਂ ਵੱਲੋਂ ਫੂਡ ਸੇਫਟੀ ਐਕਟ ਦੀ ਕਿਸੇ ਵੀ ਪੱਖੋਂ ਪਾਲਣਾ ਨਹੀਂ ਕੀਤੀ ਜਾਂਦੀ। ਇਸ ਤੋਂ ਇਲਾਵਾ ਇਹਨਾਂ ਢਾਬਿਆਂ, ਰੇਹੜੀਆਂ ਦੇ ਸਟਾਫ ਵੱਲੋਂ ਵੀ ਮੈਲੇ ਕੁਚੈਲੇ ਕੱਪੜੇ ਪਹਿਨ ਕੇ ਸਾਫ ਸਫਾਈ ਦਾ ਭੋਰਾ ਵੀ ਖਿਆਲ ਨਹੀਂ ਰੱਖਿਆ ਜਾਂਦਾ। ਫੂਡ ਸੇਫਟੀ ਐਕਟ ਤਹਿਤ ਮਠਿਆਈ ਵਿਕਰੇਤਾਵਾਂ ਵੱਲੋਂ ਬਣਾਈਆਂ ਮਠਿਆਈਆਂ ਆਦਿ ਨਾਲ ਉਸ ਦੇ ਖਰਾਬ ਹੋਣ ਦੀ ਮਿਆਦ ਲਿਖਣ ਦੀ ਮੱਦ ਵੀ ਹੈ। ਕੀ ਢਾਬਿਆਂ, ਮਠਿਆਈ ਵਿਕਰੇਤਾਵਾਂ ਜਾਂ ਹੋਰ ਦੁਕਾਨਦਾਰਾਂ ਉੱਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਪਰ ਇਸ ਤਰ੍ਹਾਂ ਦੀ ਵਿਵਸਥਾ ਕਿਤੇ ਵੀ ਨਹੀਂ ਦਿਸਦੀ। ਇਸ ਸਬੰਧੀ ਸਮਾਜ ਸੇਵੀ ਅਤੇ ਭਾਕਿਯੂ (ਰਾਜੇਵਾਲ) ਦੇ ਸੂਬਾਈ ਆਗੂ ਪ੍ਰਗਟ ਸਿੰਘ ਤਲਵੰਡੀ ਨਿਪਾਲਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਿਹਤ ਵਿਭਾਗ ਅਜਿਹਾ ਗੰਦ ਪਰੋਸਣ ਵਾਲਿਆਂ ਖਿਲਾਫ ਕਾਰਵਾਈ ਨਾ ਕਰਕੇ ਆਪਣੇ ਫਰਜ਼ਾਂ ਨੂੰ ਨਿਭਾਉਣ ਤੋਂ ਭੱਜ ਰਿਹਾ ਹੈ। ਕਥਿਤ ਤੌਰ 'ਤੇ ਇਹ ਵੀ ਖੁੰਢ ਚਰਚਾ ਹੈ ਕਿ ਅਜਿਹੇ ਘਟੀਆ ਕਿਸਮ ਦੇ ਖਾਧ ਪਦਾਰਥ ਵੇਚਣ ਵਾਲਿਆਂ ਵੱਲੋਂ ਆਪਣੀ ਯੂਨੀਅਨ ਬਣਾ ਕੇ ਪੈਸੇ ਇਕੱਠੇ ਕਰਕੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਮਹੀਨਾ ਪਹੁੰਚਾਇਆ ਜਾਂਦਾ ਹੈ, ਜਿਸ ਦੇ ਫਲਸਰੂਪ ਸਿਹਤ ਮਹਿਕਮਾ ਅੱਖਾਂ ਮੀਟ ਲੈਂਦਾ ਹੈ। ਕੀ ਲੋਕਾਂ ਦੀ ਸਿਹਤ ਨਾਲ ਇਸੇ ਤਰ੍ਹਾਂ ਹੀ ਖਿਲਵਾੜ ਹੁੰਦਾ ਰਹੇਗਾ ਜਾਂ ਫਿਰ ਸਿਹਤ ਵਿਭਾਗ ਦੇ ਮੋਟੀਆਂ ਤਨਖਾਹਾਂ ਲੈਣ ਵਾਲੇ ਅਧਿਕਾਰੀ ਆਪਣੀ ਕੁੰਭਕਰਨੀ ਨੀਂਦ ਤੋਂ ਜਾਗ ਕੇ ਅਜਿਹੇ ਗੰਦ ਪਰੋਸਣ ਵਾਲੇ ਢਾਬਿਆਂ, ਰੇਹੜੀਆਂ ਵਾਲਿਆਂ ਉੱਤੇ ਕੋਈ ਸਖਤ ਕਾਰਵਾਈ ਕਰਕੇ ਆਪਣਾ ਫਰਜ ਨਿਭਾਉਣਗੇ।

# ਵਿਦਿਆਰਥੀਆਂ ਨੇ ਚਮਕਾਇਆ ਸਰਕਾਰੀ ਸਕੂਲ ਬਖਸ਼ੀਵਾਲਾ ਦਾ ਨਾਂਅ



**ਸੁਨਾਮ (ਪੱਤਰ ਪ੍ਰੇਰਕ)**-ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਇੱਕ ਖਾਸ ਮਕਸਦ ਨਾਲ ਬੱਚਿਆਂ ਲਈ ਬਣਾਏ ਗਏ ਮੈਰੀਟੋਰੀਅਸ ਸਕੂਲ, ਨਵੋਦਿਆ ਸਕੂਲ, ਸਕੂਲ ਆੱਫ ਐਮੀਨੈਂਸ ਦੀਆਂ ਲਈਆਂ ਜਾਂਦੀਆਂ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਸੰਸਥਾ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਜਿਸ ਵਿੱਚ 12 ਵਿਦਿਆਰਥੀਆਂ ਨੇ ਮੈਰੀਟੋਰੀਅਸ ਸਕੂਲ, 7 ਵਿਦਿਆਰਥੀਆਂ ਨੇ ਸਕੂਲ ਆੱਫ ਐਮੀਨੈਂਸ, 2 ਵਿਦਿਆਰਥੀਆਂ ਨੇ ਨਵੋਦਿਆ ਵਿਦਿਆਲਿਆ ਵਿੱਚ ਵਧੀਆ ਪੁਜੀਸ਼ਨਾਂ ਹਾਸਲ ਕਰਕੇ ਆਪਣੇ ਮਾਤਾ-ਪਿਤਾ, ਸੰਸਥਾ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ। ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਨਗਰ ਪੰਚਾਇਤ ਬਖਸ਼ੀਵਾਲਾ, ਗੁਰਦੁਆਰਾ ਪ੍ਰਬੰਧਕ ਕਮੇਟੀ ਬਖਸ਼ੀਵਾਲਾ, ਸਪੋਰਟਸ ਕਲੱਬ ਬਖਸ਼ੀਵਾਲਾ, ਕਿਸਾਨ ਯੂਨੀਅਨ ਅਤੇ ਹੋਰ ਮੋਹਤਬਰ ਮੈਂਬਰਾਂ ਵੱਲੋਂ ਇਕੱਠੇ ਹੋ ਕੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ ਗਿਆ। ਸਰਕਾਰੀ ਹਾਈ ਸਕੂਲ ਬਖਸ਼ੀਵਾਲਾ ਦੇ ਵਿਦਿਆਰਥੀ ਆਜ਼ਾਦਪ੍ਰੀਤ ਸਿੰਘ ਨੇ ਸਕੂਲ ਔਫ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲ ਦਾ ਟੈਸਟ ਪਾਸ ਕਰਕੇ ਅਤੇ ਪੰਜਾਬ ਦੇ ਪਹਿਲੇ 30 ਵਿਦਿਆਰਥੀਆਂ ਵਿੱਚ ਈਸਰੋ ਵੱਲੋਂ ਚੰਦ੍ਰਯਾਨ-3 ਲਾਂਚ ਪ੍ਰੋਗਰਾਮ ਸ੍ਰੀਹਰੀਕੋਟਾ ਆਂਧਰਾ ਪ੍ਰਦੇਸ਼ ਵਿੱਚ ਜਾਣ ਦਾ ਮੌਕਾ ਪ੍ਰਾਪਤ ਕੀਤਾ ਅਤੇ ਸਮੂਹ ਸਟਾਫ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ। ਸਰਕਾਰੀ ਪ੍ਰਾਇਮਰੀ ਸਕੂਲ ਬਖਸ਼ੀਵਾਲਾ ਵਿੱਚੋਂ ਆਸਮਾਂ ਅਤੇ ਕੋਮਲਪ੍ਰੀਤ ਕੌਰ ਨੇ ਨਵੋਦਿਆ ਸਕੂਲ ਵਿੱਚ ਦਾਖਲਾ ਪ੍ਰਾਪਤ ਕਰਕੇ ਅਤੇ ਸਰਕਾਰੀ ਹਾਈ ਸਕੂਲ ਬਖਸ਼ੀਵਾਲਾ ਦੇ ਵਿਦਿਆਰਥੀ ਖੁਸ਼ਪ੍ਰੀਤ ਕੌਰ, ਜਸਪ੍ਰੀਤ ਕੌਰ, ਰਮਨਦੀਪ ਕੌਰ, ਅਜ਼ਾਦਪ੍ਰੀਤ ਸਿੰਘ, ਅਨਮੋਲ ਕੌਰ, ਕੁਲਵਿੰਦਰ ਸਿੰਘ, ਜਸਵਿੰਦਰ ਕੌਰ, ਸਿਮਰਨ ਕੌਰ, ਜਸ਼ਨਦੀਪ ਕੌਰ, ਮਹਿਕਦੀਪ ਡੋਨੀ, ਅਮਨਦੀਪ ਕੌਰ, ਖੁਸ਼ਪ੍ਰੀਤ ਕੌਰ, ਪਰਮਿੰਦਰ ਸਿੰਘ ਵਾਲੀਆ, ਰਿੰਕੂ ਸਿੰਘ ਅਤੇ ਸਿਮਰਨਪ੍ਰੀਤ ਸਿੰਘ ਨੇ ਦਸਵੀਂ ਦੀ ਬੋਰਡ ਪ੍ਰੀਖਿਆ ਅਤੇ ਟੈਸਟਾਂ ਵਿੱਚ ਆਪਣਾ ਆਪਣਾ ਨਾਂਅ ਚਮਕਾਇਆ। ਇਸ ਮੌਕੇ ਦੋਵਾਂ ਸਕੂਲਾਂ ਦੇ ਸਕੂਲ ਮੁਖੀ ਮੋਨੀਸ਼ਾ ਮਹਿਤਾ, ਕ੍ਰਿਸ਼ਨ ਸ਼ਰਮਾ, ਸਟਾਫ ਮੈਂਬਰਾਂ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ ਦੇ ਨਾਲ-ਨਾਲ ਗੋਬਿੰਦਰ ਸਿੰਘ, ਭੋਲਾ ਸਿੰਘ, ਸਰਪੰਚ ਮਿੱਠੂ ਸਿੰਘ ਵਾਲੀਆ, ਗੁਰਤੇਜ ਸਿੰਘ, ਧਨਜੋਤ ਸਿੰਘ, ਸਤਿਗੁਰੂ ਸਿੰਘ, ਕਾਮਰੇਡ ਹਰਦੇਵ ਸਿੰਘ, ਸੈਕਟਰੀ ਮੇਜਰ ਸਿੰਘ, ਨਾਇਬ ਸਿੰਘ, ਵਰਿੰਦਰ ਕੌਸ਼ਿਕ ਅਤੇ ਹੋਰ ਮੋਹਤਬਰ ਹਾਜ਼ਰ ਸਨ। ਸਨਮਾਨ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਦਾ ਸਕੂਲ ਮੁਖੀਆਂ ਵੱਲੋਂ ਬਹੁਤ-ਬਹੁਤ ਧੰਨਵਾਦ ਕੀਤਾ ਗਿਆ।

# ਕਰਨਵੀਰ ਸਿੰਘ ਸੋਢੀ ਦਾ ਨਾਂਅ ਲੰਡਨ ਬੁੱਕ ਆਫ ਵਰਲਡ ਰਿਕਾਰਡਜ਼ 'ਚ ਦਰਜ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**

ਨੀਟ ਐਂਡ ਕਲੀਨ ਵਿਲੇਜ਼ ਦਾ ਫਾਊਂਡਰ ਤੇ ਪ੍ਰਿੰਸ ਆਫ ਲਾਲਚੀਆਂ ਕਰਨਵੀਰ ਸਿੰਘ ਸੋਢੀ ਦਾ ਨਾਂਅ ਲੰਡਨ ਬੁੱਕ ਆਫ ਵਰਡ ਰਿਕਾਰਡਜ਼ 'ਚ ਦਰਜ ਹੋ ਗਿਆ ਹੈ। ਜਾਣਕਾਰੀ ਅਨੁਸਾਰ 1989 ਨੂੰ ਪਿੰਡ ਲਾਲਚੀਆਂ 'ਚ ਜਨਮੇ ਕਰਨਬੀਰ ਸਿੰਘ ਸੋਢੀ ਫਿਰੋਜਪੁਰ ਦੁਆਰਾ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਪੁਰਾਤਨ ਅਤੇ ਨਵੇਂ ਗੀਤਾਂ ਦੇ ਸਭ ਤੋਂ ਵੱਡੇ ਸੰਗ੍ਰਹਿ ਦੇ ਮਾਲਕ ਹੋਣ ਦਾ ਵਿਸ਼ਵ ਰਿਕਾਰਡ ਕਾਇਮ ਕਰਕੇ ਇੱਕ ਕਮਾਲ ਦਾ ਕਾਰਨਾਮਾ ਕੀਤਾ ਹੈ। ਉਸਦੇ ਸੰਗ੍ਰਹਿ ਵਿੱਚ 55,000 ਤੋਂ ਵੱਧ ਆਡੀਓ ਕੈਸੇਟਾਂ ਅਤੇ 10,000 ਤੋਂ ਵੱਧ ਰਿਕਾਰਡ ਸਮੇਤ ਪੱਥਰ ਦੇ ਕਾਲੇ ਤਵੇ ਸ਼ਾਮਲ ਹਨ। ਸੰਗੀਤ ਲਈ ਆਪਣੇ ਜਨੂੰਨ ਤੋਂ ਇਲਾਵਾ ਕਰਨਬੀਰ ਸਿੰਘ ਸੋਢੀ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਇੱਕ ਸਮਰਪਿਤ ਸਰਕਾਰੀ ਪ੍ਰਾਇਮਰੀ ਸਕੂਲ ਅਧਿਆਪਕ ਵਜੋਂ ਵੀ ਸੇਵਾਵਾਂ ਨਿਭਾਉਂਦੇ ਹਨ। ਨੌਜਵਾਨਾਂ ਦੇ ਦਿਮਾਗ ਨੂੰ ਰਚਨਾਤਮਕ ਸੇਧ ਦੇਣ ਤੇ ਸਿੱਖਿਆ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਉਸਦੀ ਵਚਨਬੱਧਤਾ ਸੱਚਮੁੱਚ ਸ਼ਲਾਘਾਯੋਗ ਹੈ। ਸੋਢੀ ਕਰਨਬੀਰ ਸਿੰਘ ਨੇ ਦੱਸਿਆ ਉਹਨਾਂ ਦੁਆਰਾ ਭਾਰਤੀ ਹਿੰਦੀ ਗੀਤਾਂ, ਪੰਜਾਬੀ ਗੀਤਾਂ ਅਤੇ ਅੰਗਰੇਜੀ ਗੀਤਾਂ ਦਾ ਅਸਾਧਾਰਨ ਸੰਗ੍ਰਹਿ ਇਕੱਠਾ ਕੀਤਾ ਹੈ, ਜੋ ਕਿ ਸੰਗੀਤ ਪ੍ਰਤੀ ਉਹਨਾਂ ਦੇ ਡੂੰਘੇ ਉਤਸਾਹ ਦਾ ਪ੍ਰਮਾਣ ਹੈ। ਉਹ ਇਸ ਸ਼ਾਨਦਾਰ ਪ੍ਰਾਪਤੀ ਰਾਹੀ ਅੰਤਰਾਸ਼ਟਰੀ ਪ੍ਰਸਿੱਧੀ ਹਾਸਲ ਕਰਕੇ ਮਾਨਤਾ ਅਤੇ ਪ੍ਰਸੰਸਾ ਦਾ ਹੱਕਦਾਰ ਬਣਿਆ ਹੈ।

ਉਹਨਾਂ ਦੇ ਸੰਗੀਤ ਵਿਲੱਖਣ ਸ਼ੌਕ ਪ੍ਰਤੀ ਪਿਆਰ ਅਤੇ ਸਿੱਖਿਆ ਵਿੱਚ ਆਪਣੇ ਵੱਡਮੁੱਲੇ ਯੋਗਦਾਨ ਲਈ ਨਗਰ ਨਿਵਾਸੀ ਵੱਲੋਂ ਚੰਗੀ ਵਾਹਵਾ ਖੱਟੀ ਹੈ। ਇਸ ਮੌਕੇ ਮੇਜਰ ਸਿੰਘ ਪੰਜਾਬ ਪੁਲਸ, ਧਰਮ ਸਿੰਘ ਸਿੱਧੂ, ਜਗਦੀਸ਼ ਸਿੰਘ ਸੋਢੀ, ਪੱਪੂ ਸੋਢੀ, ਮਲਕੀਤ ਸਿੰਘ, ਜਸਨ ਸੋਢੀ, ਸੰਨੀ ਸੋਢੀ, ਮਾਸਟਰ ਜਸਵਿੰਦਰ ਸੋਢੀ ਗੁਰਚਰਨ ਸਿੰਘ ਸੋਢੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਯੂਥ ਪ੍ਰਧਾਨ ਝਿੰਜਰ ਦੀ ਮੀਟਿੰਗ 'ਚ ਨੌਜਵਾਨਾਂ ਦਾ ਆਇਆ ਹੜ੍ਹ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਪੰਜਾਬ ਯੂਥ ਮਿਲਣੀ ਰਾਹੀਂ ਕਰਦਿਆਂ ਅੱਜ ਸਥਾਨਕ ਸ਼ਹਿਰ ਦੀ ਮੋਗਾ ਸੜਕ ਉੱਪਰਲੇ ਗੁਰਦੁਆਰਾ ਚਰਨ ਕੰਵਲ ਸਾਹਿਬ (ਮਸਤਾਨ ਸਿੰਘ ਵਾਲਾ) ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਅਤੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਦੇ ਪ੍ਰਬੰਧਾਂ ਹੇਠ ਹੋਈ ਮੀਟਿੰਗ ਵਿੱਚ ਉਚੇਚੇ ਤੌਰ 'ਤੇ ਸ਼ਹਿਰ ਅਤੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚੋਂ ਨੌਜਵਾਨ ਵੱਡੇ-ਵੱਡੇ ਕਾਫਲੇ ਬਣਾ ਕੇ ਮੀਟਿੰਗ ਵਿੱਚ ਸ਼ਾਮਲ ਹੋਏ। ਇਸ ਮੌਕੇ ਹਰਜੋਤ ਸਿੰਘ ਡੇਮਰੂ ਯੂਥ ਪ੍ਰਧਾਨ ਹਲਕਾ ਬਾਘਾ ਪੁਰਾਣਾ, ਇੰਦਰਜੀਤ ਸਿੰਘ ਪ੍ਰਧਾਨ ਐੱਸ.ਓ.ਆਈ, ਪ੍ਰਭਜੋਤ ਸਿੰਘ ਧਾਲੀਵਾਲ ਮੁੱਖ ਬੁਲਾਰਾ ਯੂਥ ਅਕਾਲੀ ਦਲ ਤੇ ਹੋਰਨਾਂ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਵਿਰੋਧੀ ਪਾਰਟੀਆਂ ਨੂੰ ਜੰਮ ਕੇ ਰਗੜੇ ਲਗਾਏ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਖਤਮ ਕਰਨ ਦਾ ਭੁਲੇਖਾ ਪਾਲੀ ਬੈਠੀਆਂ ਸਮੂਹ ਵਿਰੋਧੀ ਪਾਰਟੀਆਂ ਦਾ ਮਹਿਜ਼ ਇਹ ਸੁਪਨਾ ਬਣ ਕੇ ਰਹਿ ਜਾਵੇਗਾ, ਕਿਉਂਕਿ ਅੱਜ ਮੌਜੂਦਾ ਸਮੇਂ ਵਿੱਚ ਜੇਕਰ ਪੰਜਾਬ ਦੇ ਲੋਕਾਂ ਤੇ ਹੜ੍ਹਾਂ ਦੇ ਰੂਪ ਵਿੱਚ ਭੀੜ ਪਈ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਸਾਰੇ ਪਾਸਿਓਂ ਸੇਵਾ ਕਰ ਰਿਹਾ ਹੈ ਜਦਕਿ ਸੱਤਾਧਾਰੀ ਪਾਰਟੀ ਕਿਧਰੇ ਵੀ ਦਿਖਾਈ ਨਹੀਂ ਦੇ ਰਹੀ। ਇਸ ਦੌਰਾਨ ਸਟੇਜ ਦਾ ਸੰਚਾਲਨ ਸਰਕਲ ਪ੍ਰਧਾਨ ਬਲਤੇਜ ਸਿੰਘ ਲੰਗੇਆਣਾ ਨੇ ਬਹੁਤ ਹੀ ਸੰਚਾਰੂ ਢੰਗ ਨਾਲ ਚਲਾਇਆ। ਇਸ ਮੌਕੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਸੰਬੋਧਨ ਕਰਦਿਆਂ ਸਭ ਤੋਂ ਪਹਿਲਾਂ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਸਰਾਹਨਾ ਕੀਤੀ। ਉਹਨਾਂ ਕਿਹਾ ਕਿ ਮਾਹਲਾ ਸਾਹਿਬ ਬਾਰੇ ਜੋ ਕੁਝ ਕੋਰ ਕਮੇਟੀ ਦੇ ਆਗੂਆਂ ਕੋਲੋਂ ਸੁਣਿਆ ਉਸ ਤੋਂ ਵੀ ਕਿਤੇ ਵੱਧ ਕਾਬਿਲ ਏ ਤਾਰੀਫ ਇਨਸਾਨ ਹਨ, ਜਿਨ੍ਹਾਂ ਦੀ ਅਗਵਾਈ ਹੇਠ ਨੌਜਵਾਨਾਂ ਦੇ ਇਕੱਠ ਨੇ ਮੀਟਿੰਗ ਨੂੰ ਰੈਲੀ ਬਣਾ ਦਿੱਤਾ। ਉਹਨਾਂ ਕਿਹਾ ਕਿ ਪਹਿਲਾਂ ਪੰਜਾਬ ਨੂੰ ਲੁੱਟਣ ਲਈ ਅਬਦਾਲੀ ਆਇਆ ਅਤੇ ਹੁਣ ਕੇਜਰੀਵਾਲ ਭਗਵੰਤ ਮਾਨ ਨੂੰ ਆਪਣੇ ਇਸ਼ਾਰਿਆਂ 'ਤੇ ਚਲਾ ਰਿਹਾ ਹੈ ਅਤੇ ਇਹ ਪੰਜਾਬ ਨੂੰ ਵੇਚ ਕੇ ਪੂਰੇ ਹਿੰਦੋਸਤਾਨ ਉੱਪਰ ਰਾਜ ਕਰਨਾ ਚਾਹੁੰਦੇ ਹਨ। ਪ੍ਰਧਾਨ ਝਿੰਜਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਖੇਤਰੀ ਪਾਰਟੀ ਹੈ, ਜੋ ਕਿ ਪੰਜਾਬ ਦੇ ਲੋਕਾਂ ਨਾਲ ਹਮੇਸ਼ਾ ਖੜ੍ਹਦੀ ਆਈ ਹੈ ਅਤੇ ਬਾਕੀ ਪਾਰਟੀਆਂ ਦਾ ਰਿਮੋਟ ਦਿੱਲੀ ਵਾਲਿਆਂ ਕੋਲ ਹੈ ਤੇ ਦਿੱਲੀ ਤਰਫੋਂ ਅੱਜ ਤੱਕ ਪੰਜਾਬ ਨੂੰ ਤੱਤੀਆਂ ਹਵਾਵਾਂ ਹੀ ਮਿਲੀਆਂ ਹਨ। ਉਹਨਾਂ ਨੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਦਸਤਾਰਾਂ ਸਜਾਉਣ ਦੀ ਅਪੀਲ ਕੀਤੀ ਤਾਂ ਜੋ ਆਪਣੇ ਇਤਿਹਾਸ ਨਾਲ ਜੁੜ ਸਕੀਏ। ਇਸ ਮੌਕੇ ਪ੍ਰਧਾਨ ਝਿੰਜਰ ਵਲੋਂ ਤਿੰਨ ਨੌਜਵਾਨਾਂ ਨੂੰ ਦਸਤਾਰਾਂ ਵੀ ਸਜਾਈਆ ਗਈਆ। ਅੰਤ ਵਿੱਚ ਜਥੇਦਾਰ ਤੀਰਥ ਸਿੰਘ ਮਾਹਲਾ ਵੱਲੋਂ ਸਮੂਹ ਇਕੱਤਰਤਾ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਇਹ ਦਰਸਾਇਆ ਕਿ ਅੱਜ ਵੀ ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਪਕੜ ਪੂਰੀ ਮਜ਼ਬੂਤ ਹੈ। ਇਸ ਮੌਕੇ ਸੁਖਜੀਤ ਸਿੰਘ ਮਾਹਲਾ, ਹਰਪ੍ਰੀਤ ਸਿੰਘ ਲਵਲੀ ਘੋਲੀਆ, ਇਕੱਤਰ ਸਿੰਘ ਥਰਾਜ, ਗੁਰਦੇਵ ਸਿੰਘ ਨੰਬਰਦਾਰ ਫੂਲੇਵਾਲਾ, ਬਲਜਿੰਦਰ ਮੌੜ, ਪਵਨ ਸਮਾਧ ਭਾਈ, ਗੁਰਮੁੱਖ ਸਿੰਘ ਲੰਡੇ, ਕਰਨਲ ਦਰਸ਼ਨ ਸਿੰਘ ਸਮਾਧ ਭਾਈ, ਹਰਜੀਤ ਸਿੰਘ ਰਾਮੂੰਵਾਲਾ ਐਡਵੋਕੇਟ, ਜਗਦੇਵ ਸਰਪੰਚ ਨਿਗਾਹਾ, ਚਮਕੌਰ ਸਿੰਘ ਘੋਲੀਆ, ਜਿੰਮੀ ਸਰਪੰਚ ਗੱਜਣਵਾਲਾ, ਜਗਦੀਸ਼ ਸਿੰਘ ਚੋਟੀਆਂ, ਤਰਲੋਚਨ ਸਿੰਘ ਕਾਲੇਕੇ, ਜਗਮੋਹਨ ਸਿੰਘ ਜੈ ਸਿੰਘ ਵਾਲਾ, ਅੰਗਰੇਜ ਸਿੰਘ ਕੋਟਲਾ, ਸੁਖਦੀਪ ਸਿੰਘ ਰੋਡੇ ਸੀਨੀਅਰ ਆਗੂ, ਰਣਜੀਤ ਸਿੰਘ ਝੀਤੇ, ਸ਼ੇਰੀ ਭਲੂਰ, ਗੁਰਜੰਟ ਸਿੰਘ ਭੁੱਟੋ ਰੋਡੇ, ਜਗਸੀਰ ਸਿੰਘ ਬਰਾੜ ਕੌਂਸਲਰ, ਪ੍ਰਿਤਪਾਲ ਸਿੰਘ ਖੋਸਾ, ਪ੍ਰਦੀਪ ਬਰਾੜ, ਇੰਦਰਜੀਤ ਗੱਜਣਵਾਲਾ, ਬਲਜੀਤ ਚੰਦ ਨਵਾਂ, ਸਾਬਕਾ ਚੇਅਰਮੈਨ ਸੁਖਚਰਨ ਸਿੰਘ ਛਿੰਦਾ ਠੱਠੀ ਭਾਈ, ਹਰਮਿੰਦਰਪਾਲ ਸਿੰਘ ਕਾਕਾ ਬਰਾੜ, ਜਗਸੀਰ ਸਿੰਘ ਸੀਰੂ, ਬਲਰਾਜ ਸਿੰਘ ਚੋਟੀਆ, ਹਰਪ੍ਰੀਤ ਸਿੰਘ ਕੋਟਲਾ, ਇੰਦਰਜੀਤ ਲੰਡੇ, ਸਾਬਕਾ ਉੱਪ ਚੇਅਰਮੈਨ ਜਤਿੰਦਰ ਸਿੰਘ ਬਿੱਟੂ ਚੰਨੂੰਵਾਲਾ, ਕੁਲਦੀਪ ਸਿੰਘ, ਆਤਮਾ ਸਿੰਘ ਵੱਡਾ ਘਰ, ਐਡਵੋਕੇਟ ਗੁਰਪ੍ਰੀਤ ਸਿੰਘ ਵੜਿੰਗ, ਜਥੇਦਾਰ ਹਰਮੇਲ ਸਿੰਘ ਮੌੜ, ਹਰਪ੍ਰੀਤ ਸਿੰਘ, ਬਲਵੀਰ ਸਿੰਘ, ਪਵਨ ਗੋਇਲ, ਤਾਰਾ ਸਿੰਘ, ਸਤਨਾਮ ਸਿੰਘ, ਗੁਰਵੀਰ ਸਿੰਘ, ਪ੍ਰਦੀਪ ਕਿੰਗਰਾ, ਪਵਿੱਤਰ ਸੁਖਾਨੰਦ, ਸੀਰਾ ਡੇਮਰੂ, ਪ੍ਰਿਤਪਾਲ ਸਿੰਘ ਜੈਮਲਵਾਲਾ, ਜਸਵੰਤ ਸਿੰਘ ਕਾਲੇਕੇ ਆਦਿ ਹਾਜ਼ਰ ਸਨ।



# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸਿਹਤ ਵਿਭਾਗ ਵੱਲੋਂ 2700 ਮਰੀਜ਼ਾਂ ਦੀ ਜਾਂਚ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕੁਦਰਤੀ ਕਰੋਪੀ ਦਾ ਸਾਹਮਣਾ ਕਰ ਰਹੇ ਪੰਜਾਬ ਵਾਸੀਆਂ ਨਾਲ ਜਿਥੇ ਸੂਬਾ ਸਰਕਾਰ ਵੱਲੋਂ ਚਟਾਨ ਦੀ ਤਰ੍ਹਾਂ ਨਾਲ ਖੜ੍ਹ ਕੇ ਲੋਕਾਂ ਦੀ ਹਰ ਸੰਭਵ ਮੱਦਦ ਕੀਤੀ ਜਾ ਰਹੀ ਹੈ, ਉਥੇ ਹੀ ਡਾ. ਰਾਜਿੰਦਰਪਾਲ ਸਿਵਲ ਸਰਜਨ, ਫਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਮਿਊਨਿਟੀ ਹੈੱਲਥ ਸੈਂਟਰ ਮਮਦੋਟ ਦੀਆ ਟੀਮਾਂ ਵੱਲੋਂ ਲੋਕਾਂ ਨੂੰ ਕੁਦਰਤੀ ਮਾਰ ਤੋਂ ਬਚਾਉਣ ਯਤਨ ਕੀਤੇ ਜਾ ਰਹੇ ਹਨ। ਸੀਨੀਅਰ ਮੈਡੀਕਲ ਅਫਸਰ ਡਾ. ਰੇਖਾ ਭੱਟੀ ਨੇ ਸਪੱਸ਼ਟ ਕੀਤਾ ਕਿ ਕਮਿਊਨਿਟੀ ਹੈੱਲਥ ਸੈਂਟਰ ਮਮਦੋਟ ਅਧੀਨ ਆਉਂਦੇ ਲਗਭਗ 19 ਦੇ ਕਰੀਬ ਪਿੰਡਾਂ ਵਿਚ ਹੁਣ ਤੱਕ 2700 ਦੇ ਕਰੀਬ ਲੋਕਾਂ ਦੀ ਸਿਹਤ ਜਾਂਚ ਕਰਕੇ ਦਵਾਈਆਂ ਦਿੱਤੀਆਂ ਗਈਆਂ ਹਨ। ਡਾਕਟਰ ਰੇਖਾ ਨੇ ਕਿਹਾ ਕਿ ਆਮ ਲੋਕਾਂ ਨੂੰ ਹੜ੍ਹਾਂ ਦੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ, ਉਥੇ ਇਨ੍ਹਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਓ ਲਈ ਨੁਕਤੇ ਸਾਂਝੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੀ ਐੱਚ ਸੀ ਅਤੇ ਸੀ ਐੱਚ ਸੀ ਅਧੀਨ ਆਉਂਦੇ ਹਸਪਤਾਲਾਂ, ਡਿਸਪੈਂਸਰੀਆਂ ਅਤੇ ਪਿੰਡਾਂ ਵਿਚ ਪਹੁੰਚ ਕਰਕੇ ਸਟਾਫ ਵੱਲੋਂ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਓ ਲਈ ਦਵਾਈਆਂ ਮੁਫਤ ਦੇਣ ਦੇ ਨਾਲ ਨਾਲ ਡਾਇਰੀਆ ਆਦਿ ਤੋਂ ਬਚਾਓ ਲਈ ਓ ਆਰ ਐੱਸ ਦੇ ਪੈਕੇਟ ਵੰਡੇ ਜਾ ਰਹੇ ਹਨ ਤਾਂ ਜੋ ਇਸ ਗੰਭੀਰ ਸਥਿਤੀ ਵਿਚ ਲੋਕਾਂ ਦੀ ਸਿਹਤ ਸਥਿਰ ਬਣੀ ਰਹਿ ਸਕੇ ਅਤੇ ਲੋਕ ਬਿਮਾਰੀਆਂ ਤੋਂ ਮੁਕਤ ਰਹਿ ਕੇ ਇਸ ਆਫਤ ਦਾ ਮੁਕਾਬਲਾ ਕਰ ਸਕਣ। ਉਨ੍ਹਾਂ ਕਿਹਾ ਕਿ ਹਸਪਤਾਲ ਵੱਲੋਂ ਇਲਾਕੇ ਵਿਚ ਮੈਡੀਕਲ ਕੈਂਪ ਵੀ ਲਗਾਏ ਜਾ ਰਹੇ ਹਨ ਅਤੇ ਇਨ੍ਹਾਂ ਕੈਂਪਾਂ ਵਿਚ ਲੋਕਾਂ ਨੂੰ ਚਮੜੀ ਦੇ ਰੋਗ ਤੋਂ ਲੈ ਕੇ ਪੇਟ ਦੀਆਂ ਬਿਮਾਰੀਆਂ ਸਮੇਤ ਹਰ ਵਿਅਕਤੀ ਬਾਰੇ ਵਿਸਥਾਰਤ ਜਾਣਕਾਰੀ ਸਾਂਝੀ ਕਰਦਿਆਂ ਇਨ੍ਹਾਂ ਬਿਮਾਰੀਆਂ ਦੇ ਲੱਛਣਾਂ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਇਨ੍ਹਾਂ ਬਿਮਾਰੀਆਂ ਦੀ ਗ੍ਰਿਫਤ ਵਿਚੋਂ ਮੁਕਤ ਹੋਣ ਦੇ ਨੁਕਤੇ ਸਾਂਝੇ ਕੀਤੇ ਜਾ ਰਹੇ ਹਨ। ਇਸ ਮੌਕੇ ਬੀ ਈ ਈ ਅੰਕੁਸ਼ ਭੰਡਾਰੀ ਨੇ ਸਪੱਸ਼ਟ ਕੀਤਾ ਕਿ ਸੀ ਐੱਚ ਸੀ ਮਮਦੋਟ ਦੀਆਂ ਟੀਮਾਂ ਲਗਾਤਾਰ ਪਿੰਡਾਂ ਵਿਚ ਪਹੁੰਚ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਇਸ ਆਫਤ ਦੀ ਘੜੀ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾਉਣ ਲਈ ਹਰ ਯਤਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਪਹੁੰਚ ਕਰਦੀਆਂ ਟੀਮਾਂ ਜਿਥੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦੀਆਂ ਹਨ, ਉਥੇ ਸੂਬਾ ਸਰਕਾਰ ਦੀਆਂ ਨੀਤੀਆਂ ਲੋਕਾਂ ਤੱਕ ਪਹੁੰਚਾ ਕੇ ਲੋਕਾਂ ਨੂੰ ਇਸ ਆਫਤ ਦੀ ਘੜੀ ਵਿਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਤੋਂ ਮੁਕਤ ਰਹਿਣ ਲਈ ਪ੍ਰੇਰਿਤ ਕਰ ਰਹੀਆਂ ਹਨ ਤਾਂ ਜੋ ਲੋਕ ਬੇਖੌਫ ਹੋ ਕੇ ਆਪਣੀ ਜ਼ਿੰਦਗੀ ਬਰਕਰਾਰ ਰੱਖ ਸਕਣ, ਕਿਉਂਕਿ ਕਿਸੇ ਵੀ ਬਿਮਾਰੀ ਜਾਂ ਗੰਭੀਰ ਸਥਿਤੀ ਦਾ ਮੁਕਾਬਲਾ ਬੇਖੌਫ ਹੋ ਕੇ ਹੀ ਕੀਤਾ ਜਾ ਸਕਦਾ ਹੈ। ਇਸ ਮੌਕੇ ਨਰਿੰਦਰ ਸਿੰਘ ਸੀ ਐੱਚ ਓ, ਅਮਰਜੀਤ, ਮਨਜੀਤ ਕੁਮਾਰ, ਗੁਰਪ੍ਰੀਤ ਸਿੰਘ ਮ.ਪ.ਹ.ਵ (ਮੇਲ), ਪੂਨਮ ਮ.ਪ.ਹ.ਵ (ਫ਼ੀਮੇਲ) ਤੇ ਲੱਛਮੀ ਬਾਈ ਆਸ਼ਾ ਫੈਸਲੀਟੇਟਰ ਤੇ ਆਸ਼ਾ ਵਰਕਰ ਆਦਿ ਲੋਕ ਹਾਜ਼ਰ ਸਨ।



22-JULY-PAGE-7.qxd 7/21/2023 10:58 PM Page 1



# ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਤੋਂ ਦੁਖੀ ਲੋਕਾਂ ਨੇ ਘੇਰਿਆ ਨਗਰ ਕੌਂਸਲ

**ਸਮਰਾਲਾ (ਸੁਰਜੀਤ ਸਿੰਘ)**

ਉਂਝ ਤਾਂ ਸਮਰਾਲਾ ਸ਼ਹਿਰ ਗੰਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਲੰਬੇ ਸਮੇਂ ਤੋਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਪਰ ਵਾਰਡ ਨੰ. 7 ਦੇ ਲੋਕ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਤੋਂ ਐਨੇ ਦੁਖੀ ਹੋਏ ਕਿ ਉਨ੍ਹਾਂ ਨੂੰ ਨਗਰ ਕੌਂਸਲ ਸਮਰਾਲਾ ਦੇ ਦਫ਼ਤਰ ਅੱਗੇ ਧਰਨਾ ਮਾਰਨ ਲਈ ਮਜ਼ਬੂਰ ਹੋਣਾ ਪੈ ਗਿਆ। ਵਾਰਡ ਵਾਸੀਆਂ 'ਚ ਅੰਮ੍ਰਿਤਾ, ਕਰਮ ਚੰਦ, ਸੁਰਜੀਤ ਕੁਮਾਰ, ਪਿਆਰੇ ਲਾਲ, ਪ੍ਰਕਾਸ਼, ਦੀਪਕ, ਨੀਲੂ, ਹੈਪੀ, ਇਸ਼ਪ੍ਰੀਤ ਸਿੰਘ, ਰਾਕੇਸ਼ ਰਾਣੀ, ਪਵਨ ਕੁਮਾਰ, ਮੀਨਾ, ਸੰਤੋਸ਼, ਅਸ਼ੋਕ ਕੁਮਾਰ, ਸੰਜੇ, ਮਲਕੀਤ ਕੌਰ, ਗੁਰਪ੍ਰੀਤ ਸਿੰਘ ਆਦਿ ਨੇ ਦੋਸ਼ ਲਗਾਇਆ ਕਿ ਸਾਡੇ ਏਰੀਏ 'ਚ ਸੀਵਰੇਜ਼ ਨਾ ਪਏ ਹੋਣ ਕਾਰਨ ਘਰਾਂ ਦਾ ਗੰਦਾ ਪਾਣੀ ਗਲੀਆਂ-ਨਾਲੀਆਂ ਵਿਚ ਹੀ ਖੜ੍ਹਾ ਰਹਿੰਦਾ ਹੈ, ਜਿਸਨੂੰ ਨਾ ਤਾਂ ਨਗਰ ਕੌਂਸਲ ਸਮਰਾਲਾ ਦੇ ਕਰਮਚਾਰੀਆਂ ਵੱਲੋਂ ਕੱਢਿਆ ਜਾਂਦਾ ਹੈ ਅਤੇ ਨਾ ਹੀ ਕੋਈ ਸਫ਼ਾਈ ਦਾ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਗਲੀਆਂ 'ਚ ਖੜ੍ਹੇ ਗੰਦੇ ਪਾਣੀ ਦੇ ਕਾਰਨ ਮੱਛਰ ਪੈਦਾ ਹੋ ਰਿਹਾ ਹੈ ਅਤੇ ਘਰਾਂ ਅੰਦਰ ਸੁੰਡੀਆਂ ਵੀ ਪੈਦਾ ਹੋ ਚੁੱਕੀਆਂ ਹਨ, ਜਿਨ੍ਹਾਂ ਕਰਕੇ ਮਲੇਰੀਆ, ਡੇਂਗੂ ਵਰਗੀਆਂ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ। ਇਸਦੇ ਨਾਲ ਹੀ ਬੱਚਿਆਂ ਅਤੇ ਬਜ਼ੁਰਗਾਂ ਨੂੰ ਲੰਘਣਾ ਵੀ ਮੁਸ਼ਕਲ ਹੋ ਚੁੱਕਿਆ ਹੈ, ਕਈ ਵਾਰ ਬਜ਼ੁਰਗ ਤੇ ਬੱਚੇ ਫਿਸਲ ਕੇ ਡਿੱਗ ਚੁੱਕੇ ਹਨ ਅਤੇ ਸੱਟਾਂ ਦਾ ਸ਼ਿਕਾਰ ਹੋ ਚੁੱਕੇ ਹਨ। ਵਾਰਡ ਵਾਸੀਆਂ ਨੇ ਦੁਖੀ ਹੋ ਕੇ ਨਗਰ ਕੌਂਸਲ ਸਮਰਾਲਾ ਦੇ ਬਾਹਰ ਧਰਨਾ ਮਾਰ ਕੇ ਮੁਰਦਾਬਾਦ ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਮੌਕੇ 'ਤੇ ਸੂਚਨਾ ਮਿਲਦਿਆਂ ਹੀ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਨਗਰ ਕੌਂਸਲ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਪੁੱਜੇ, ਜਿਨ੍ਹਾਂ ਵੱਲੋਂ ਧਰਨਾਕਾਰੀਆਂ ਨਾਲ ਗੱਲਬਾਤ ਕੀਤੀ ਗਈ। ਉਪਰੰਤ ਇਨ੍ਹਾਂ ਦੋਵੇਂ ਆਗੂਆਂ ਨੇ ਵਾਰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਹ ਇਸ ਮਾਮਲੇ ਨੂੰ ਤੁਰੰਤ ਹੱਲ ਕਰਵਾਉਣਗੇ, ਪ੍ਰੰਤੂ ਧਰਨਾਕਾਰੀਆਂ ਨੇ ਕਿਹਾ ਕਿ ਜੋ ਵੀ ਭਰੋਸਾ ਦੇਣਾ ਹੈ ਉਹ ਲਿਖ਼ਤੀ ਰੂਪ ਵਿਚ ਦਿਓ, ਕਿਉਂਕਿ ਸਾਨੂੰ ਨਗਰ ਕੌਂਸਲ ਸਮਰਾਲਾ ਦੀ ਕਾਰਗੁਜ਼ਾਰੀ 'ਤੇ ਕੋਈ ਭਰੋਸਾ ਨਹੀਂ ਹੈ।

ਵਾਰਡ ਨੰ. 7 ਦੇ ਗੰਦੇ ਪਾਣੀ ਦੀ ਸਮੱਸਿਆ ਬਾਰੇ ਬੋਲਦਿਆਂ ਨਗਰ ਕੌਂਸਲ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਸੀਵਰੇਜ਼ ਬੋਰਡ ਦੇ ਜੇ ਈ ਨੂੰ ਬੁਲਾ ਕੇ ਮੌਕਾ ਦਿਖਾ ਦਿੱਤਾ ਗਿਆ ਹੈ। ਜਲਦੀ ਹੀ ਇਸਦੀ ਪ੍ਰਪੋਜ਼ਲ ਬਣਾ ਕੇ ਉੱਚ ਅਧਿਕਾਰੀਆਂ ਤੱਕ ਪਹੁੰਚਦੀ ਕੀਤੀ ਜਾਵੇਗੀ, ਇਸਦੀ ਟੈਂਡਰ ਪ੍ਰਕਿਰਿਆ ਪੂਰੀ ਕਰਕੇ ਸੀਵਰੇਜ਼ ਪਾਉਣ ਦਾ ਕੰਮ ਮੁਕੰਮਲ ਕਰਵਾ ਦਿੱਤਾ ਜਾਵੇਗਾ, ਫਿਰ ਕੋਈ ਸਮੱਸਿਆ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਸੀਵਰੇਜ਼ ਦਾ ਕੰਮ ਮੁਕੰਮਲ ਨਹੀਂ ਹੋ ਜਾਂਦਾ, ਓਨੀ ਦੇਰ ਤੱਕ ਰੋਜ਼ਾਨਾ ਨਗਰ ਕੌਂਸਲ ਦੇ ਅਧਿਕਾਰੀ ਟੈਂਕਰ ਰਾਹੀਂ ਗੰਦਾ ਪਾਣੀ ਚੁਕਵਾਉਣਗੇ ਅਤੇ ਰੋਜ਼ਾਨਾ ਫੌਗਿੰਗ ਵੀ ਕਰਵਾ ਦਿੱਤੀ ਜਾਇਆ ਕਰੇਗੀ।

ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਇਸ ਬਾਬਤ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਦੀ ਇਸ ਸਮੱਸਿਆ ਨੂੰ ਅਸੀਂ ਨਗਰ ਕੌਂਸਲ ਅਧਿਕਾਰੀਆਂ ਨਾਲ ਮਿਲ ਕੇ ਹੱਲ ਕਰਵਾਵਾਂਗੇ।



ਪ੍ਰੇਸ਼ਾਨ ਵਾਰਡ ਨੰ. 7 ਦੇ ਲੋਕ ਗਲੀ 'ਚ ਖੜ੍ਹੇ ਗੰਦੇ ਪਾਣੀ ਨੂੰ ਦਿਖਾਉਂਦੇ ਹੋਏ ਅਤੇ ਨਗਰ ਕੌਂਸਲ ਦੇ ਬਾਹਰ ਧਰਨਾ ਦੇਣ ਸਮੇਂ।

# ਸਹਿਕਾਰੀ ਸਭਾ 'ਚੋਂ ਸਮਾਨ ਚੋਰੀ ਕਰਨ ਦੇ ਦੋਸ਼ 'ਚ 14 ਔਰਤਾਂ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਹਿਕਾਰੀ ਸਭਾ ਖੰਟ ਦੇ ਸਟੋਰ 'ਚ ਜ਼ਿੰਮੀਦਾਰਾਂ ਨੂੰ ਦੇਣ ਲਈ ਰੱਖੀਆਂ ਘਰੇਲੂ ਵਰਤੋਂ ਦੀਆਂ ਵਸਤਾਂ ਚੋਰੀ ਕਰਨ ਦੇ ਦੋਸ਼ 'ਚ ਸੰਘੋਲ ਪੁਲਸ ਵੱਲੋਂ ਢੇਹਾ ਕਲੋਨੀ ਸਰਹਿੰਦ ਦੀ ਰਹਿਣ ਵਾਲੀਆਂ 14 ਔਰਤਾਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਬਹੁ ਮੰਤਵੀ ਸਹਿਕਾਰੀ ਸਭਾ ਪਿੰਡ ਖੰਟ ਵਿਖੇ ਸੈਕਟਰੀ ਵਜੋਂ ਨੌਕਰੀ ਕਰਨ ਵਾਲੇ ਸੁਖਜੀਤ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਨ੍ਹਾਂ ਦੀ ਸੁਸਾਇਟੀ ਦੇ ਸਟੋਰ 'ਚ ਜ਼ਿੰਮੀਦਾਰਾਂ ਨੂੰ ਦੇਣ ਲਈ ਖਾਦ, ਖੇਤੀ ਨਾਲ ਸਬੰਧਿਤ ਦਵਾਈਆਂ ਅਤੇ ਹੋਰ ਘਰੇਲੂ ਜ਼ਰੂਰਤ ਦੀਆਂ ਵਸਤਾਂ ਰੱਖੀਆਂ ਹੋਈਆਂ ਹਨ ਤੇ 19 ਜੁਲਾਈ ਦੀ ਸ਼ਾਮ ਕਰੀਬ 7 ਵਜੇ ਉਸਨੇ ਦੇਖਿਆ ਕਿ ਸੁਸਾਇਟੀ ਦਾ ਸ਼ਟਰ ਉੱਤੇ ਚੁੱਕਿਆ ਹੋਇਆ ਸੀ ਤੇ 5/6 ਦੇ ਕਰੀਬ ਔਰਤਾਂ ਸ਼ਟਰ ਦੇ ਬਾਹਰ ਖੜ੍ਹੀਆਂ ਸਨ ਜਿਨ੍ਹਾਂ ਨੂੰ ਅੰਦਰੋਂ ਕੁਝ ਔਰਤਾਂ ਸਮਾਨ ਫੜਾ ਰਹੀਆਂ ਸਨ ਤੇ ਉਸ ਨੂੰ ਦੇਖ ਕੇ ਬਾਹਰ ਖੜ੍ਹੀਆਂ ਔਰਤਾਂ ਨੇ ਆਵਾਜ਼ ਮਾਰ ਕੇ ਭੱਜਣ ਲਈ ਕਿਹਾ ਜਿਸ 'ਤੇ ਉਕਤ ਔਰਤਾਂ ਚੋਰੀ ਕੀਤੇ ਸਮਾਨ ਸਮੇਤ ਮੌਕੇ ਤੋਂ ਭੱਜ ਗਈਆਂ ਜਿਸ ਉਪਰੰਤ ਉਸਨੇ ਸੁਸਾਇਟੀ ਦੇ ਅੰਦਰ ਵੜ ਕੇ ਦੇਖਿਆ ਤਾਂ ਉੱਥੇ ਪਏ ਸਰਫ ਐਕਸਲ ਦੇ 8 ਥੈਲੇ ਅਤੇ 50 ਕਿੱਲੋ ਚੀਨੀ ਦਾ ਥੈਲਾ ਗਾਇਬ ਸਨ।

ਘਟਨਾ ਦੀ ਸੂਚਨਾ ਮਿਲਣ 'ਤੇ ਤੁਰੰਤ ਹਰਕਤ 'ਚ ਆਉਂਦਿਆਂ ਸੰਘੋਲ ਚੌਕੀ ਵਿਖੇ ਤਾਇਨਾਤ ਸਹਾਇਕ ਥਾਣੇਦਾਰ ਦਲਜੀਤ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਪਨੈਚਾਂ ਰੋਡ 'ਤੇ ਨਾਕਾਬੰਦੀ ਕਰਦਿਆਂ ਇਸ ਵਾਰਦਾਤ ਨੂੰ ਅੰਜ਼ਾਮ ਦੇ ਕੇ ਕਥਿਤ ਤੌਰ 'ਤੇ ਫਰਾਰ ਹੋਈਆਂ ਮਮਤਾ, ਗਰੀਬਣੀ, ਫੂੱਲੂ, ਨੇਹਾ, ਦੁਲਾਈ, ਸੀਮਾ, ਰੁਖਾ, ਗੀਤਾ, ਬੇਬੀ, ਦੁਲਾਰੀ, ਸੱਤਿਆ, ਰਿੰਪੀ, ਕੋਕੋ ਅਤੇ ਅੰਗੂਰੀ ਵਾਸੀਆਨ ਢੇਹਾ ਕਲੋਨੀ ਬ੍ਰਾਹਮਣਮਾਜਰਾ ਸਰਹਿੰਦ ਨੂੰ ਗ੍ਰਿਫਤਾਰ ਕਰ ਲਿਆ।

# ਇਕਲੌਤੇ ਨੌਜਵਾਨ ਦੀ ਟਿੱਪਰ ਨੇ ਲਈ ਜਾਨ



**ਮਲੋਟ (ਗੁਰਮੀਤ ਸਿੰਘ ਮੱਕੜ)**

ਬੀਤੀ ਸ਼ਾਮ ਮਲੋਟ ਦੇ ਨਜ਼ਦੀਕ ਪਿੰਡ ਰੱਥੜੀਆਂ ਵਿਖੇ ਬਣ ਰਹੇ ਨੈਸ਼ਨਲ ਹਾਈਵੇ ਰੋਡ ਦੇ ਬਾਈ ਪਾਸ ਦੇ ਚੱਲ ਰਹੇ ਕੰਮ ਦੌਰਾਨ ਇੱਕ ਮਿੱਟੀ ਦੇ ਭਰੇ ਟਿੱਪਰ ਟਰੱਕ ਨੇ ਪਿੰਡ ਦੇ ਦੋ ਮੋਟਰਸਾਈਕਲ ਸਵਾਰਾਂ ਨੂੰ ਕੁੱਚਲ ਦਿੱਤਾ ਅਤੇ ਜਿਸ ਦੌਰਾਨ ਇੱਕ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਟਿੱਪਰ ਚਾਲਕ ਮੌਕੇ ਤੋਂ ਟਿੱਪਰ ਛੱਡ ਕੇ ਭੱਜਣ ਲੱਗਿਆ ਤਾਂ ਪਿੰਡ ਦੇ ਲੋਕਾਂ ਨੇ ਮੌਕੇ 'ਤੇ ਫੜ ਲਿਆ ਅਤੇ ਬੰਨ੍ਹ ਲਿਆ ਅਤੇ ਨੈਸ਼ਨਲ ਹਾਈਵੇ ਰੋਡ ਜਾਮ ਕਰ ਦਿੱਤੀ, ਜਦੋਂ ਪੁਲਸ ਮੌਕੇ 'ਤੇ ਪਹੁੰਚੀ ਤਾਂ ਪੁਲਸ ਵੱਲੋਂ ਟਿੱਪਰ ਚਾਲਕ ਨੂੰ ਲੋਕਾਂ ਤੋਂ ਛੁਡਵਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਪਿੰਡ ਵਾਸੀਆਂ ਅਤੇ ਪੁਲਸ ਵਿਚਕਾਰ ਕਾਫੀ ਹੱਥੋਪਾਈ ਹੋਈ ਅਤੇ ਇੱਕ ਪਿੰਡ ਵਾਸੀ ਨੇ ਕਾਰਵਾਈ ਕਰਨ ਨੂੰ ਲੈ ਕੇ ਦਰੱਖਤ 'ਤੇ ਚੜ੍ਹ ਕੇ ਧਮਕੀ ਦਿੱਤੀ। ਮਾਹੌਲ ਲਗਾਤਾਰ ਤਣਾਅਪੂਰਨ ਹੁੰਦਾ ਦੇਖਦੇ ਹੋਏ ਜਿਲ੍ਹਾ ਭਰ ਦੇ ਪੁਲਸ ਅਧਿਕਾਰੀ ਭਾਰੀ ਫੋਰਸ ਸਮੇਤ ਪਹੁੰਚੇ। ਦੂਜੇ ਪਾਸੇ ਪਿੰਡ ਵਾਸੀਆਂ ਨੇ ਦੱਸਿਆ ਕਿ ਮਰਨ ਵਾਲਾ ਨੌਜਵਾਨ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜਿਸ ਦੇ ਪਿਤਾ ਦੀ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਦੂਸਰਾ ਨੌਜਵਾਨ ਜੋ ਗੰਭੀਰ ਜ਼ਖਮੀ ਹੈ, ਉਹ ਵੀ ਇਕਲੌਤਾ ਪੁੱਤਰ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਬਾਈਪਾਸ ਸੜਕ ਦਾ ਕੰਮ ਚੱਲ ਰਿਹਾ, ਇੱਥੇ ਕੋਈ ਸਕਿਊਰਟੀ ਗਾਰਡ ਨਹੀਂ ਹੁੰਦਾ ਅਤੇ ਮਿੱਟੀ ਦੇ ਟਰੱਕ ਚਾਲਕ ਲਾਪ੍ਰਵਾਹੀ ਨਾਲ ਚਲਾਉਂਦੇ ਹਨ ਅਤੇ ਅੱਜ ਸਾਡੇ ਪਿੰਡ ਦੇ ਨੌਜਵਾਨਾ ਨੂੰ ਕੁੱਚਲ ਦਿੱਤਾ, ਜਿਸ ਵਿੱਚੋਂ ਇੱਕ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਪਰਵਾਰਾਂ ਨੂੰ ਇਨਸਾਫ ਦਿਵਾਇਆ ਜਾਵੇ।

## ਕਾਤਰਾਂ

### ਝਪਟਮਾਰ ਤੇ ਲੁੱਟ ਦੀਆਂ ਘਟਨਾਵਾਂ ਕਾਰਨ ਲੋਕਾਂ 'ਚ ਦਹਿਸ਼ਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਇਲਾਕੇ 'ਚ ਪਿਛਲੇ ਕੁਝ ਦਿਨਾਂ ਤੋਂ ਝਪਟਮਾਰ ਅਤੇ ਛੋਟੀਆਂ-ਮੋਟੀਆਂ ਲੁੱਟ ਦੀਆਂ ਵਾਰਦਾਤਾਂ ਕਾਰਨ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਬੀਤੇ ਵੀਰਵਾਰ 2 ਘਟਨਾਵਾਂ ਵਾਪਰ ਗਈਆਂ ਜਿਸ ਵਿੱਚ ਇੱਕ ਔਰਤ ਤੋਂ ਮੋਬਾਇਲ ਝਪਟ ਲਿਆ ਅਤੇ ਪ੍ਰਵਾਸੀ ਮਜ਼ਦੂਰਾਂ ਤੋਂ 10 ਹਜ਼ਾਰ ਰੁਪਏ ਲੁੱਟ ਲਏ। ਪ੍ਰਾਪਤ ਜਾਣਕਾਰੀ ਅਨੁਸਾਰ ਗੜ੍ਹੀ ਨਹਿਰ ਪੁਲ ਨੇੜ੍ਹੇ 4-5 ਪ੍ਰਵਾਸੀ ਮਜ਼ਦੂਰ ਬੈਠੇ ਸਨ ਜਿਨ੍ਹਾਂ ਕੋਲ 2 ਨੌਜਵਾਨ ਆਏ ਜਿਨ੍ਹਾਂ ਨੇ ਆ ਕੇ ਡਰਾਬਾ ਦਿੱਤਾ ਕਿ ਜੂਆ ਖੇਡਦੇ ਹੋਏ, ਤੁਹਾਨੂੰ ਥਾਣੇ ਲੈ ਕੇ ਚੱਲਦੇ ਹਾਂ। ਨੌਜਵਾਨਾਂ ਕੋਲ ਕ੍ਰਿਪਾਨਾਂ ਫੜੀਆਂ ਹੋਣ ਕਾਰਨ ਕੁਝ ਤਾਂ ਭੱਜ ਗਏ ਪਰ ਇਨ੍ਹਾਂ 'ਚੋਂ ਸੋਨੂੰ ਕੁਮਾਰ ਕਾਬ ਆ ਗਿਆ। ਇਨ੍ਹਾਂ ਨੌਜਵਾਨਾਂ ਨੇ ਉਸ ਕੋਲੋਂ 10 ਹਜ਼ਾਰ ਰੁਪਏ ਖੋਹ ਲਏ ਅਤੇ ਕਿਹਾ ਕਿ ਮੋਟਰਸਾਈਕਲ ਲੈ ਕੇ ਥਾਣੇ ਚੱਲੋ ਕਿਉਂਕਿ ਤੁਸੀਂ ਇੱਥੇ ਜੂਆ ਖੇਡਦੇ ਹੋ। ਇਹ ਨੌਜਵਾਨ ਉਸ ਨੂੰ ਮੋਟਰਸਾਈਕਲਾਂ 'ਤੇ ਲੈ ਕੇ ਮਾਛੀਵਾੜਾ ਥਾਣਾ ਵੱਲ ਚੱਲ ਪਏ ਪਰ ਰਸਤੇ ਵਿਚ ਆਪ ਫ਼ਰਾਰ ਹੋ ਗਏ ਅਤੇ ਉਸ ਨੂੰ ਛੱਡ ਗਏ। 10 ਹਜ਼ਾਰ ਰੁਪਏ ਲੁੱਟੇ ਜਾਣ ਤੋਂ ਬਾਅਦ ਇਹ ਪ੍ਰਵਾਸੀ ਮਜ਼ਦੂਰ ਮਾਛੀਵਾੜਾ ਪੁਲਸ ਥਾਣਾ ਵਿਖੇ ਸ਼ਿਕਾਇਤ ਲੈ ਕੇ ਪੁੱਜਾ। ਇਸ ਤੋਂ ਇਲਾਵਾ ਮਾਛੀਵਾੜਾ ਕਲਗੀਧਰ ਨਗਰ ਦੀ ਨਿਵਾਸੀ ਪਰਮਜੀਤ ਕੌਰ ਚਰਨ ਕੰਵਲ ਚੌਂਕ ਨੇੜ੍ਹੇ ਜਾ ਰਹੀ ਸੀ ਕਿ 2 ਮੋਟਰਸਾਈਕਲ ਸਵਾਰ ਆਏ ਜਿਨ੍ਹਾਂ ਨੇ ਉਸ ਦੇ ਹੱਥ ਵਿਚ ਫੜਿਆ ਪਰਸ ਖੋਹ ਲਿਆ ਜਿਸ ਵਿਚ ਮੋਬਾਇਲ ਤੇ ਕੁਝ ਨਗਦੀ ਸੀ। ਦੋ ਦਿਨ ਵਿਚ ਝਪਟਮਾਰ ਅਤੇ ਲੁੱਟ ਦੀਆਂ 3 ਵਾਰਦਾਤਾਂ ਕਾਰਨ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਕਿ ਹੁਣ ਰਸਤੇ ਵਿਚ ਵੀ ਚੱਲਣਾ ਮੁਸ਼ਕਲ ਹੋ ਗਿਆ ਹੈ।

### ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੀੜਤਾਂ ਨੂੰ ਮੁਆਵਜ਼ਾ ਰਾਸ਼ੀ ਜਾਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਨਯੋਗ ਮੈਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ ਏ ਐਸ ਨਗਰ (ਮੋਹਾਲੀ) ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਵੀਰਇੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਮਿਸ ਏਕਤਾ ਉੱਪਲ, ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਦੋ ਕੇਸਾਂ ਵਿੱਚ ਵੱਖ-ਵੱਖ ਦੋਵਾਂ ਪੀੜ੍ਹਤਾਂ ਨੂੰ ਇੱਕ-ਇੱਕ ਲੱਖ ਰੁਪਏ ਦਾ ਮੁਆਵਜਾ ਜਾਰੀ ਕੀਤਾ ਗਿਆ ਹੈ। ਇਹ ਮੁਆਵਜਾ ਮਾਨਯੋਗ ਜੱਜ ਵੱਲੋਂ ਪੰਜਾਬ ਪੀੜਤ ਮੁਆਵਜਾ ਸਕੀਮ ਅਧੀਨ ਦਿੱਤਾ ਗਿਆ। ਪੀੜ੍ਹਤ ਅਤੇ ਉਨ੍ਹਾਂ ਦੇ ਪਰਿਵਾਰ ਵਾਲੇ ਖੁਸ਼ ਸਨ ਅਤੇ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇਸ ਮੁਆਵਜੇ ਦੀ ਰਕਮ ਨਾਲ ਉਨ੍ਹਾਂ ਦੀਆਂ ਪੀੜਤ ਬੱਚਿਆਂ ਦਾ ਭਵਿੱਖ ਸਵਰ ਸਕਦਾ ਹੈ।ਇਸ ਦੇ ਨਾਲ ਹੀ ਜੱਜ ਵੱਲੋਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਪੀੜਤ ਮੁਆਵਜ਼ਾ ਸਕੀਮ ਅਧੀਨ ਪੀੜਤ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ ਜਿਸ ਸੰਬੰਧੀ ਵਧੇਰੇ ਜਾਣਕਾਰੀ ਲਈ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ, ਝੋਕ ਰੋਡ, ਨੇੜੇ ਸ਼ੇਰ ਸ਼ਾਹ ਵਾਲੀ ਚੌਂਕ, ਫਿਰੋਜ਼ਪੁਰ ਕੈਂਟ ਵਿਖੇ ਸੰਪਰਕ ਕਰ ਸਕਦੇ ਹਨ।

### ਭੁੱਲਰ ਤੇ ਚੇਅਰਮੈਨ ਪਲਾਨਿੰਗ ਬੋਰਡ ਵੱਲੋਂ ਵੈਟਰਨਰੀ ਪੋਲੀਕਲੀਨਿਕ ਦਾ ਦੌਰਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਵੱਲੋਂ ਫਿਰੋਜ਼ਪੁਰ ਸ਼ਹਿਰ ਵਿਖੇ ਵੈਟਰਨਰੀ ਪੋਲੀਕਲੀਨਿਕ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਚੰਦ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਹਸਪਤਾਲ ਦੇ ਡਾਕਟਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨਾਲ ਹਸਪਤਾਲ ਦੇ ਸੁਧਾਰ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਦਰਪੇਸ਼ ਆ ਰਹੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਦੱਸਿਆ ਕਿ ਸਟਾਫ ਦੇ ਦਫ਼ਤਰ ਲਈ ਪਹਿਲਾਂ ਹੀ ਨਵੀਂ ਬਿਲਡਿੰਗ ਬਣਾ ਕੇ ਦਿੱਤੀ ਗਈ ਹੈ ਤੇ ਹੁਣ ਵੈਟਰਨਰੀ ਪੋਲੀਕਲੀਨਿਕ ਦੀ ਪੁਰਾਣੀ ਬਿਲਡਿੰਗ ਦੀ ਰਿਪੇਅਰ ਲਈ ਵੀ ਲੋੜੀਂਦੇ ਫੰਡ ਦਿੱਤੇ ਜਾਣਗੇ।ਇਸ ਤੋਂ ਇਲਾਵਾ ਉਪਰੇਸ਼ਨ ਥੀਏਟਰ ਜਾਂ ਹੋਰ ਲੋੜੀਂਦੇ ਸਮਾਨ ਲਈ ਵੀ ਫੰਡ ਮੁਹੱਈਆ ਕਾਰਵਾਏ ਜਾਣਗੇ ਤਾਂ ਜੋ ਇਸ ਜ਼ਿਲ੍ਹਾ ਪੱਧਰ ਦੇ ਪਸ਼ੂ ਹਸਪਤਾਲ ਵਿੱਚ ਲੋਕਾਂ ਨੂੰ ਪਸ਼ੂਆਂ ਦੇ ਇਲਾਜ ਲਈ ਵਧੀਆ ਸਹੂਲਤ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਹਸਪਤਾਲ ਦੀ ਬਿਲਡਿੰਗ 'ਚ ਸੁਧਾਰ ਅਤੇ ਲੋੜੀਂਦੇ ਸਮਾਨ ਨੂੰ ਛੇਤੀ ਹੀ ਪੂਰਾ ਕਰਨ ਦਾ ਦਿੱਤਾ ਭਰੋਸਾ ਵੀ ਦਿੱਤਾ।ਇਸ ਮੌਕੇ ਹਸਪਤਾਲ ਦੇ ਡਾ. ਗੁਰਨੂਰ ਸਿੰਘ ਤੇ ਗੁਰਵਿੰਦਰ ਸਿੰਘ, ਪਲਾਨਿੰਗ ਬੋਰਡ ਤੋਂ ਸੰਜੀਵ ਮੈਣੀ ਤੋਂ ਇਲਾਵਾ ਹਿਮਾਂਸ਼ੂ ਠੱਕਰ ਵੀ ਹਾਜ਼ਰ ਸਨ।

# ਐਮੀਨੈਂਸ ਸਕੂਲਾਂ ਵਾਂਗ ਸਾਰੇ ਵਿਦਿਆਰਥੀਆਂ ਨੂੰ 4000 ਰੁਪਏ ਵਾਲੀ ਵਰਦੀ ਦੇਵੇ ਸਰਕਾਰ

**ਸੰਗਰੂਰ (ਪ੍ਰਵੀਨ ਸਿੰਘ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਸ਼ਿਸ਼ਟ, ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਸੂਬਾ ਕਮੇਟੀ ਮੈਂਬਰ ਦਲਜੀਤ ਸਫੀਪੁਰ ਅਤੇ ਮੇਘਰਾਜ ਨੇ ਪੰਜਾਬ ਸਰਕਾਰ ਵੱਲੋਂ ਕੇਵਲ 117 ਐਮੀਨੈਂਸ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ 4000 ਰੁਪਏ ਵਾਲੀ ਵਰਦੀ ਦੇਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਸਰਕਾਰ ਦੇ ਇਸ ਫੈਸਲੇ ਨਾਲ ਸਾਬਤ ਹੋ ਗਿਆ ਹੈ ਕਿ 19 ਹਾਜ਼ਰ ਦੇ ਕਰੀਬ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਜ਼ਾਰਾਂ ਵਿਦਿਆਰਥੀਆਂ ਨੂੰ 600 ਰੁਪਏ ਵਿੱਚ ਦਿੱਤੀ ਜਾਣ ਵਾਲੀ ਵਰਦੀ ਵਧੀਆ ਮਿਆਰ ਦੀ ਨਹੀਂ ਹੋ ਸਕਦੀ। ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀ ਜੱਥੇਬੰਦੀ ਵੱਲੋਂ ਪਹਿਲਾਂ ਵੀ 600 ਰੁਪਏ ਦੀ ਰਾਸ਼ੀ ਨੂੰ ਨਿਗੂਣੀ ਐਲਾਨਦਿਆਂ ਮੰਗ ਕੀਤੀ ਗਈ ਸੀ ਕਿ ਇਸ ਰਾਸ਼ੀ ਵਿੱਚ ਬਣਦਾ ਵਾਧਾ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਲਈ ਮਿਆਰੀ ਵਰਦੀ ਮੁਹੱਈਆ ਕਰਵਾਈ ਜਾ ਸਕੇ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂਆਂ ਮਨਜੀਤ ਲਹਿਰਾ, ਰਮਨ ਗੋਇਲ, ਸ਼ਿਵਾਲੀ ਲਹਿਰਾ, ਸੁਖਪਾਲ ਸਫੀਪੁਰ, ਰਣਧੀਰ ਸੰਗਰੂਰ ਨੇ ਅਜਿਹੇ ਵਿਤਕਰੇਬਾਜ਼ੀ ਵਾਲੇ ਮਾਡਲ ਦੀ ਥਾਂ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਵਧੀਆ ਮਿਆਰ ਵਾਲੀ ਸਿੱਖਿਆ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਦੀ ਮੰਗ ਨੂੰ ਦੁਹਰਾਇਆ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ 'ਚ 400 ਕੁਇੰਟਲ ਅਚਾਰ ਵੰਡਿਆ



**ਮੱਖੂ (ਰਛਪਾਲ ਸਿੰਘ ਸੰਧੂ)**

ਸਮਾਜ ਸੇਵਾ ਦੇ ਖੇਤਰ 'ਚ ਮੋਹਰੀ ਹੋ ਕੇ ਭੂਮਿਕਾ ਨਿਭਾਉਣ ਵਾਲੀ ਵਿਸ਼ਵ ਪ੍ਰਸਿੱਧ ਸਮਾਜ ਸੇਵੀ ਸੰਸਥਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਈ। ਸਰਬੱਤ ਦਾ ਭਲਾ ਚੈਰੀਟੇਬਲ ਦੇ ਬਾਨੀ ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਜਿਸ ਤਰ੍ਹਾਂ ਦੀ ਸਹਾਇਤਾ ਦੀ ਵੀ ਲੋੜ ਮਹਿਸੂਸ ਹੋਵੇਗੀ ਉਸ ਦੀ ਟਰੱਸਟ ਵੱਲੋਂ ਮੱਦਦ ਕੀਤੀ ਜਾਵੇਗੀ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਿਲ੍ਹਾ ਫਿਰੋਜ਼ਪੁਰ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਜਿਲ੍ਹਾ ਇਸਤਰੀ ਵਿੰਗ ਦੇ ਪ੍ਰਧਾਨ ਅਮਰਜੀਤ ਕੌਰ ਛਾਬੜਾ, ਮੱਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਿਰੋਜ਼ਪੁਰ ਜਿਲ੍ਹੇ ਅੰਦਰ ਹੜ੍ਹਾਂ ਕਾਰਨ ਖੇਤਾਂ 'ਚ ਪਾਣੀ ਭਰ ਜਾਣ ਕਾਰਨ ਜਿੱਥੇ ਕਈ ਕਿਸਾਨਾਂ ਦੀਆਂ ਫਸਲਾਂ ਖਰਾਬ ਹੋ ਗਈਆਂ ਅਤੇ ਬੇਜ਼ੁਬਾਨ ਪਸ਼ੂਆਂ ਦਾ ਚਾਰਾ ਬਿਲਕੁੱਲ ਬਰਬਾਦ ਹੋ ਗਿਆ। ਇਸ ਲਈ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਸ਼ੂਆਂ ਦੇ ਚਾਰੇ ਦੀ ਲੋੜ ਨੂੰ ਪੂਰਾ ਕਰਨ ਲਈ ਡਾ. ਓਬਰਾਏ ਵੱਲੋਂ ਮੱਖੂ ਦੇ ਨਾਲ ਹੜ੍ਹ ਪ੍ਰਭਾਵਿਤ ਪਿੰਡ ਮੰਨੂ ਮਾਛੀ, ਗੱਟਾ ਦਲੇਰ, ਜਮਾਲੀ ਵਾਲਾ, ਮਹਿਮੂਦ ਵਾਲਾ ਬੰਨ, ਰੁਕਨੇ ਵਾਲਾ ਬੰਨ, ਭੂਪੇ ਵਾਲਾ ਬੰਨ, ਗੱਟਾ ਆਦਿ ਪਿੰਡਾਂ 'ਚ ਟੀਮ ਵੱਲੋਂ ਪ੍ਰਸ਼ਾਸਨ ਦੀ ਮੱਦਦ ਨਾਲ 400 ਕੁਇੰਟਲ ਮੱਕੀ ਦਾ ਅਚਾਰ ਵੰਡਿਆ ਗਿਆ।

ਇਸ ਮੌਕੇ ਜਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਜਿਲ੍ਹਾ ਪ੍ਰਧਾਨ ਇਸਤਰੀ ਵਿੰਗ ਅਮਰਜੀਤ ਕੌਰ ਛਾਬੜਾ, ਮੱਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ, ਬਲਵਿੰਦਰ ਕੌਰ ਲੋਹਕੇ, ਜਗਮਿੰਦਰ ਸਿੰਘ ਵਿਰਕ ਸਾਂਝ ਕੇਂਦਰ ਥਾਣਾ ਮੱਖੂ, ਕਿਰਨ ਪੇਂਟਰ, ਮਨਪ੍ਰੀਤ ਸਿੰਘ, ਰਣਜੀਤ ਸਿੰਘ ਰਾਏ ਜੀਰਾ, ਅਮਰਜੀਤ ਸਿੰਘ, ਲਖਵਿੰਦਰ ਸਿੰਘ, ਸਤਨਾਮ ਸਿੰਘ ਸਾਬਕਾ ਚੇਅਰਮੈਨ ਮਹਿਮੂਦ ਵਾਲਾ, ਦਰਸਨ ਸਿੰਘ ਸਰਪੰਚ ਮੰਨੂ ਮਾਛੀ ਹਾਜ਼ਰ ਸਨ।

# ਖੇਤਾਂ 'ਚੋਂ ਬਰਸਾਤੀ ਪਾਣੀ ਕੱਢਣ ਨੂੰ ਲੈ ਕੇ ਹੋਏ ਵਿਵਾਦ ਨੇ ਧਾਰਿਆ ਖ਼ੂਨੀ ਰੂਪ, ਚੱਲੀਆਂ ਗੋਲੀਆਂ, 1 ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਭਾਰੀ ਬਾਰਿਸ਼ ਕਾਰਨ ਪਿੰਡਾਂ 'ਚ ਕਈ ਤਰ੍ਹਾਂ ਦੇ ਵਿਵਾਦ ਪੈਦਾ ਹੋਣੇ ਸ਼ੁਰੂ ਹੋ ਗਏ ਹਨ। ਜਾਣਕਾਰੀ ਅਨੁਸਾਰ ਫ਼ਿਰੋਜ਼ਪੁਰ ਦੇ ਪਿੰਡ ਭਾਲਾ ਫਰਾਏ ਮੱਲ ਦੇ ਖੇਤਾਂ 'ਚੋਂ ਬਰਸਾਤੀ ਪਾਣੀ ਕੱਢਣ ਨੂੰ ਲੈ ਕੇ ਵਿਵਾਦ ਹੋ ਗਿਆ ਅਤੇ ਇਸ ਝਗੜੇ 'ਚ ਵਿਰੋਧੀ ਧਿਰ ਨੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਲੱਗਣ ਕਾਰਨ ਕਿਸਾਨ ਜਸਵੰਤ ਸਿੰਘ ਦੀ ਮੌਤ ਹੋ ਗਈ, ਜਦਕਿ ਇਕ ਨੌਜਵਾਨ ਜਸ਼ਨਪ੍ਰੀਤ ਸਿੰਘ, ਕਸ਼ਮੀਰ ਸਿੰਘ ਅਤੇ ਇਕ ਔਰਤ ਸਮੇਤ ਪਰਵਾਰ ਦੇ 3 ਮੈਂਬਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਦਾਖ਼ਲ ਕਰਵਾਇਆ ਗਿਆ ਹੈ।ਇਸ ਘਟਨਾ ਸੰਬੰਧੀ ਪੁਲਸ ਵੱਲੋਂ ਜ਼ਖ਼ਮੀਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਕਾਤਲਾਂ ਖ਼ਿਲਾਫ਼ ਮਾਮਲਾ ਦਰਜ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।ਮ੍ਰਿਤਕ ਜਸਵੰਤ ਸਿੰਘ ਦੇ ਲੜਕੇ ਨੇ ਦੱਸਿਆ ਕਿ ਜਦੋਂ ਉਸ ਦਾ ਪਿਤਾ ਆਪਣੇ ਖੇਤਾਂ ਵਿਚ ਕੰਮ ਕਰ ਰਿਹਾ ਸੀ ਤਾਂ ਦੂਜੀ ਧਿਰ ਦੇ ਲੋਕਾਂ ਨੇ ਉਸ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਤੁਸੀਂ ਇਕ ਵਾਰ ਆਪਣੇ ਖੇਤਾਂ 'ਚੋਂ ਪਾਣੀ ਕੱਢ ਲਓ, ਬਾਕੀ ਸਭ ਕੁਝ ਬਾਅਦ 'ਚ ਦੇਖਿਆ ਜਾਵੇਗਾ।ਮ੍ਰਿਤਕ ਦੇ ਪੁੱਤ ਨੇ ਦੱਸਿਆ ਕਿ ਦੂਜੀ ਹਮਲਾਵਰ ਧਿਰ ਨੇ ਖੇਤਾਂ 'ਚ ਕੰਮ ਕਰ ਰਹੇ ਉਸ ਦੇ ਪਿਤਾ ਜਸਵੰਤ ਸਿੰਘ 'ਤੇ ਹਮਲਾ ਕਰ ਦਿੱਤਾ ਅਤੇ ਫਾਇਰਿੰਗ ਸ਼ੁਰੂ ਕਰ ਦਿੱਤੀ ਤੇ ਇਕ ਗੋਲੀ ਸਿੱਧੀ ਉਸ ਦੇ ਪਿਤਾ ਜਸਵੰਤ ਸਿੰਘ ਦੇ ਲੱਗੀ, ਜਿਸ ਦੀ ਮੌਤ ਹੋ ਗਈ ਤੇ ਔਰਤ ਸਮੇਤ ਪਰਵਾਰ ਦੇ ਤਿੰਨ ਮੈਂਬਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਰਖਵਾ ਦਿੱਤਾ ਹੈ।

# ਅਧਿਆਪਕਾਂ ਨੇ ਬਣਾਂਵਾਲੀ ਵਿਰੁੱਧ ਵੀ ਖੋਲ੍ਹਿਆ ਮੋਰਚਾ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਜ਼ਿਲ੍ਹੇ 'ਚ ਘੱਗਰ ਦੇ ਭਿਆਨਕ ਪ੍ਰਕੋਪ ਨੇ ਬਰੇਟਾ, ਸਰਦੂਲਗੜ੍ਹ ਦੇ ਦਰਜਨਾਂ ਪਿੰਡਾ ਤੋਂ ਬਾਅਦ ਸ਼ਹਿਰੀਆਂ ਦੇ ਵੀ ਹੱਥ ਖੜ੍ਹੇ ਕਰਵਾ ਦਿੱਤੇ ਹਨ, ਪਿੰਡਾਂ ਤੋਂ ਬਾਅਦ ਹੁਣ ਸਰਦੂਲਗੜ੍ਹ ਸ਼ਹਿਰ ਖਾਲੀ ਹੋਣ ਲੱਗਿਆ ਹੈ, ਪਰ ਇਸ ਦੇ ਬਾਵਜੂਦ ਹੜ੍ਹਾਂ 'ਚ ਘਿਰੇ ਕਈਆਂ ਪਿੰਡਾਂ 'ਚ ਹੜ੍ਹਾਂ ਦੇ ਖਤਰੇ ਦੇ ਬਾਵਜੂਦ ਅਧਿਆਪਕ ਖਾਲੀ ਸਕੂਲਾਂ 'ਚ ਜਾ ਰਹੇ ਹਨ, ਇਨ੍ਹਾਂ 'ਚੋਂ ਦਰਜਨਾਂ ਉਹ ਅਧਿਆਪਕ ਨੇ ਜਿਨ੍ਹਾ ਦੇ ਖੁੱਦ ਦੇ ਘਰ ਡੁੱਬ ਗਏ ਜਾਂ ਡੁੱਬਣ ਕਿਨਾਰੇ ਹਨ, ਪਰ ਹਲਕੇ ਦੇ ਵਿਧਾਇਕ ਗੁਰਪ੍ਰੀਤ ਬਣਾਂਵਾਲੀ, ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ ਕਿਸੇ ਦੀ ਕੋਈ ਸਾਰ ਨਹੀਂ ਲੈ ਰਿਹਾ, ਅਧਿਆਪਕ ਜਥੇਬੰਦੀਆਂ ਦਾ ਦੋਸ਼ ਹੈ ਕਿ ਸਰਕਾਰ, ਪ੍ਰਸ਼ਾਸਨ ਕਿਸੇ ਵੱਡੀ ਘਟਨਾ ਵਾਪਰਨ ਦੀ ਉਡੀਕ 'ਚ ਹੈ। ਅਧਿਆਪਕ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਕਿਸੇ ਅਧਿਆਪਕ, ਵਿਦਿਆਰਥੀ ਦਾ ਨੁਕਸਾਨ ਹੁੰਦਾ ਹੈ, ਉਸ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਉਧਰ ਵਿਧਾਇਕ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਵਾਰ-ਵਾਰ ਫੋਨ ਕਰਨ 'ਤੇ ਵੀ ਗੱਲਬਾਤ ਨਹੀਂ ਕਰ ਰਹੇ, ਜਿਸ ਦੇ ਰੋਸ ਵਜੋਂ ਮਾਨਸਾ ਜ਼ਿਲ੍ਹੇ ਦੀਆਂ ਅਧਿਆਪਕ ਜਥੇਬੰਦੀਆਂ ਦੀ ਅਗਵਾਈ ਹੇਠ 22 ਜੁਲਾਈ ਨੂੰ ਵਿਧਾਇਕ ਦੀ ਕੋਠੀ ਘੇਰਨ ਅਤੇ ਉਨ੍ਹਾਂ ਵਿਰੁੱਧ ਸੰਘਰਸ਼ ਵਿਢਣ ਦਾ ਫੈਸਲਾ ਵੀ ਕਰ ਲਿਆ ਹੈ। ਇਸ ਮੌਕੇ ਹਰਦੀਪ ਸਿੱਧੂ, ਨਵਜੋਸ਼ ਸਪੋਲੀਆਂ, ਸਤੀਸ਼ ਕੁਮਾਰ, ਸੁਖਬੀਰ ਸਿੰਘ, ਅਮਰਿੰਦਰ ਸਿੰਘ, ਦਮਨਜੀਤ, ਸਿਕੰਦਰ ਝੱਬਰ, ਗੁਰਦੀਪ ਬਰਨਾਲਾ, ਚਰਨਪਾਲ ਆਦਿ ਵੀ ਹਾਜ਼ਰ ਸਨ।

# ਸਾਧ ਸੰਗਤ ਨੇ ਲਾਏ ਪੌਦੇ



**ਭੀਖੀ (ਧਰਮਵੀਰ ਸ਼ਰਮਾ)**-ਡੇਰਾ ਸੱਚਾ ਸੌਦਾ ਦੀ ਪ੍ਰੇਰਨਾ 'ਤੇ ਚਲਦਿਆਂ ਵਾਤਾਵਰਨ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਡੇਰਾ ਸ਼ਰਧਾਲੂਆਂ ਵੱਲੋਂ ਸਥਾਨਕ ਪੰਚਾਇਤੀ ਗਊਸ਼ਾਲਾ ਵਿਖੇ 100 ਦੇ ਕਰੀਬ ਪੌਦੇ ਲਾਏ ਗਏ। ਇਸ ਮੌਕੇ ਗਊਸ਼ਾਲਾ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਡੇਰਾ ਪ੍ਰੇਮੀਆਂ ਦੇ ਜਜ਼ਬੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਡੇਰਾ ਪ੍ਰੇਮੀ ਮਾਨਵਤਾ ਭਲਾਈ ਕਾਰਜ ਵਿੱਚ ਅੱਗੇ ਰਹਿੰਦੇ ਹਨ। ਇਸ ਮੌਕੇ ਵਿਸ਼ਾਲ (ਸ਼ਾਲੂ), ਯਾਦਵਿੰਦਰ ਸਿੰਘ, ਕ੍ਰਿਸ਼ਨ ਕੁਮਾਰ, ਤਰਸੇਮ ਚੰਦ, ਸੁਖਵਿੰਦਰ ਪਟਵਾਰੀ, ਬਿਰਛ ਭਾਨ, ਅਵਤਾਰ ਸਵਰਨਕਾਰ, ਨੀਟੂ ਭਾਂਡਿਆਂ ਵਾਲੇ ਅਤੇ ਡੇਰਾ ਸੱਚਾ ਸੌਦਾ ਦੇ ਨੀਲਮ ਰਾਣੀ, ਕਮਲੇਸ਼ ਰਾਣੀ, ਹਰਭਗਵਾਨ, ਬਿੱਟੂ ਤਾਇਲ, ਤੀਰਥ, ਰਾਜਿੰਦਰ ਘੜੀਸਾਜ਼, ਨਾਥਾ ਸਿੰਘ, ਯੁਵਨੀਸ਼ ਅਰੋੜਾ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਹੜ੍ਹ ਪੀੜਤ ਕਿਸਾਨਾਂ ਲਈ ਬਾਜੇ ਕੇ ਦੇ ਨੌਜਵਾਨਾਂ ਬੀਜੀ ਪਨੀਰੀ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**

ਬੀਤੇ ਦਿਨੀਂ ਗੁਰੂ ਹਰ ਸਹਾਏ ਐਗਰੀ ਇੰਪੁੱਟ ਡੀਲਰ ਐਸੋਸੀਏਸ਼ਨ ਵੱਲੋਂ ਹੜ੍ਹਾਂ ਨਾਲ ਪ੍ਰਭਾਵਿਤ ਕਿਸਾਨਾਂ ਲਈ ਕਈ ਸ਼ਲਾਘਾਯੋਗ ਕਦਮ ਚੁੱਕੇ ਗਏ ਹਨ। ਸਤਲੁਜ ਦਰਿਆ ਗੁਰੂ ਹਰਸਹਾਏ ਦੇ ਨਜਦੀਕ ਹੋਣ ਕਾਰਨ ਨਾਲ ਲੱਗਦੇ ਕਈ ਪਿੰਡਾਂ ਦੇ ਕਿਸਾਨਾਂ ਦੇ ਖੇਤਾਂ ਦੀ ਫਸਲ ਅਤੇ ਮਾਲ ਡੰਗਰ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ, ਜਿਸ ਨੂੰ ਦੇਖਦੇ ਹੋਏ ਐਸੋਸੀਏਸ਼ਨ ਨੇ ਪਸ਼ੂਆਂ ਲਈ ਹਰਾ ਚਾਰਾ ਅਤੇ ਹੋਰ ਸਮਗਰੀ ਹੜ੍ਹਾਂ ਨਾਲ ਪ੍ਰਭਾਵਿਤ ਕਿਸਾਨਾਂ ਦੇ ਕੋਲ ਜਿੱਥੇ ਪਹੁੰਚਦੀ ਕੀਤੀ ਹੈ ਉਥੇ ਮੁੱਖ ਖੇਤੀਬਾੜੀ ਅਫਸਰ ਫਿਰੋਜ਼ਪੁਰ ਡਾਕਟਰ ਰਜਿੰਦਰ ਕੁਮਾਰ ਦੀ ਅਗਵਾਈ 'ਚ ਪਿੰਡ ਬਾਜੇ ਕੇ ਦੇ ਕੁਝ ਕਿਸਾਨਾਂ ਦੀ ਮਦਦ ਨਾਲ ਦੋ ਏਕੜ ਦੇ ਕਰੀਬ 126 ਝੋਨੇ ਦੀ ਪਨੀਰੀ ਦੀ ਬਿਜਾਈ ਕਰਵਾਈ ਹੈ। ਪ੍ਰਧਾਨ ਵਿਕਾਸ ਗਲਹੋਤਰਾ ਨੇ ਕਿਹਾ ਹੈ ਕਿ ਇਸ ਦਾ ਸਾਰਾ ਖਰਚ ਐਸੋਸੀਏਸ਼ਨ ਵੱਲੋਂ ਕੀਤਾ ਜਾਵੇਗਾ। ਉਹਨਾਂ ਨੇ ਇਹ ਵੀ ਕਿਹਾ ਕਿ ਐਸੋਸੀਏਸ਼ਨ ਵੱਲੋਂ 4 ਤੋਂ 5 ਕੁਇੰਟਲ ਤੱਕ ਝੋਨੇ ਦਾ ਬੀਜ ਪਨੀਰੀ ਲਈ ਵੱਖ ਵੱਖ ਪਿੰਡਾਂ 'ਚ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ। ਸਾਰੀ ਐਸੋਸੀਏਸ਼ਨ ਦੇ ਮੈਂਬਰਾਂ ਦਾ ਪੂਰਾ ਸਹਿਯੋਗ ਕਿਸਾਨਾਂ ਨਾਲ ਹੈ ਇਸ ਸਮੇ ਮੁੱਖ ਖੇਤੀਬਾੜੀ ਅਫਸਰ ਡਾਕਟਰ ਰਜਿੰਦਰ ਕੁਮਾਰ ਪ੍ਰਧਾਨ ਵਿਕਾਸ ਗਲਹੋਤਰਾ, ਸੈਕਟਰੀ ਪ੍ਰਵੀਨ ਗੁਪਤਾ ਸੰਦੀਪ ਸਿਡਾਨਾ, ਰਾਜੇਸ ਗੋਇਲ ਨਰੇਸ਼ ਜਸੂਜਾ, ਜੱਸ ਗਿਰਧਰ, ਸੁਭਾਸ਼ ਧਵਨ ਸੁਰਿੰਦਰ ਧਮੀਜਾ, ਮਨਦੀਪ ਹਾਂਡਾਂ ਨੰਬਰਦਾਰ, ਅਮਿਤ ਕੰਬੋਜ, ਪ੍ਰੀਤ ਮੁੱਤੀ, ਜੇ ਪੀ ਕੰਬੋਜ, ਦੀਪੂ ਬੱਟੀ, ਅਵਨੀਸ਼ ਕੁਮਾਰ, ਸੁਭਾਸ਼ ਨੰਬਰਦਾਰ, ਬੱਬੂ ਮਰੋਕ, ਪਿੰਸ ਕੰਬੋਜ, ਰਾਜੂ ਬੱਟੀ, ਰਕੇਸ਼ ਕੁਮਾਰ, ਸੁਖਦੇਵ ਹਾਂਡਾ, ਰਵੀ ਮਰੋਕ, ਮਨੀਸ਼ ਕੁਮਾਰ, ਮੀਸੂ ਬੱਟੀ ਸਮੇਤ ਵੱਡੀ ਗਿਣਤੀ 'ਚ ਨੌਜਵਾਨ ਹਾਜ਼ਰ ਸਨ।

# ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਨੇ ਲਗਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਅੰਦਰ ਮੋਗਾ ਰੋਡ 'ਤੇ ਸ਼ਿਵ ਮੰਦਰ ਦੇ ਨਾਲ ਇੰਡੀਆ ਬੈਂਕ ਦੇ ਉੱਪਰ ਸਥਿਤ ਨਾਮਵਰ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਬਾਘਾਪੁਰਾਣਾ ਜੋ ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਦੇ ਸੁਪਨੇ ਪੂਰੇ ਕਰ ਰਹੀ ਹੈ ਵੱਲੋਂ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਲਗਵਾਇਆ ਜਾਂਦਾ ਹੈ। ਇਸ ਮੌਕੇ ਸੰਸਥਾ ਦੇ ਮੁਖੀ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਨੂੰ ਇੱਕ ਹੋਰ ਸਫਲਤਾ ਪ੍ਰਾਪਤ ਹੋਈ ਹੈ। ਉਹਨਾ ਦੱਸਿਆ ਕਿ ਦਸ ਸਾਲ ਦੀ ਬੱਚੀ ਕਾਵਿਆ ਸੋਨੀ ਪੁੱਤਰੀ ਹਰਦੀਪ ਸੋਨੀ (ਨਿਗਾਹੇ ਵਾਲੇ) ਦਾ ਕਨੇਡਾ ਦਾ ਵਿਜ਼ਟਰ ਵੀਜ਼ਾ ਸਿਰਫ 7 ਦਿਨਾਂ ਵਿੱਚ ਲਗਵਾਇਆ ਹੈ। ਇਸ ਮੌਕੇ ਹਰਦੀਪ ਸੋਨੀ, ਉਨ੍ਹਾਂ ਦੇ ਪਰਵਾਰ ਨੇ ਦੀਵਾਸ ਗੋਇਲ ਅਤੇ ਉਨ੍ਹਾਂ ਦੇ ਸਟਾਫ ਦਾ ਧੰਨਵਾਦ ਕੀਤਾ।

# ਦੇਵ ਮਾਨ ਨੇ ਹੜ੍ਹ ਪੀੜਤਾਂ ਲਈ ਰਾਸ਼ਨ ਸਮੱਗਰੀ ਕੀਤੀ ਰਵਾਨਾ

**ਨਾਭਾ (ਵਰਿੰਦਰ ਵਰਮਾ)**

ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਵਾਸਤੇ ਤੱਤਪਰ ਹਲਕਾ ਵਿਧਾਨ ਸਭਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਤਿਆਰ ਕੀਤੇ ਜਾ ਰਹੇ ਕਰੀਬ 40 ਲੱਖ ਰੁਪਏ ਦੀ ਲਾਗਤ ਨਾਲ 2000 ਰਾਸ਼ਨ ਕਿੱਟਾਂ 'ਚੋਂ ਪਹਿਲੀ ਸ਼ਿਫਟ ਵਿਧਾਇਕ ਦੇਵਮਾਨ ਦੀ ਅਗਵਾਈ 'ਚ ਪਟਿਆਲਾ ਜਿਲ੍ਹੇ ਦੇ ਕਈ ਹਲਕਿਆਂ ਵਿਚਲੇ ਹੜ੍ਹ ਪੀੜਤਾਂ ਲਈ ਰਾਸ਼ਨ ਲੈ ਕੇ ਟਰੱਕ ਤੇ ਟਰਾਲੀਆਂ ਨੂੰ ਰਵਾਨਾ ਕੀਤਾ ਗਿਆ। ਇਸ ਪਹਿਲੀ ਸ਼ਿਫਟ ਵਿਚ ਰਾਸ਼ਨ ਸਮੱਗਰੀ, ਹਰਾ ਚਾਰਾ, ਮੱਕੀ ਦਾ ਆਚਾਰ ਵੀ ਸ਼ਾਮਲ ਹੈ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਡੀ ਸੀ ਪਟਿਆਲਾ ਸ਼ਾਕਸ਼ੀ ਸਾਹਨੀ ਦੇ ਨਾਲ ਗੱਲਬਾਤ ਕਰਕੇ ਲੋਕ ਸਭਾ ਪਟਿਆਲਾ ਦੇ ਸ਼ਤਰਾਣਾ, ਘਨੌਰ ਤੇ ਸਮਾਣਾ ਹਲਕਿਆਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਇਹ ਰਾਸ਼ਨ ਭੇਜਿਆ ਗਿਆ ਹੈ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਉਹ ਖੁਦ ਇਸ ਰਾਸ਼ਨ ਨੂੰ ਜਾ ਕੇ ਹੜ੍ਹ ਪੀੜਤ ਲੋਕਾਂ ਨੂੰ ਵੰਡਣਗੇ। ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਹਲਕਾ ਨਾਭਾ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਹ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ। ]




ਇਸ ਮੌਕੇ ਅੰਕਿਤਾ ਅਗਰਵਾਲ ਤਹਿਸੀਲਦਾਰ ਨਾਭਾ, ਅਨੁਦੀਪ ਸ਼ਰਮਾ ਨਾਇਬ ਤਹਿਸੀਲਦਾਰ ਨਾਭਾ, ਸੀਨੀਅਰ ਆਗੂ ਅਤੇ ਵਾਤਾਵਰਨ ਪ੍ਰੇਮੀ ਗੁਲਾਬ ਮਾਨ, ਕਪਿਲ ਮਾਨ, ਸੁਖਦੇਵ ਸਿੰਘ ਮਾਨ, ਤੇਜਿੰਦਰ ਸਿੰਘ ਖਹਿਰਾ, ਅਮਨਦੀਪ ਸਿੰਘ ਰਹਿਲ ਪ੍ਰਧਾਨ ਟਰੱਕ ਯੂਨੀਅਨ ਨਾਭਾ, ਹਰਮੀਕ ਸਿੰਘ ਮੈਹਸ, ਸਾਬਕਾ ਪ੍ਰਧਾਨ ਟਰੱਕ ਯੂਨੀਅਨ ਦਵਿੰਦਰ ਸਿੰਘ ਕੁਲਾਰਾਂ, ਬਿੱਲਾ ਖੋਖ, ਡਾ ਸੁਖਵਿੰਦਰ ਸਿੰਘ ਕਲਿਆਣ, ਭੁਪਿੰਦਰ ਸਿੰਘ ਕੱਲਰਮਾਜਰੀ, ਇੰਦਰਜੀਤ ਸਿੰਘ ਬਿੱਟਾ, ਗੁਰਿੰਦਰ ਸਿੰਘ ਕੁਲਾਰਾਂ, ਮਨਪ੍ਰੀਤ ਸਿੰਘ ਕਾਲੀਆ, ਭੁਪਿੰਦਰ ਸਿੰਘ ਹੈਪੀ ਬੁੱਗਾ, ਰੁਪਿੰਦਰ ਸਿੰਘ ਭਾਦਸੋਂ, ਸ਼ਹਿਰੀ ਯੂਥ ਪ੍ਰਧਾਨ ਸੰਦੀਪ ਸਰਮਾਂ, ਅਮਰੀਕ ਸਿੰਘ ਪ੍ਰਧਾਨ ਫੋਕਲ ਪੁਆਇੰਟ ਐਸੋਸੀਏਸ਼ਨ ਨਾਭਾ, ਅਰਮਾਨ ਨਾਭਾ, ਹਰਜੀਤ ਸਿੰਘ ਗਿੱਲ, ਰਾਜ ਕੁਮਾਰ ਜੱਸੋਮਾਜਰਾ, ਜਗਵਿੰਦਰ ਸਿੰਘ ਪੂਨੀਆ, ਨਵਜੋਤ ਸਿੰਘ ਪੂਨੀਆ, ਦਵਿੰਦਰ ਸਿੰਘ ਬੂਹੀ, ਜਸਵੀਰ ਸਿੰਘ ਵਜੀਦਪੁਰ, ਗੁਰਜੰਟ ਸਿੰਘ ਅੱਚਲ, ਭੁਪਿੰਦਰ ਸਿੰਘ ਬੁੱਗਾ ਹੈਪੀ, ਦਵਿੰਦਰ ਸਿੰਘ ਬੂਹੀ ਤੋਂ ਇਲਾਵਾ ਵੱਡੀ ਗਿਣਤੀ 'ਚ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਆਗੂ ਮੌਜੂਦ ਸਨ।

# ਸਕੂਲਾਂ ਦੀ ਮੇਨਟੀਨੈਂਸ ਲਈ 1 ਕਰੋੜ 57 ਲੱਖ ਰੁਪਏ ਦੀ ਗਰਾਂਟ ਮਨਜ਼ੂਰ : ਅਮਨਦੀਪ ਅਰੋੜਾ

**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਜਾਬ ਦੇ ਸਕੂਲਾਂ ਨੂੰ ਵਧੀਆ ਤੇ ਬਿਹਤਰ ਸਹੂਲਤਾਂ ਦੇਣ ਲਈ ਹਮੇਸਾ ਯਤਨਸ਼ੀਲ ਹੈ। ਇਸ ਦੇ ਚੱਲਦੇ ਪੰਜਾਬ ਸਰਕਾਰ ਵੱਲੋਂ ਮੋਗਾ ਵਿਧਾਨ ਸਭਾ ਹਲਕੇ ਦੇ ਸਕੂਲਾਂ ਦੀ ਮੇਂਟੀਨੈਂਸ ਲਈ ਗਰਾਂਟ ਮਨਜ਼ੂਰ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਮੋਗਾ ਵਿਧਾਨ ਸਭਾ ਹਲਕੇ ਦੇ ਅਧੀਨ ਆਉਂਦੇ 32 ਸਕੂਲਾਂ ਦੀ ਮੇਂਟੀਨੈਂਸ ਲਈ 1 ਕਰੋੜ 57 ਲੱਖ ਰੁਪਏ ਦੇ ਕਰੀਬ ਦੀ ਗਰਾਂਟ ਨੂੰ ਪੰਜਾਬ ਸਰਕਾਰ ਵੱਲੋਂ ਮਨਜ਼ੂਰੀ ਦੇ ਕੇ ਪਾਸ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਸ ਗਰਾਂਟ ਨਾਲ ਸਕੂਲਾਂ ਦੇ ਰੱਖ-ਰਖਾਵ, ਮੇਂਟੀਨੈਂਸ ਹੋਣ ਵਾਲੇ ਕਾਰਜਾਂ ਦੀ ਸ਼ੁਰੂਆਤ ਹੋ ਜਾਵੇਗੀ। ਉਹਨਾਂ ਕਿਹਾ ਕਿ ਸਕੂਲਾਂ ਨੂੰ ਵਧੀਆ ਤੇ ਨਵਾਂ ਰੂਪ ਦੇਣ ਲਈ ਸਮੇਂ-ਸਮੇਂ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਯਤਨਸ਼ੀਲ ਹੈ। ਇਸਦੇ ਚੱਲਦਿਆਂ ਹੁਣ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਦਸ਼ਾ ਨੂੰ ਨਵਾਂ ਰੂਪ ਦੇ ਕੇ ਉਹਨਾਂ ਨੂੰ ਵੀ ਮਾਡਲ ਰੂਪ ਦਿੱਤਾ ਗਿਆ ਹੈ। ਵਿਧਾਇਕ ਡਾ. ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਵਿਚ ਬੱਚਿਆ ਦੀ ਪੜ੍ਹਾਈ ਲਈ ਆਧੁਨਿਕ ਢੰਗ ਦੀ ਲੈਬਾਂ, ਟੀਚਰਾਂ, ਗਰਾਊਂਡ ਅਤੇ ਹੋਰ ਮੁਢਲੀਆਂ ਸਹੂਲਤਾਂ ਮੁਹੱਈਆ ਕਰਵਾਇਆ ਗਈਆਂ ਹਨ, ਤਾਂ ਜੋ ਬੱਚੇ ਵਧੀਆ ਪੜ੍ਹਾਈ ਕਰਕੇ ਆਪਣੇ ਭਵਿੱਖ ਨੂੰ ਉੱਜਵਲ ਬਣਾ ਕੇ ਆਪਣਾ, ਸਕੂਲ ਤੇ ਮਾਪਿਆ ਦਾ ਨਾਂਅ ਰੋਸ਼ਨ ਕਰ ਸਕਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਵਰਗ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਸਮੇਂ-ਸਮੇਂ 'ਤੇ ਗਰਾਂਟ ਨੂੰ ਪਾਸ ਕੀਤਾ ਜਾ ਰਿਹਾ ਹੈ। ਉਹਨਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਦਾ ਮੋਗਾ ਵਿਧਾਨ ਸਭਾ ਹਲਕੇ ਦੇ ਸਰਕਾਰੀ, ਹਾਈ, ਮਿਡਲ, ਪ੍ਰਾਇਮਰੀ ਸਕੂਲਾਂ ਲਈ ਗਰਾਂਟ ਜਾਰੀ ਕਰਨ 'ਤੇ ਧੰਨਵਾਦ ਕੀਤਾ।

# ਥਰਮਲ ਕਾਮੇ ਦੀ ਪਲਾਂਟ 'ਚ ਕੰਮ ਸਮੇਂ ਦੁਰਘਟਨਾ ਕਾਰਨ ਹੋਈ ਮੌਤ ਬਾਰੇ ਜਮਹੂਰੀ ਅਧਿਕਾਰ ਸਭਾ ਦੀ ਰਿਪੋਰਟ ਜਾਰੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਯੂਨਿਟ ਨੰ: 3 ਦੀ ਸਾਲਾਨਾ ਮੁਰੰਮਤ ਦੌਰਾਨ ਬੀਤੇ 27 ਮਾਰਚ ਦੀ ਸ਼ਾਮ ਨੂੰ ਕੋਲ ਮਿੱਲ ਵਿੱਚ ਵੈਲਡਿੰਗ ਦਾ ਕੰਮ ਕਰ ਰਹੇ ਠੇਕਾ ਮੁਲਾਜ਼ਮ ਪਰਮਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਪੱਤੀ ਕਰਮਚੰਦ ਮਹਿਰਾਜ (ਜ਼ਿਲ੍ਹਾ ਬਠਿੰਡਾ) ਦੀ ਬਾਉਲ ਦੀ ਲਪੇਟ 'ਚ ਆਉਣ ਕਾਰਨ ਮੌਕੇ 'ਤੇ ਹੀ ਦੁਖਦਾਈ ਮੌਤ ਹੋ ਗਈ ਸੀ। ਇਸ ਦਰਦਨਾਕ ਹਾਦਸੇ ਬਾਰੇ ਪਤਾ ਲੱਗਣ 'ਤੇ ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਇੱਕ ਤੱਥ ਖੋਜ ਟੀਮ ਕਾਇਮ ਕੀਤੀ ਗਈ, ਜਿਸ ਵਿੱਚ ਸੂਬਾ ਕਮੇਟੀ ਮੈਂਬਰ ਐਨ. ਕੇ. ਜੀਤ ਐਡਵੋਕੇਟ, ਮੀਤ ਸਕੱਤਰ ਅਵਤਾਰ ਸਿੰਘ, ਪਰਮਜੀਤ ਸਿੰਘ, ਪ੍ਰੋ. ਵਿਕਾਸ ਰਾਠੀ, ਬਿਸ਼ਨਦੀਪ ਕੌਰ ਐਡਵੋਕੇਟ, ਸੁਰਮੁੱਖ ਸਿੰਘ ਸੇਲਬਰਾਹ ਅਤੇ ਕੌਰ ਸਿੰਘ ਸ਼ਾਮਲ ਸਨ। ਟੀਮ ਨੂੰ ਬਲਵੰਤ ਸਿੰਘ ਸੇਲਬਰਾਹ ਅਤੇ ਘੁੱਦਰ ਸਿੰਘ (ਭਾਕਿਯੂ ਕ੍ਰਾਂਤੀਕਾਰੀ) ਦਾ ਵੀ ਸਹਿਯੋਗ ਰਿਹਾ। ਟੀਮ ਵੱਲੋਂ ਪਰਮਿੰਦਰ ਸਿੰਘ ਦੀ ਮੌਤ ਦੇ ਕਾਰਨਾਂ ਤੋਂ ਇਲਾਵਾ ਥਰਮਲ ਪਲਾਂਟ ਜੋ ਸਰਕਾਰੀ ਅਦਾਰਾ ਹੈ, ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਸੁਰੱਖਿਆ ਸੰਬੰਧੀ ਪ੍ਰਬੰਧਾਂ ਅਤੇ ਇਨ੍ਹਾਂ ਬਾਰੇ ਪਲਾਂਟ ਦੇ ਪ੍ਰੰਬੰਧਕਾਂ ਦੀ ਜਵਾਬਦੇਹੀ ਤੈਅ ਕਰਦੇ ਕਦਮਾਂ, ਦੁਰਘਟਨਾ ਦਾ ਸ਼ਿਕਾਰ ਕਿਰਤੀ ਦੇ ਪਰਿਵਾਰ ਲਈ ਮੁਆਵਜਾ ਅਤੇ ਮੁੜ ਵਸੇਵੇ ਬਾਰੀ ਜਾਣਕਾਰੀ ਇਕੱਤਰ ਕਰਨਾ ਸੀ।

ਤੱਥ ਖੋਜ ਟੀਮ ਵੱਲੋਂ ਕਰੀਬ ਸਾਢੇ ਤਿੰਨ ਮਹੀਨਿਆਂ ਤੋਂ ਉਕਤ ਦੁਰਘਟਨਾ ਬਾਰੇ ਵੱਖ-ਵੱਖ ਪਹਿਲੂਆਂ ਤੋਂ ਹਾਸਲ ਕੀਤੀ ਜਾਣਕਾਰੀ ਅੱਜ ਥਰਮਲ ਲਹਿਰਾ ਮੁਹੱਬਤ ਵਿਖੇ ਥਰਮਲ ਮੁਲਾਜ਼ਮਾਂ ਅਤੇ ਠੇਕਾ ਮਜ਼ਦੂਰਾਂ ਦੀ ਮੌਜੂਦਗੀ ਵਿੱਚ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਐਨ. ਕੇ. ਜੀਤ ਐਡਵੋਕੇਟ, ਜ਼ਿਲ੍ਹਾ ਮੀਤ ਸਕੱਤਰ ਮਾ. ਅਵਤਾਰ ਸਿੰਘ, ਮੈਂਬਰਜ਼ ਮਹਿੰਦਰ ਸਿੰਘ, ਪਰਮਜੀਤ ਸਿੰਘ, ਬੰਤ ਸਿੰਘ, ਜਗਦੇਵ ਸਿੰਘ ਲਹਿਰਾ ਅਤੇ ਸੁਰਮੁਖ ਸਿੰਘ ਨੇ ਸੱਤ ਸਫਿਆਂ ਦੀ ਤੱਥ ਖੋਜ ਰਿਪੋਰਟ ਜਨਤਕ ਕਰਦਿਆਂ ਕਿਹਾ ਕਿ ਥਰਮਲ ਕਾਮੇ ਪਰਮਿੰਦਰ ਸਿੰਘ ਦੀ ਮੌਤ ਸਰਕਾਰ ਦੀਆਂ ਕਾਰਪੋਰੇਟ-ਪੱਖੀ ਅਤੇ ਕਿਰਤੀ ਵਿਰੋਧੀ ਨੀਤੀਆਂ ਦੇ ਤਹਿਤ ਥਰਮਲ ਪ੍ਰਬੰਧਕਾਂ ਅਤੇ ਠੇਕੇਦਾਰਾਂ ਵੱਲੋਂ ਕੀਤੀ ਮੁਜਰਮਾਨਾ ਅਣਗਹਿਲੀ ਦਾ ਨਤੀਜਾ ਹੈ। ਮ੍ਰਿਤਕ ਕਿਰਤੀ ਦੇ ਪਰਵਾਰ ਨੂੰ ਇਨਸਾਫ ਅਤੇ ਹਾਦਸੇ ਦੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਬਣਦੀਆਂ ਸਜ਼ਾਵਾਂ ਦਿਵਾਉਣ ਲਈ ਉਸ ਸਮੇਂ ਥਰਮਲ ਦੀਆਂ ਠੇਕਾ ਮੁਲਾਜ਼ਮ ਜਥੇਬੰਦੀਆਂ ਦੇ ਨਾਲ ਕਿਸਾਨ ਜਥੇਬੰਦੀਆਂ 'ਕ੍ਰਾਂਤੀਕਾਰੀ' ਤੇ 'ਸਿੱਧੂਪੁਰ' ਨੇ ਸਾਂਝੀ ਇਨਸਾਫ ਸੰਘਰਸ਼ ਕਮੇਟੀ ਬਣਾ ਕੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਸਜ਼ਾ, 50 ਲੱਖ ਮੁਆਵਜਾ ਅਤੇ ਮ੍ਰਿਤਕ ਦੀ ਪਤਨੀ ਨੂੰ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਸੀ।

ਇਸ ਸੰਬੰਧੀ ਥਾਣਾ ਨਥਾਣਾ ਵਿਖੇ 28 ਮਾਰਚ 2023 ਨੂੰ ਮੁਕੱਦਮਾ ਨੰ: 35 ਅਧੀਨ ਧਾਰਾ 304 ਏ ਆਈ. ਪੀ. ਸੀ ਦਰਜ ਕੀਤਾ ਗਿਆ ਸੀ। ਤੱਥ ਖੋਜ ਰਿਪੋਰਟ ਵਿੱਚ ਦੱਸਿਆ ਗਿਆ ਕਿ ਸਭਾ ਦੇ ਸਕੱਤਰ ਸੁਦੀਪ ਸਿੰਘ ਵਕੀਲ, ਸਹਾਇਕ ਸਕੱਤਰ ਅਵਤਾਰ ਸਿੰਘ, ਇਲਾਕਾ ਕਮੇਟੀ ਮੈਂਬਰ ਜਗਦੇਵ ਸਿੰਘ ਅਤੇ ਸੁਰਮੁਖ ਸਿੰਘ 'ਤੇ ਆਧਾਰਿਤ ਦੀ ਚਾਰ ਮੈਂਬਰੀ ਪੜਤਾਲੀਆ ਟੀਮ ਨੂੰ ਮ੍ਰਿਤਕ ਕਾਮੇ ਦੇ ਪਰਵਾਰ ਨੇ ਜਾਣਕਾਰੀ ਦਿੱਤੀ ਕਿ ਹੁਣ ਤੱਕ ਪ੍ਰਸ਼ਾਸਨ ਨੇ ਪਰਵਾਰ ਨਾਲ ਹੋਏ ਸਮਝੌਤੇ 'ਚੋਂ ਸਿਰਫ ਐਕਸਗ੍ਰੇਸ਼ੀਆ ਵਜੋਂ 5 ਲੱਖ ਅਤੇ ਠੇਕੇਦਾਰ ਨੇ 3 ਲੱਖ ਰੁਪਏ ਦਿੱਤੇ ਹਨ, ਹੋਰ ਕੋਈ ਵੀ ਸ਼ਰਤ ਪੂਰੀ ਨਹੀਂ ਕੀਤੀ ਸਗੋਂ ਥਰਮਲ ਚੀਫ ਇੰਜੀਨੀਅਰ ਪੁਲਸ ਕੇਸ ਵਾਪਸ ਲੈਣ ਲਈ ਦਬਾਅ ਪਾ ਰਿਹਾ ਹੈ, ਜਿਸ ਲਈ ਪਰਵਾਰ ਸਹਿਮਤ ਨਹੀਂ ਹੈ। ਜਮਹੂਰੀ ਅਧਿਕਾਰ ਸਭਾ ਵੱਲੋਂ ਪੀ ਸੀ ਪੀ ਸੀ ਐਲ ਵੱਲੋਂ ਮਜ਼ਦੂਰਾਂ ਦੇ ਕੰਮ ਦੀਆਂ ਥਾਂਵਾਂ 'ਤੇ ਵਾਪਰਦੀਆਂ ਦੁਰਘਟਨਾਵਾਂ ਨਾਲ ਸਬੰਧਤ 'ਕਿਰਤੀ ਮੁਆਵਜਾ ਕਾਨੂੰਨ' ਤਹਿਤ ਮ੍ਰਿਤਕ ਕਾਮੇ ਦੇ ਪਰਵਾਰ ਨੂੰ ਤੁਰੰਤ ਸਾਢੇ 12 ਲੱਖ ਰੁਪਏ ਮੁਆਵਜਾ, ਈ ਐਸ ਆਈ ਵੱਲੋਂ ਮ੍ਰਿਤਕ ਦੀ ਪਤਨੀ ਨੂੰ ਕਾਨੂੰਨ ਅਨੁਸਾਰ ਬਣਦੇ ਸਾਰੇ ਲਾਭ ਜਿਵੇਂ ਕਿ ਪੈਨਸ਼ਨ, ਪ੍ਰਾਵੀਡੈਂਟ ਫੰਡ ਤੇ ਅੰਤਿਮ ਸਸਕਾਰ ਲਈ ਗਰਾਂਟ ਦਾ ਤੁਰੰਤ ਭੁਗਤਾਨ, ਠੇਕੇਦਾਰ ਤੇ ਪੀਸੀਪੀਸੀਐਲ ਵੱਲੋਂ ਕਿਰਤੀ ਦੇ ਸੇਵਾ ਕਾਲ ਅਨੁਸਾਰ ਬਣਦੀ ਗ੍ਰੈਚੁਅਟੀ ਦੀ ਤੁਰੰਤ ਅਦਾਇਗੀ, ਪਰਿਵਾਰ ਦਾ ਮੁੜ ਵਸੇਬਾ ਯਕੀਨੀ ਬਣਾਉਣ ਲਈ ਤਰਸ ਦੇ ਆਧਾਰ 'ਤੇ ਪੱਕੀ ਨੌਕਰੀ, ਦੁਰਘਟਨਾ ਤੋਂ ਬਚਾਅ ਲਈ ਸੁਰੱਖਿਆ ਨਿਯਮਾਂ ਦੀ ਸਖਤੀ ਨਾਲ ਪਾਲਣਾ, ਬਿਜਲੀ ਉਤਪਾਦਨ ਵਿੱਚ ਅਹਿਮ ਰੋਲ ਨਿਭਾ ਰਹੇ ਟਰੇਂਡ ਤੇ ਤਜਰਬੇਕਾਰ ਕਾਮਿਆਂ ਨੂੰ ਰੈਗੂਲਰ ਕਰਨ ਲਈ ਨਿਸ਼ਚਿਤ ਨੀਤੀ ਬਣਾਉਣ ਅਤੇ ਇਨ੍ਹਾਂ ਦੀਆਂ ਤਨਖਾਹਾਂ ਵਿੱਚ ਬਰਾਬਰ ਦੇ ਕੰਮ ਲਈ ਬਰਾਬਰ ਤਨਖਾਹ ਦਾ ਸਿਧਾਂਤ ਲਾਗੂ ਕਰਨ ਦੀ ਮੰਗ ਅਤੇ ਸਿਫਾਰਿਸ਼ ਕੀਤੀ।

# ਟਰੈਕਟਰ-ਟਰਾਲੀ ਪਲਟੀ, 55 ਨਰੇਗਾ ਕਰਮਚਾਰੀ ਜ਼ਖ਼ਮੀ



**ਕੋਟਕਪੂਰਾ (ਰਛਪਾਲ ਭੁੱਲਰ)**

ਨੇੜਲੇ ਪਿੰਡ ਨਾਨਕਸਰ ਵਿਖੇ ਨਰੇਗਾ ਕਰਮਚਾਰੀਆਂ ਦੀ ਟਰਾਲੀ ਪਲਟਣ ਕਾਰਨ ਅਨੇਕਾਂ ਮਰਦ-ਔਰਤਾਂ ਦੇ ਜ਼ਖ਼ਮੀ ਹੋਣ ਦੀ ਖਬਰ ਮਿਲਣ 'ਤੇ ਸਥਾਨਕ ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਵਿਖੇ ਪੁੱਜੇ ਇੰਜੀ. ਸੁਖਜੀਤ ਸਿੰਘ ਢਿੱਲਵਾਂ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਫਰੀਦਕੋਟ ਅਤੇ ਮਨਪ੍ਰੀਤ ਸਿੰਘ ਮਨੀ ਧਾਲੀਵਾਲ ਪੀ ਆਰ ਓ-ਟੂ-ਸਪੀਕਰ ਸੰਧਵਾਂ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਟੀਮ ਨੇ ਜਿੱਥੇ ਜਖ਼ਮੀਆਂ ਦਾ ਹਾਲ-ਚਾਲ ਪੁੱਛਿਆ, ਉੱਥੇ ਐੱਸ ਐੱਮ ਓ ਸਮੇਤ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਕਿਸੇ ਮਰੀਜ ਨੂੰ ਸਿਹਤ ਸੇਵਾਵਾਂ ਪੱਖੋਂ ਕੋਈ ਮੁਸ਼ਕਲ ਨਾ ਆਉਣ ਦਿੱਤੀ ਜਾਵੇ। ਉਹਨਾ ਦੱਸਿਆ ਕਿ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਸੂਚਨਾ ਮਿਲਦਿਆਂ ਹੀ ਸਾਨੂੰ ਹਦਾਇਤ ਕੀਤੀ ਸੀ ਕਿ ਤੁਸੀਂ ਖੁਦ ਹਸਪਤਾਲ ਵਿਖੇ ਪਹੁੰਚੋ। ਉਹਨਾ ਦੱਸਿਆ ਕਿ ਵਾਹਿਗੁਰੂ ਦੀ ਕਿਰਪਾ ਨਾਲ ਜਾਨੀ ਨੁਕਸਾਨ ਤੋਂ ਸਾਰੇ ਵਾਲ-ਵਾਲ ਬਚ ਗਏ ਪਰ ਜੋ ਜਖ਼ਮੀ ਹੋਏ ਹਨ, ਉਹਨਾਂ ਦਾ ਵਧੀਆ ਢੰਗ ਨਾਲ ਇਲਾਜ ਹੋ ਰਿਹਾ ਹੈ। ਇੰਜੀ. ਢਿੱਲਵਾਂ ਅਤੇ ਮਨੀ ਧਾਲੀਵਾਲ ਨੇ ਟਰੈਕਟਰ ਦੇ ਐਕਸਲ ਟੁੱਟਣ ਕਾਰਨ ਟਰਾਲੀ ਪਲਟਣ ਦੇ ਕਾਰਨਾਂ ਬਾਰੇ ਵੀ ਟਰੈਕਟਰ ਚਾਲਕ ਤੋਂ ਜਾਣਕਾਰੀ ਹਾਸਲ ਕੀਤੀ ਅਤੇ ਜਖ਼ਮੀਆਂ ਦੀ ਜਲਦ ਤੰਦਰੁਸਤੀ ਲਈ ਕਾਮਨਾ ਕੀਤੀ। ਹਰਪਿੰਦਰ ਸਿੰਘ ਗ੍ਰਾਮ ਰੁਜਗਾਰ ਸੇਵਕ ਸਮੇਤ ਗੁਰਪ੍ਰੀਤ ਸਿੰਘ ਅਤੇ ਪ੍ਰਗਟ ਸਿੰਘ ਨੇ ਦੱਸਿਆ ਕਿ ਬਾਬਾ ਜੀਵਨ ਸਿੰਘ ਕਲੱਬ ਨਾਨਕਸਰ ਦੇ ਸੇਵਾਦਾਰਾਂ ਨੇ ਤੁਰਤ ਵਾਹਨ ਦਾ ਪ੍ਰਬੰਧ ਕਰਕੇ ਜਖ਼ਮੀਆਂ ਨੂੰ ਹਸਪਤਾਲ ਵਿਖੇ ਪਹੁੰਚਾਇਆ। ਉਹਨਾਂ ਦੱਸਿਆ ਕਿ ਟਰਾਲੀ ਵਿੱਚ ਕਰੀਬ 55 ਨਰੇਗਾ ਕਰਮਚਾਰੀ ਸਵਾਰ ਸਨ। ਉਹਨਾਂ ਸਪੀਕਰ ਸੰਧਵਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਮੰਨਿਆ ਕਿ ਡਾਕਟਰਾਂ ਦੀ ਟੀਮ ਵੱਲੋਂ ਜਖ਼ਮੀਆਂ ਦਾ ਵਧੀਆ ਢੰਗ ਨਾਲ ਇਲਾਜ ਕੀਤਾ ਜਾ ਰਿਹਾ ਹੈ ਤੇ ਕਿਸੇ ਵੀ ਜਖ਼ਮੀ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਯੂਥ ਆਗੂ ਜਸਵੀਰ ਸਿੰਘ ਜੱਸਾ ਸਮੇਤ ਮਨਦੀਪ ਮੌਂਗਾ ਸੈਕਟਰੀ ਰੈੱਡ ਕਰਾਸ ਸੁਸਾਇਟੀ, ਦੀਪਕ ਮੌਂਗਾ, ਗੁਰਪ੍ਰੀਤ ਸਿੰਘ ਗੈਰੀ ਵੜਿੰਗ ਆਦਿ ਵੀ ਹਾਜ਼ਰ ਸਨ।

22-July-PAGE- 8 qxd.qxd 7/21/2023 10:53 PM Page 1



# ਵਧੀਆ ਸਿੱਖਿਆ ਸਹੂਲਤ ਦੇਣ ਵਾਲੀ ਸਰਕਾਰ ਦੇ ਦਾਅਵੇ ਵੀ ਖੋਖਲੇ : ਨਰਿੰਦਰ ਅਜਨੋਹਾ



**ਮੇਹਟੀਆਣਾ ( ਜਗਤਾਰ ਸਿੰਘ ਭੂੰਗਰਨੀ)** ਪੰਜਾਬ ਦੇ ਲੋਕਾਂ ਨੂੰ ਵਧੀਆ ਸਿਹਤ ਅਤੇ ਸਿੱਖਿਆ ਸਹੂਲਤ ਦੇਣ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਦੇ ਦਾਅਵਿਆਂ ਦੀ ਉਦੋਂ ਫੂਕ ਨਿਕਲ ਗਈ ਜਦੋਂ ਈ ਟੀ ਟੀ ਦੀਆਂ 6635 ਅਸਾਮੀਆਂ 'ਚੋਂ ਅੱਜ ਤੱਕ ਇਹ ਅਸਾਮੀਆਂ ਪੂਰੀਆਂ ਨਹੀਂ ਭਰੀਆਂ ਗਈਆਂ ਅਤੇ ਜਿਹੜੀਆਂ ਅਸਾਮੀਆਂ ਭਰੀਆਂ ਵੀ ਗਈਆਂ ਹਨ ਉਹਨਾਂ 'ਚ ਜਿਹੜੇ ਸਕੂਲ ਟੀਚਰ ਲੈੱਸ ਸਨ, ਉਹਨਾ ਸਕੂਲਾਂ ਵਿੱਚ ਕਿਸੇ ਵੀ ਅਧਿਆਪਕ ਦੇ ਆਰਡਰ ਜਾਰੀ ਨਹੀਂ ਕੀਤੇ ਗਏ ਅਤੇ ਨਾ ਹੀ ਅਧਿਆਪਕ ਭਰਤੀ ਕਰਨ ਸਮੇਂ ਇਹ ਸਕੂਲ ਖਾਲੀ ਸ਼ੋਅ ਕੀਤੇ ਗਏ। ਜਿਸ ਦਾ ਸਭ ਤੋਂ ਵੱਧ ਖਮਿਆਜਾ ਹੁਸ਼ਿਆਰਪੁਰ ਜਿਲ੍ਹੇ ਦੇ ਕੋਟ ਫਤੂਹੀ ਬਲਾਕ ਨੂੰ ਭੁਗਤਣਾ ਪੈ ਰਿਹਾ ਹੈ ਜਿਸ ਵਿੱਚ 14-15 ਪ੍ਰਾਇਮਰੀ ਸਕੂਲ ਬਿਨਾਂ ਅਧਿਆਪਕਾਂ ਤੋਂ ਚੱਲ ਰਹੇ ਹਨ ਅਤੇ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਕੋਟ ਫਤੂਹੀ ਬਲਾਕ ਦੇ ਦੋ ਸਕੂਲ ਝੱਜ ਅਤੇ ਪਚਨੰਗਲਾਂ ਦੇ ਸਕੂਲ ਬੰਦ ਵੀ ਹੋ ਚੁੱਕੇ ਹਨ। ਇਸ ਬਲਾਕ ਦੇ ਜਿਆਦਾਤਰ ਪ੍ਰਾਇਮਰੀ ਸਕੂਲਾਂ 'ਚ ਸਿੰਗਲ ਟੀਚਰ ਹਨ ਅਤੇ ਜੇਕਰ ਕਿਸੇ ਅਧਿਆਪਕ ਨੂੰ ਛੁੱਟੀ ਦੀ ਜ਼ਰੂਰਤ ਪੈਂਦੀ ਹੈ ਤਾਂ ਸੈਂਟਰ ਹੈੱਡ ਟੀਚਰਾਂ ਨੂੰ ਪ੍ਰਬੰਧ ਕਰਨ ਦੀ ਬਹੁਤ ਸਮੱਸਿਆ ਆਉਂਦੀ ਹੈ। ਲੱਗਭਗ ਇਹੀ ਹਾਲ ਕੋਟ ਫਤੂਹੀ ਦੇ ਅੱਪਰ ਪ੍ਰਾਇਮਰੀ ਸਕੂਲਾਂ ਦਾ ਹੈ ਜਿਸ ਵਿੱਚ ਇੱਕ ਪਾਸੇ ਸਕੂਲਾਂ ਵਿੱਚ ਪੰਜਾਹ ਪ੍ਰਤੀਸਤ ਤੋਂ ਵੀ ਵੱਧ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ ਉੱਥੇ ਦੂਜੇ ਪਾਸੇ ਇਸ ਬਲਾਕ ਵਿੱਚ ਕੇਵਲ ਇੱਕ ਮੁੱਖ ਅਧਿਆਪਕ ਅਤੇ ਤਿੰਨ ਪ੍ਰਿੰਸੀਪਲ ਹੀ ਕੰਮ ਕਰ ਰਹੇ ਹਨ। ਜਿਸਦੇ ਨਾਲ ਕਈ ਪ੍ਰਬੰਧਕੀ ਅਤੇ ਵਿੱਤੀ ਕੰਮਾਂ ਵਿੱਚ ਅਧਿਆਪਕਾਂ ਨੂੰ ਬਹੁਤ ਮੁਸਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਸਬਦਾਂ ਦਾ ਪ੍ਰਗਟਾਵਾ ਕੋਟ ਫਤੂਹੀ ਬਲਾਕ ਦੀ ਪੁਰਾਣੀ ਪੈਨਸਨ ਬਹਾਲ ਸੰਘਰਸ ਕਮੇਟੀ ਅਤੇ ਜੀ.ਟੀ.ਯੂ ਦੀ ਅਜਨੋਹਾ ਵਿਖੇ ਹੋਈ ਇੱਕ ਅਹਿਮ ਮੀਟਿੰਗ ਵਿੱਚ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਵਿੱਤ ਸਕੱਤਰ ਹਰਮਨੋਜ ਕੁਮਾਰ ਦੁਆਰਾ ਅਧਿਆਪਕਾਂ ਦੀ ਬੁਲਾਈ ਗਈ ਮੀਟਿੰਗ ਵਿੱਚ ਕੀਤਾ। ਆਗੂਆਂ ਵਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਸਰਕਾਰ ਈ.ਟੀ.ਟੀ ਦੀਆਂ 6635 ਅਸਾਮੀਆਂ ਵਿੱਚੋਂ ਰਹਿੰਦੀਆਂ ਅਸਾਮੀਆਂ, 5994 ਪ੍ਰਾਇਮਰੀ ਕਾਡਰ ਅਤੇ 4161 ਮਾਸਟਰ ਕਾਡਰ ਦੀਆਂ ਨਵੀਆਂ ਅਸਾਮੀਆਂ ਨੂੰ ਭਰਨ ਸਮੇਂ ਇਹਨਾਂ ਸਕੂਲਾਂ ਦਾ ਧਿਆਨ ਜਰੂਰ ਰੱਖਿਆ ਜਾਵੇ ਤਾਂ ਜੋ ਇਨ੍ਹਾਂ ਸਕੂਲਾਂ ਨੂੰ ਵੀ ਅਧਿਆਪਕ ਮਿਲ ਸਕਣ ਅਤੇ ਵੱਧ ਬੇਰੁਜਗਾਰ ਨੌਜਵਾਨਾਂ ਨੂੰ ਵੀ ਰੁਜਗਾਰ ਮਿਲ ਸਕੇ। ਇਸ ਮੌਕੇ ਰਾਜਵਿੰਦਰ ਕੌਰ, ਜਤਿੰਦਰ ਸਿੰਘ, ਸਰਬਜੀਤ ਕੌਰ, ਧਰਮਿੰਦਰ ਸਿੰਘ, ਲਵਦੀਪ ਕੌਰ, ਹਾਫਿਜ, ਅਬਿਨਾਸ ਕੌਰ, ਅਮਨਜੀਤ ਕੌਰ, ਦੀਪਕ ਕੁਮਾਰ, ਜਸਪ੍ਰੀਤ ਕੌਰ, ਬਲਵਿੰਦਰ ਸਿੰਘ, ਅਸੀਸ ਡੋਗਰਾ, ਮੁਨੀਸ ਕੁਮਾਰ, ਹਰਬੰਸ ਲਾਲ, ਦਰਸਨ ਕੌਰ, ਅਜੇ ਕੁਮਾਰ, ਬਲਜਿੰਦਰ ਸਿੰਘ, ਰਜਿੰਦਰ ਕੁਮਾਰ, ਕਮਲਜੀਤ ਸਿੰਘ, ਜਸਵਿੰਦਰ ਸਿੰਘ, ਬਖਤਾਵਰ ਸਿੰਘ, ਧਰਮਵੀਰ ਸਿੰਘ, ਏਕਤਾ, ਕਮਲਜੀਤ ਕੌਰ, ਦਲਵੀਰ ਕੌਰ, ਸੋਹਣ ਸਿੰਘ ਅਤੇ ਬਲਵੀਰ ਸਿੰਘ ਹਾਜ਼ਰ ਸਨ।

# ਮਨੀਪੁਰ ਘਟਨਾ ਦੀ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪੁਰਜ਼ੋਰ ਨਿਖੇਧੀ



**ਜਲੰਧਰ (ਕੇਸਰ)** ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਜਲੰਧਰ ਦੀ ਮੀਟਿੰਗ ਪਿਛਲੇ ਦਿਨੀਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਜੋਨ ਪ੍ਰਧਾਨ ਸੁਰਜੀਤ ਟਿੱਬਾ ਨੇ ਬੁਲਾਈ ਅਤੇ ਇਸ ਮੀਟਿੰਗ ਵਿੱਚ ਜੋਨ ਦੇ ਬਾਕੀ ਅਹੁਦੇਦਾਰ ਅਤੇ ਮੈਂਬਰ ਜਸਵਿੰਦਰ ਫਗਵਾੜਾ, ਸੁਖਦੇਵ ਫਗਵਾੜਾ, ਸੰਦੀਪ ਦਰਦੀ, ਬਿੱਟੂ ਰੁਪੇਵਾਲੀ, ਸੁਖਵਿੰਦਰ ਬਾਗਪੁਰ, ਵਿਜੈ ਰਾਹੀ, ਨਸੀਬ ਚੰਦ ਬੱਬੀ, ਵਿਸ਼ਵਾ ਮਿੱਤਰ, ਸੁਖਵਿੰਦਰ ਸਿੰਘ ਹੁਸ਼ਿਆਰਪੁਰ ਅਤੇ ਬਲਵਿੰਦਰ ਹੁਸ਼ਿਆਰਪੁਰ ਨੇ ਸ਼ਮੂਲੀਅਤ ਕੀਤੀ। ਮੀਟਿੰਗ 'ਚ ਭਾਜਪਾ ਸਰਕਾਰ ਵੱਲੋਂ ਹਿੰਦੂ ਰਾਸ਼ਟਰ ਏਜੰਡੇ ਤਹਿਤ ਲਿਆਂਦੇ ਗਏ ਇੱਕਸਾਰ ਸਿਵਲ ਕੋਡ ਦਾ ਡਟਵਾਂ ਵਿਰੋਧ ਕਰਦੇ ਹੋਏ ਜੋਨ ਪ੍ਰਧਾਨ ਸੁਰਜੀਤ ਟਿੱਬਾ ਨੇ ਕਿਹਾ ਕਿ ਭਾਜਪਾ ਸਿਵਲ ਕੋਡ ਦੇ ਮੁੱਦੇ ਨਾਲ ਬਹੁਗਿਣਤੀ ਹਿੰਦੂ ਮਾਨਸਿਕਤਾ ਵਾਲੇ ਲੋਕਾਂ ਅਤੇ ਘਟ ਗਿਣਤੀਆਂ ਦੇ ਲੋਕਾਂ ਵਿਚਕਾਰ ਧਰੁਵੀਕਰਨ ਕਰਕੇ ਵੱਧ ਤੋਂ ਵੱਧ ਵੋਟਾਂ ਬਟੋਰਨਾ ਚਾਹੁੰਦੀ ਹੈ। 2024 ਦੀਆਂ ਚੋਣਾਂ ਜਿੱਤਣ ਲਈ ਲਿਆਂਦਾ ਗਿਆ ਇੱਕ ਸਾਰ ਸਿਵਲ ਕੋਡ ਦਾ ਹਥਕੰਡਾ ਲੋਕਤੰਤਰ, ਭਾਈਚਾਰਕ ਏਕਤਾ ਅਤੇ ਧਰਮ ਨਿਰਪਖਤਾ ਲਈ ਬੜਾ ਘਾਤਕ ਸਿੱਧ ਹੋਵੇਗਾ ਅਤੇ ਇਸ ਖਿਲਾਫ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਦੇਸ਼ ਵਿਆਪੀ ਲੋਕ ਲਹਿਰ ਚਲਾਉਣ ਦੀ ਲੋੜ ਹੈ। ਜੋਨ ਕਮੇਟੀ ਵਿੱਚ ਫੈਸਲਾ ਕੀਤਾ ਗਿਆ ਕਿ ਅਗਸਤ ਮਹੀਨੇ ਵਿੱਚ ਮਹਾਨ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਅਤੇ ਤਰਕਸ਼ੀਲ ਆਗੂ ਡਾਕਟਰ ਨਰਿੰਦਰ ਦਾਭੋਲਕਰ ਦਾ ਯਾਦਗਾਰੀ ਹਫਤਾ ਮਨਾਇਆ ਜਾਵੇਗਾ। ਤਰਕਸ਼ੀਲ ਮੈਗਜੀਨ ਹਰ ਪਿੰਡ, ਕਸਬੇ, ਘਰ, ਦੁਕਾਨ, ਦਫਤਰ, ਲਾਇਬ੍ਰੇਰੀ ਅਤੇ ਹਰ ਵਿਦਿਅਕ ਅਦਾਰੇ ਵਿੱਚ ਪਹੁੰਚਾਣ ਦੀ ਮੁਹਿੰਮ ਚਲਾਈ ਜਾਵੇਗੀ। ਆਪਣੀ ਅਤੇ ਆਪਣੀ ਸੱਤਾ ਦੀ ਉਮਰ ਵਧਾਉਣ ਲਈ ਭਾਜਪਾ ਵੱਲੋਂ ਦੇਸ਼ ਦੀਆਂ ਅਸਲੀ ਸਮੱਸਿਆਵਾਂ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਫਿਰਕੂ ਦੰਗੇ, ਮਨੀਪੁਰ ਅਤੇ ਅਸੁਰੱਖਿਅਤ ਔਰਤ ਜਾਤਿ ਨੂੰ ਅੱਖੋਂ ਪਰੋਖੇ ਕਰਕੇ ਅੰਧਵਿਸ਼ਵਾਸ, ਵਹਿਮ ਭਰਮ ਫੈਲਾਉਣ , ਪਖੰਡੀ, ਸਾਧਾਂ, ਬਾਬਿਆਂ, ਡੇਰਿਆਂ ਦੀ ਜਿਹੜੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ ਉਸ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

# ਸਰਵ ਸਿੱਖਿਆ ਅਭਿਆਨ ਦਫਤਰੀ ਕਾਮਿਆਂ ਵੱਲੋਂ ਸਿੱਖਿਆ ਮੰਤਰੀ ਨਾਲ ਮੁਲਾਕਾਤ



**ਜਲੰਧਰ (ਰਾਜੇਸ਼ ਥਾਪਾ)**- ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀਆਂ ਦੇ ਵਫਦ ਵਲੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਜਲੰਧਰ ਫੇਰੀ 'ਤੇ ਮੁਲਾਕਾਤ ਕੀਤੀ ਗਈ ਅਤੇ ਰੈਗੂਲਰ ਦੇ ਆਰਡਰ ਜਾਰੀ ਕਰਨ ਅਤੇ 5000 ਰੁਪਏ ਪ੍ਰਤੀ ਮਹੀਨਾ ਚੱਲ ਰਹੀ ਤਨਖਾਹ ਅਨਾਮਲੀ ਸਬੰਧੀ ਗੱਲਬਾਤ ਕੀਤੀ ਗਈ। ਸ਼ੋਭਿਤ ਭਗਤ, ਮੈਡਮ ਨੀਰਜ, ਬਲਜੀਤ ਕੌਰ ਨੇ ਕਿਹਾ ਸਿੱਖਿਆ ਮੰਤਰੀ ਪੰਜਾਬ ਨੇਂ ਮੰਗਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਰੈਗੂਲਰ ਦੇ ਆਰਡਰ ਬਹੁਤ ਜਲਦ ਤੁਹਾਨੂੰ ਦੇ ਰਹੇ ਹਾਂ ਅਤੇ ਪੇ ਅਨਾਮਲੀ ਵਾਲਾ ਮੁੱਦਾ ਹੋਣ ਵਾਲੀ ਮੀਟਿੰਗ ਵਿੱਚ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ ।

# ਮਨੋਜ ਰੱਤੀ ਨੇ ਬਤੌਰ ਇੰਸਪੈਕਟਰ ਦੀ ਅਹੁਦਾ ਸੰਭਾਲਿਆ



**ਕਪੂਰਥਲਾ ( ਪ੍ਰੀਤ ਸੰਗੋਜਲਾ )** ਮਨੋਜ ਰੱਤੀ ਨੇ ਪਦ-ਉੱਨਤੀ ਉਪਰੰਤ ਨਗਰ ਨਿਗਮ ਕਪੂਰਥਲਾ ਵਿਖੇ ਬਤੌਰ ਇੰਸਪੈਕਟਰ ਜੁਆਇੰਨ ਕੀਤਾ । ਨਗਰ ਨਿਗਮ ਕਮਿਸ਼ਨਰ ਅਨੁਪਮ ਕਲੇਰ ਵੱਲੋਂ 23 ਸਾਲ ਸੇਵਾ ਉਪਰੰਤ ਪੀ.ਏ. ਮਨੋਜ ਰੱਤੀ ਨੂੰ ਜੁਆਇੰਨ ਕਰਵਾਇਆ ਗਿਆ। ਉਨਾਂ ਮਨੋਜ ਰੱਤੀ ਨੂੰ ਇੰਸਪੈਕਟਰ ਬਣਨ 'ਤੇ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਉਹ ਹੋਰ ਵੀ ਮਿਹਨਤ ਅਤੇ ਤਨਦੇਹੀ ਨਾਲ ਆਪਣੀ ਸੇਵਾ ਨਿਭਾਉਣਗੇ।

# ਸਫਲਤਾ ਲਈ ਹੌਸਲੇ ਬੁਲੰਦ ਰੱਖੋ-ਅਮਨ ਅਰੋੜਾ



**ਚੰਡੀਗੜ੍ਹ ( ਗੁਰਜੀਤ ਬਿੱਲਾ )**- ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.), ਐਸ.ਏ.ਐਸ.ਨਗਰ (ਮੋਹਾਲੀ) ਦੇ 12ਵੇਂ ਬੈਚ ਦੇ 14 ਕੈਡਿਟਾਂ ਦਾ 12ਵੀਂ ਜਮਾਤ ਦੀ ਛਿਮਾਹੀ ਪ੍ਰੀਖਿਆ ਵਿੱਚ 85% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ 'ਤੇ "ਅਕੈਡਮਿਕ ਟਾਰਚ" ਨਾਲ ਸਨਮਾਨ ਕੀਤਾ। ਇਹ ਪਹਿਲ ਕੈਡਿਟਾਂ ਦੇ ਅੰਤਿਮ ਪ੍ਰੀਖਿਆਵਾਂ ਵਾਸਤੇ ਮਨੋਬਲ ਨੂੰ ਵਧਾਉਣ ਲਈ ਕੀਤੀ ਗਈ। ਅਮਨ ਅਰੋੜਾ ਨੇ ਕਿਹਾ ਕਿ ਬੱਸ ਸਖਤ ਮਿਹਨਤ ਕਰਦੇ ਰਹੋ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਕਦੇ ਵੀ ਹਿੰਮਤ ਨਾ ਛੱਡੋ। ਉਨ੍ਹਾਂ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਦੀਪਤੀ ਉੱਪਲ ਨਾਲ ਇੰਸਟੀਚਿਊਟ ਦਾ ਦੌਰਾ ਕੀਤਾ ਅਤੇ ਇੱਥੇ ਕੈਡਿਟਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰੱਖਿਆ ਸੇਵਾਵਾਂ ਵਿੱਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐਚ.ਚੌਹਾਨ (ਸੇਵਾਮੁਕਤ) ਨੇ ਦੱਸਿਆ ਕਿ ਇਸ ਸੰਸਥਾ ਦੇ ਕੁੱਲ 217 ਕੈਡਿਟ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ ਹੋਰ ਸਰਵਿਸ ਅਕੈਡਮੀਆਂ ਵਿੱਚ ਭਰਤੀ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 141 ਕੈਡਿਟ ਡਿਫੈਂਸ ਸਰਵਿਸਿਜ (ਫੌਜ-109, ਜਲ ਸੈਨਾ-13 ਅਤੇ ਹਵਾਈ ਸੈਨਾ-19) ਵਿੱਚ ਕਮਿਸ਼ਨਡ ਅਫਸਰ ਵਜੋਂ ਨਿਯੁਕਤ ਹੋਏ ਹਨ। 52 ਫੀਸਦ ਦੀ ਚੋਣ ਦਰ ਨਾਲ, ਇਹ ਸੰਸਥਾ ਦੇਸ਼ ਭਰ ਵਿੱਚ ਆਪਣੀ ਕਿਸਮ ਦੀ ਸਭ ਤੋਂ ਸਫਲ ਸੰਸਥਾ ਹੈ। ਉਨ੍ਹਾਂ ਅੱਗੇ ਦੱਸਿਆ ਕਿ 38 ਕੈਡਿਟਾਂ ਨੇ ਐਨ.ਡੀ.ਏ.-1, ਸੀ.ਡੀ.ਐਸ. ਅਤੇ ਏ.ਐਫ.ਸੀ.ਏ.ਟੀ. ਦੀਆਂ ਵੱਖ-ਵੱਖ ਯੂ.ਪੀ.ਐਸ.ਸੀ. ਪ੍ਰੀਖਿਆਵਾਂ ਪਾਸ ਕੀਤੀਆਂ ਹਨ।

ਇਹ ਕੈਡਿਟ ਮੌਜੂਦਾ ਸਮੇਂ ਸਰਵਿਸਿਜ ਸਿਲੈਕਸ਼ਨ ਬੋਰਡ (ਐਸ.ਐਸ.ਬੀ.) ਅਧੀਨ ਹਨ। ਹੁਣ ਤੱਕ 07 ਕੈਡਿਟਾਂ ਨੇ ਐਸ.ਐਸ.ਬੀ. ਕਲੀਅਰ ਕੀਤਾ ਹੈ ਜਦੋਂ ਕਿ ਬਾਕੀ ਕੈਡਿਟ ਐਸ.ਐਸ.ਬੀ. ਤੋਂ ਕਾਲ ਦੀ ਉਡੀਕ ਕਰ ਰਹੇ ਹਨ।

# ਸੀਨੀਅਰ ਕਾਂਗਰਸੀ ਆਗੂ ਡਾ. ਜਤਿੰਦਰਪਾਲ ਸਿੰਘ ਦਰਜਨਾਂ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਭਾਜਪਾ ਨੂੰ ਹਲਕਾ ਸ੍ਰੀ ਚਮਕੌਰ ਸਾਹਿਬ 'ਚ ਉਸ ਸਮੇਂ ਵੱਡਾ ਬੱਲ ਮਿਲਿਆ ਜਦੋਂ ਕਾਂਗਰਸ ਦੇ ਸੀਨੀਅਰ ਆਗੂ ਡਾ. ਜਤਿੰਦਰਪਾਲ ਸਿੰਘ ਨਨੂੰਆਂ ਦਰਜਨਾਂ ਸਾਥੀਆਂ ਸਮੇਤ ਕਾਂਗਰਸ ਨੂੰ ਅਲਵਿਦਾ ਆਖ ਕੇ ਭਾਜਪਾ ਵਿਚ ਸ਼ਾਮਲ ਹੋ ਗਏ। ਇਸ ਮੌਕੇ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਲ ਕਰਵਾਉਣ ਲਈ ਜ਼ਿਲ੍ਹਾ ਪ੍ਰਧਾਨ ਡਾ. ਅਜੈਵੀਰ ਸਿੰਘ ਲਾਲਪੁਰਾ ਵਿਸ਼ੇਸ਼ ਤੌਰ 'ਤੇ ਸ੍ਰੀ ਚਮਕੌਰ ਸਾਹਿਬ ਪਹੁੰਚੇ। ਇਸ ਮੌਕੇ ਡਾ. ਲਾਲਪੁਰਾ ਨੇ ਕਿਹਾ ਕਿ ਸਾਡੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਨੌਜਵਾਨ ਆਗੂਆਂ ਦੀ ਸ਼ਮੂਲੀਅਤ ਨਾਲ ਭਾਜਪਾ ਦਾ ਕਾਫਲਾ ਹੋਰ ਵੱਡਾ ਅਤੇ ਮਜ਼ਬੂਤ ਹੋਇਆ ਹੈ। ਉਨ੍ਹਾਂ ਨਵੇਂ ਜੁੜੇ ਸਾਥੀਆਂ ਨੂੰ ਭਾਜਪਾ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦੀ ਤਾਕੀਦ ਕੀਤੀ। ਇਸ ਮੌਕੇ ਡਾ. ਨੰਨੂਆਂ ਨੇ ਕਿਹਾ ਕਿ ਮੈਂ ਤੇ ਮੇਰੇ ਸਾਥੀ ਭਾਜਪਾ ਦੀ ਮਜ਼ਬੂਤੀ ਲਈ ਦਿਨ ਰਾਤ ਕੰਮ ਕਰਨਗੇ ਤੇ ਕੇਂਦਰ ਸਰਕਾਰ ਦੀਆਂ ਜਨ ਕਲਿਆਣਕਾਰੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਦਿਨ ਰਾਤ ਇੱਕ ਕਰ ਦੇਣਗੇ। ਜ਼ਿਲ੍ਹਾ ਪ੍ਰਧਾਨ ਲਾਲਪੁਰਾ ਜੋ ਵੀ ਜ਼ਿੰਮੇਵਾਰੀ ਦੇਣਗੇ ਉਸ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ। ਮਨਜੀਤ ਸਿੰਘ ਸੰਤਪੁਰ, ਦਲਬੀਰ ਸਿੰਘ ਭੱਕੂਮਾਜਰਾ, ਗੱਗੂ ਭੈਰੋਮਾਜਰਾ, ਬਲਜਿੰਦਰ ਸਿੰਘ ਭੱਕੂਮਾਜਰਾ, ਅਮਨਦੀਪ ਸਿੰਘ ਕੋਟਲੀ, ਮਨਪ੍ਰੀਤ ਸਿੰਘ ਨੰਬਰਦਾਰ ਝਲੀਆਂਕਲਾ, ਰਾਜਾ ਲੌਂਗੀਆਂ, ਵਿੱਕੀ ਬੇਲਾ, ਮਨਪ੍ਰੀਤ ਸ੍ਰੀ ਚਮਕੌਰ ਸਾਹਿਬ, ਗੁਰਪ੍ਰੀਤ ਸ੍ਰੀ ਚਮਕੌਰ ਸਾਹਿਬ, ਸੋਨੀ ਰੋਲੂਮਾਜਰਾ, ਸੋਨੂੰ ਭਲਿਆਣ, ਅਜਮੇਰ ਸਿੰਘ ਸਰਪੰਚ ਭੱਕੂਮਾਜਰਾ, ਵਿੰਦਰ ਸੁਰਤਾਪੁਰ, ਮਨਪ੍ਰੀਤ ਦੁੱਗਰੀ, ਅਮਨਦੀਪ ਸਿੰਘ ਭੱਕੂਮਾਜਰਾ, ਦਵਿੰਦਰ ਸਿੰਘ, ਤਾਜਪਾਲ ਸਿੰਘ ਠੇਕੇਦਾਰ ਸਮੇਤ ਵੱਡੀ ਗਿਣਤੀ ਨੌਜਵਾਨਾਂ ਨੇ ਭਾਜਪਾ ਦਾ ਪੱਲਾ ਫੜਿਆ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਰਮਨ ਜਿੰਦਲ, ਦਰਸ਼ਨ ਸਿੰਘ ਸ਼ਿਵਜੋਤ, ਹਰਨੇਕ ਸਿੰਘ ਕਲਾਰਾਂ ਮੀਤ ਪ੍ਰਧਾਨ ਭਾਜਪਾ, ਸੰਗਤ ਸਿੰਘ ਭਾਮੀਆ ਕੌਂਸਲਰ ਜਨਰਲ ਸਕੱਤਰ, ਜਗਦੀਪ ਸਿੰਘ ਸਰਕਲ ਪ੍ਰਧਾਨ, ਰਾਕੇਸ਼ ਕੁਮਾਰ ਕਾਲਾ, ਪ੍ਰਵੇਸ਼ ਗੋਇਲ, ਹਿੰਮਤ ਸਿੰਘ ਨਿੱਝਰ, ਸੁਰਿੰਦਰਪਾਲ ਸੇਠੀ ਆਦਿ ਸਮੇਤ ਵੱਡੀ ਗਿਣਤੀ ਭਾਜਪਾ ਆਗੂ ਮੌਜੂਦ ਸਨ।

# ਪੱਕੇ ਬੰਨ੍ਹ ਬਣਾਉਣ ਦਾ ਸਿਲਸਿਲਾ ਜਾਰੀ



**ਮਾਹਿਲਪੁਰ (ਸਫਰੀ)** ਪੰਜਾਬ 'ਚ ਭਾਰੀ ਬਰਸਾਤ ਕਾਰਨ ਆਏ ਹੜ੍ਹਾਂ ਨਾਲ ਕਈ ਪਿੰਡ ਪ੍ਰਭਾਵਿਤ ਹੋਏ ਹਨ ਅਤੇ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਸੰਤ ਸੀਚੇਵਾਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਸੀ ਜਿਸ ਤੇ ਗੜ੍ਹਸੰਕਰ ਦੇ ਪਿੰਡ ਬੀਹੜਾਂ ਦੇ ਨੌਜਵਾਨਾਂ ਨੇ ਇਕੱਠੇ ਹੋ ਕੇ ਸਮਾਜਸੇਵੀ ਗੋਲਡੀ ਸਿੰਘ ਬੀਹੜਾਂ ਦੀ ਅਗਵਾਈ 'ਚ ਟਰੈਕਟਰ ਟਰਾਲੀਆਂ ਮਿੱਟੀ ਨਾਲ ਭਰਕੇ ਵੱਖ ਵੱਖ ਪਿੰਡਾਂ 'ਚ ਬੰਨ ਪੱਕੇ ਕਰਨ ਲਈ ਰਵਾਨਾ ਹੋਈਆਂ। ਸਮਾਜ ਸੇਵੀ ਗੋਲਡੀ ਸਿੰਘ ਨੇ ਕਿਹਾ ਸੰਤ ਸੀਚੇਵਾਲ ਜੋ ਵੀ ਡਿਊਟੀ ਲਗਾਉਣਗੇ ਜਿਸ ਵੀ ਇਲਾਕੇ 'ਚ ਲਗਾਉਣਗੇ ਅਸੀਂ ਉਥੇ ਜਾ ਕੇ ਦਿਨ ਰਾਤ ਇੱਕ ਕਰਕੇ ਲੋਕਾਂ ਦੀ ਮਦਦ ਕਰਾਂਗੇ। ਇਸ ਮੌਕੇ ਗੋਲਡੀ ਬੀਹੜਾ, ਸੁਖੀ, ਮੰਨਾ, ਅਮਨ, ਗੁਰਵਿੰਦਰ, ਜੋਤਾ, ਵਿੱਕੀ, ਰਮਨ, ਦਵਿੰਦਰ, ਗੁਰਮੁਖ, ਅਜੇ, ਸੁੱਖਾ, ਜੱਸਾ ਸ਼ਾਮਲ ਸਨ।

# ਅਮੀਰ ਸਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਵਿਲੱਖਣ ਮਿਸ਼ਨ 'ਫੁਲਕਾਰੀ' ਦੀ ਸ਼ੁਰੂਆਤ



**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੇਂਡੂ ਦਸਤਕਾਰੀ ਉਦਯੋਗ ਨੂੰ ਮੁੜ ਸੁਰਜੀਤ ਕਰਨ ਦੇ ਆਪਣੇ ਸੰਜੀਦਾ ਯਤਨਾਂ ਤਹਿਤ ਰਾਜ ਭਰ ਵਿੱਚ ਪੰਜ ਥਾਵਾਂ 'ਤੇ 125 ਮਹਿਲਾ ਕਾਰੀਗਰਾਂ ਨੂੰ ਨੈਸ਼ਨਲ ਇੰਸਟੀਚਿਊਟ ਆਫ ਫੈਸ਼ਨ ਤਕਨਾਲੋਜੀ ਨਾਲ ਸਾਂਝ ਪਾ ਕੇ ਸਿਖਲਾਈ ਦੇਣ ਦੀ ਇਤਿਹਾਸਕ ਪਹਿਲਕਦਮੀ ਕੀਤੀ ਹੈ। ਵਿਸ਼ੇਸ਼ ਮੁੱਖ ਸਕੱਤਰ (ਸਹਿਕਾਰਤਾ) ਅਨੁਰਾਗ ਅਗਰਵਾਲ ਨੇ ਡੇਰਾਬੱਸੀ ਨੇੜਲੇ ਪਿੰਡ ਮਹਿਮਦਪੁਰ ਵਿਖੇ ਪਹਿਲੇ ਸਿਖਲਾਈ ਸੈਸ਼ਨ ਦਾ ਉਦਘਾਟਨ ਕਰਨ ਉਪਰੰਤ ਦੱਸਿਆ ਕਿ ਇਨ੍ਹਾਂ ਕਾਰੀਗਰਾਂ ਦੁਆਰਾ ਤਿਆਰ ਕੀਤਾ ਗਿਆ ਸਮਾਨ ਰਾਜ ਸਰਕਾਰ ਦੀ ਪ੍ਰਮੁੱਖ ਸਹਿਕਾਰੀ ਸੰਸਥਾ ਮਾਰਕਫੈੱਡ ਦੁਆਰਾ ਆਪਣੇ ਔਨਲਾਈਨ ਈ-ਕਾਮਰਸ ਪੋਰਟਲ ਦੇ ਨਾਲ-ਨਾਲ ਸੈਕਟਰ 22-ਸੀ, ਚੰਡੀਗੜ੍ਹ ਸਥਿਤ ਆਪਣੇ ਸਟੋਰ 'ਤੇ ਵਿਕਰੀ ਕੀਤਾ ਜਾਵੇਗਾ। ਮਹਿਲਾ ਕਾਰੀਗਰਾਂ ਦੀ ਮਦਦ ਲਈ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਅਤੇ ਪ੍ਰਬੰਧਕੀ ਨਿਰਦੇਸ਼ਕ, ਮਾਰਕਫੈੱਡ ਦੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਹਿਸੂਸ ਕੀਤਾ ਗਿਆ ਹੈ ਕਿ ਪੰਜਾਬ ਦੀਆਂ ਰਵਾਇਤੀ ਵਸਤੂਆਂ/ਕਲਾ ਨੂੰ ਪੰਜਾਬ ਅੰਦਰ ਮੌਜੂਦ ਪ੍ਰਤਿਭਾ ਨੂੰ ਉਭਾਰ ਕੇ ਅਤੇ ਪੰਜਾਬ ਦੇ ਇਸ ਉਤਪਾਦ ਦਾ ਮੰਡੀਕਰਨ ਕਰਕੇ ਰਾਸ਼ਟਰੀ/ਅੰਤਰਰਾਸ਼ਟਰੀ ਪੱਧਰ 'ਤੇ ਉਤਸ਼ਾਹਿਤ ਕਰਨ ਦੀ ਲੋੜ ਹੈ। ਫੁਲਕਾਰੀ ਜਿਹੇ ਉਤਪਾਦਾਂ ਦੀ ਦੁਨੀਆ ਭਰ ਵਿੱਚ ਬਹੁਤ ਮੰਗ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਮਾਰਕਫੈੱਡ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਉਹ ਇਨ੍ਹਾਂ ਉਤਪਾਦਾਂ ਦਾ ਮੰਡੀਕਰਨ ਕਰਨ ਅਤੇ ਇਨ੍ਹਾਂ ਕਾਰੀਗਰਾਂ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੇ ਉਤਪਾਦਾਂ ਦਾ ਚੰਗਾ ਮਿਹਨਤਾਨਾ ਦਿਵਾਉਣ ਵਿੱਚ ਮਦਦ ਕਰਨ। ਇਹ ਵਿਲੱਖਣ ਉਪਰਾਲਾ ਇੱਕ ਪਾਸੇ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਦੂਜੇ ਪਾਸੇ ਔਰਤਾਂ ਲਈ ਸਵੈ-ਨਿਰਭਰਤਾ ਦੇ ਨਵੇਂ ਰਾਹ ਖੋਲ੍ਹਣ ਵਿੱਚ ਬਹੁਤ ਸਹਾਈ ਹੋਵੇਗਾ।

# ਮਿਸ਼ਨ ਇੰਦਰਧਨੁਸ਼ ਸਬੰਧੀ ਪੈਰਾਮੈਡੀਕਲ ਸਟਾਫ ਦੀ ਹੋਈ ਟ੍ਰੇਨਿੰਗ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੀ.ਐਚ.ਸੀ ਚਮਕੌਰ ਸਾਹਿਬ ਵਿਖੇ ਮਿਸ਼ਨ ਇੰਦਰਦਨੁਸ਼ਨ ਸਬੰਧੀ ਸਮੂਹ ਏ.ਐਨ.ਐਮਜ਼ ਅਤੇ ਐਲ.ਐਚ.ਵੀਜ਼ ਦੀ ਟ੍ਰੇਨਿੰਗ ਹੋਈ। ਇਸ ਮੌਕੇ 'ਤੇ ਹਰਵਿੰਦਰ ਸਿੰਘ ਬੀ.ਈ.ਈ ਨੇ ਕਿਹਾ ਕਿ ਮਿਸ਼ਨ ਇੰਦਰਧਨੁਸ਼ ਅਧੀਨ 3 ਰਾਊਂਡ ਹੋਣਗੇ, ਜਿਸ ਵਿੱਚ ਮਹੀਨਾ ਅਗਸਤ, ਸਤੰਬਰ ਅਤੇ ਅਕਤੂਬਰ ਵਿੱਚ ਟੀਕਾਕਰਨ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ। ਇਸ ਟੀਕਾਕਰਨ ਮੁਹਿੰਮ ਦੌਰਾਨ ਗਰਭਵਤੀ ਮਾਵਾਂ ਅਤੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਵੇਗਾ ਤਾਂ ਜੋ ਕਿ ਕਿਸੀ ਕਾਰਨ ਟੀਕਾਕਰਣ ਕਰਵਾਉਣ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਨੂੰ ਕਵਰ ਕੀਤਾ ਜਾ ਸਕੇ। ਉਨ੍ਹਾਂ ਥਾਵਾਂ 'ਤੇ ਵਿਸ਼ੇਸ਼ ਕੈਂਪ ਲਗਾ ਕੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਵੇਗਾ। ਇਹ ਟੀਕਾਕਰਨ ਕੈਂਪ ਹਾਈ ਰਿਸਕ ਏਰੀਆ ਮਾਈਗਰੇਟਰੀ ਆਬਾਦੀ, ਭੱਠੇ, ਉਸਾਰੀ ਅਧੀਨ ਇਮਾਰਤਾਂ, ਪਰਵਾਸੀ ਇਲਾਕਿਆਂ ਆਦਿ ਵਿੱਚ ਲਗਾਏ ਜਾ ਰਹੇ ਹਨ ਜਾਣਗੇ। ਇਸ ਮੁਹਿੰਮ ਦੌਰਾਨ ਤਪਦਿਕ, ਪੋਲੀਓ, ਗਲ ਘੋਟੂ, ਕਾਲੀ ਖਾਂਸੀ, ਪੀਲੀਆ, ਟੈਟਨੈੱਸ, ਨਮੂਨੀਆ, ਦਿਮਾਗੀ ਬੁਖ਼ਾਰ, ਖਸਰਾ ਰੁਬੇਲਾ ਅਤੇ ਅੰਧਰਾਤੇ ਵਰਗੀਆਂ ਬੀਮਾਰੀਆਂ ਤੋਂ ਬਚਾਅ ਸਬੰਧੀ ਮੁਫਤ ਟੀਕਾਕਰਨ ਕੀਤਾ ਜਾਵੇਗਾ। ਵਿਸ਼ਵ ਆਬਾਦੀ ਦਿਵਸ ਨੂੰ ਸਮਰਪਿਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਹਰਵਿੰਦਰ ਸਿੰਘ ਨੇ ਸਮੂਹ ਫੀਲਡ ਸਟਾਫ ਨੂੰ ਯੋਗ ਜੋੜਿਆਂ ਨੂੰ ਪ੍ਰੇਰਿਤ ਕਰਕੇ ਪਰਵਾਰ ਨਿਯੋਜਨ ਦੇ ਸਾਧਨਾਂ ਨੂੰ ਅਪਨਾਉਣ ਲਈ ਕਿਹਾ।

ਉਨ੍ਹਾਂ ਪਰਵਾਰ ਭਲਾਈ ਦੇ ਪੱਕੇ ਤਰੀਕਿਆਂ ਅਤੇ ਕੱਚੇ ਤਰੀਕਿਆਂ ਜਿਵੇਂ ਕਿ ਨਿਰੋਧ, ਓਰਲਪਿਲਸ, ਕਾਪਰ-ਟੀ, ਨਲਬੰਦੀ ਅਤੇ ਨਸਬੰਦੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ, ਦਵਿੰਦਰ ਸਿੰਘ ਐਸ.ਆਈ, ਨਰਿੰਦਰ ਸਿੰਘ, ਹਰਵਿੰਦਰ ਸਿੰਘ, ਪੰਮੀ ਕੰਪਿਊਟਰ ਅਪ੍ਰੇਟਰ, ਸੁਖਵਿੰਦਰ ਕੌਰ ਐਲ.ਐਚ.ਵੀ, ਗੁਰਜਿੰਦਰਜੀਤ ਕੌਰ ਅਤੇ ਸਮੂਹ ਏ.ਐਨ.ਐਮਜ਼ ਹਾਜਰ ਸਨ।

# ਭਾਈ ਘਨੱਈਆ ਜੀ ਵੈੱਲਫੇਅਰ ਸੁਸਾਇਟੀ ਸ ਸ ਸ ਸ ਬੋਹਣ ਨੂੰ 16 ਪੱਖੇ ਭੇਟ

**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**-ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ ਦਾ ਸਮਾਰੋਹ ਪ੍ਰਧਾਨ ਜਗਮੀਤ ਸਿੰਘ ਸੇਠੀ ਦੀ ਪ੍ਰਧਾਨਗੀ ਵਿੱਚ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਹੋਇਆ। ਜਿਸ ਵਿੱਚ ਸੰਸਥਾ ਵਲੋਂ ਸਕੂਲ ਨੂੰ 16-ਪੱਖੇ ਭੇਂਟ ਕੀਤੇ ਗਏ। ਇਸ ਮੌਕੇ ਤੇ ਪ੍ਰਧਾਨ ਸੇਠੀ ਨੇ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਸਮਾਜ ਭਲਾਈ ਦੇ ਕੰਮਾਂ ਵਿੱਚ ਯੋਗਦਾਨ ਦੇਣਾ ਹੈ। ਸੰਸਥਾਂ ਵਲੋਂ ਸਮੇਂ-ਸਮੇਂ ਤੇ ਇਸ ਤਰ੍ਹਾਂ ਦੇ ਪ੍ਰੋਜੈਕਟ ਲਗਾਏ ਜਾਂਦੇ ਹਨ। ਜਿਸ ਵਿੱਚ ਜ਼ਰੂਰਤਮੰਦ ਲੋਕਾਂ ਨੂੰ ਵਹੀਲ ਚੇਅਰ, ਸਿਲਾਈ ਮਸ਼ੀਨਾਂ, ਸਕੂਲ ਦੀਆਂ ਫੀਸਾਂ ਅਤੇ ਸਕੂਲ ਦੀਆਂ ਵਰਦੀਆਂ ਦਿੱਤੀਆਂ ਜਾਂਦੀਆ ਰਹਿੰਦੀਆਂ ਹਨ ਅਤੇ ਪ੍ਰਧਾਨ ਸੇਠੀ ਨੇ ਕਿਹਾ ਕਿ ਜਲਦੀ ਹੀ ਸੰਸਥਾਂ ਵਲੋਂ ਚੈਰੀਟੇਬਲ ਰੇਟ ਤੇ ਇਕ ਡਾਇਗਨੋਜਿਸਟ ਸੈਂਟਰ ਖੋਲਿਆ ਜਾ ਰਿਹਾ ਹੈ। ਜਿਸ ਦੀ ਰੂਪਰੇਖਾ ਤਿਆਰ ਕੀਤੀ ਜਾ ਚੁੱਕੀ ਹੈ ਅਤੇ ਜਲਦੀ ਹੀ ਸ਼ਹਿਰਵਾਸੀ ਇਸ ਦਾ ਲਾਭ ਲੈ ਸਕਣਗੇ। ਇਸ ਤੋਂ ਬਾਅਦ ਸਕੂਲ ਦੀ ਪ੍ਰਿੰਸੀਪਲ ਮਲਕੀਅਤ ਕੌਰ ਨੇ ਸਾਰੇ ਸੰਸਥਾਂ ਦੇ ਮੈਂਬਰਾਂ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ 'ਤੇ ਸਕੱਤਰ ਸੁਰਜੀਤ ਸਿੰਘ ਦੁਆ, ਖਜਾਨਚੀ ਗੁਰਜੀਤ ਸਿੰਘ ਵਧਾਵਨ, ਜਸਵੀਰ ਸਿੰਘ, ਗੁਰਪ੍ਰੀਤ ਸਿੰਘ ਸੇਠੀ, ਜਸਵੀਰ ਕੌਰ ਸੇਠੀ, ਰਾਕੇਸ਼ ਭਾਰਗਵ, ਮੈਡਮ ਗੁਰਪ੍ਰੀਤ ਕੌਰ, ਮੁਨੀਸ਼ ਮੋਦਗਿਲ, ਐਸ.ਐਮ.ਸੀ. ਹਰਪ੍ਰੀਤ ਕੌਰ, ਪ੍ਰਭਜੋਤ ਸਿੰਘ ਅਤੇ ਸਕੂਲ ਸਟਾਫ ਮੌਜੂਦ ਸੀ।

# ਨਦਰਿ ਕਰਮਿ ਸੇਵਾ ਦਲ ਤੇ ਸੋਚ ਸੈਂਟਰ ਸਿਆਟਲ ਨੇ ਹੜ੍ਹ ਪੀੜਤਾਂ ਨੂੰ ਰਾਸ਼ਨ ਤੇ ਜ਼ਰੂਰੀ ਸਮਾਨ ਵੰਡਿਆ




**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** : ਨਦਰਿ ਕਰਮਿ ਸੇਵਾ ਦਲ ਲੋਹੀਆਂ ਖਾਸ ਅਤੇ ਸੋਚ ਸੈਂਟਰ ਸਿਆਟਲ ਅਮਰੀਕਾ ਵੱਲੋਂ ਲੋਹੀਆਂ ਇਲਾਕੇ ਦੇ ਹੜ੍ਹ ਪੀੜਤਾਂ ਵਾਸਤੇ ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ, ਮੱਛਰਦਾਨੀਆਂ, ਔਡੋਮੌਸ, ਕਛੂਆਛਾਪ ਅਤੇ ਹੋਰ ਸਭ ਤਰ੍ਹਾਂ ਦੇ ਲੋੜੀਂਦੇ ਸਮਾਨ ਦੀ ਮਦਦ ਪਹੁੰਚਾਉਣ ਦਾ ਉਪਰਾਲਾ ਕਰਨ ਤੋਂ ਬਾਅਦ ਖੇਤਾਂ-ਟੋਭਿਆਂ ਦੀ ਨੀਵਾਂਣ ਵਿੱਚ ਖਲੋਤੇ ਪਾਣੀ 'ਚ ਪੈਦਾ ਹੋਣ ਵਾਲੇ ਮੱਛਰ ਵੱਲੋਂ ਫੈਲਾਈਆਂ ਜਾਣ ਵਾਲੀਆਂ ਬਿਮਾਰੀਆਂ ਤੋਂ ਹੜ ਪੀੜਤਾਂ ਨੂੰ ਬਚਾਉਣ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾਣਗੇ। ਬੇਸ ਕੈਂਪ-ਗੁਰਦੁਆਰਾ ਸਿੰਘ ਸਭਾ ਲੋਹੀਆਂ ਅਤੇ ਸਾਰੀਆਂ ਸਹਿਯੋਗੀ ਸੰਸਥਾਵਾਂ ਦੀ ਮਦਦ ਨਾਲ ਹੜ੍ਹ ਤੋਂ ਪ੍ਰਭਾਵਿਤ ਪਿੰਡਾਂ ਵਿੱਚ ਲਗਾਤਾਰ ਫੌਗਿੰਗ ਕਰਵਾਉਣ ਅਤੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਕਾਰਜ ਵਾਸਤੇ ਸੰਸਥਾ ਦੇ ਪ੍ਰਵਾਸੀ ਭਾਰਤੀ ਮੈਂਬਰ ਸੁਖਦੇਵ ਸਿੰਘ ਜੋਸਨ ਵੱਲੋਂ ਸੰਸਥਾ ਨੂੰ ਭੇਜੀ ਗਈ ਇੱਕ ਲੱਖ ਰੁਪਏ ਦੀ ਰਾਸ਼ੀ ਮਨੋਹਰ ਲਾਲ ਵੱਲੋਂ ਸੰਸਥਾ ਦੇ ਹਵਾਲੇ ਕੀਤੀ ਗਈ। ਜਿਸ ਵਾਸਤੇ ਸੰਸਥਾ ਵੱਲੋਂ ਉਨ੍ਹਾਂ ਦਾ ਸ਼ੁਕਰਾਨਾ ਅਦਾ ਕੀਤਾ ਗਿਆ। ਇਸ ਮਾਇਆ ਵਿੱਚੋਂ 41400/- ਰੁਪਏ ਖਰਚ ਕਰਕੇ ਇੱਕ ਫੌਗਿੰਗ ਮਸ਼ੀਨ ਦੀ ਖਰੀਦ ਕੀਤੀ ਗਈ ਹੈ। ਫੌਗਿੰਗ ਉੱਪਰ ਰੋਜਾਨਾ ਲੱਗਭਗ 3 ਹਜਾਰ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ। ਲੋੜ ਪੈਣ 'ਤੇ ਇੱਕ ਹੋਰ ਫੌਗਿੰਗ ਮਸ਼ੀਨ ਖਰੀਦਣਾ ਵੀ ਸੰਸਥਾ ਦੇ ਵਿਚਾਰ ਅਧੀਨ ਹੈ। ਸੰਸਥਾ ਵੱਲੋਂ ਚੱਲ ਰਹੀਆਂ ਬਾਕੀ ਸੇਵਾਵਾਂ ਵਾਂਗ ਇਹ ਸਾਰੇ ਕਾਰਜ ਵੀ ਸੰਗਤ ਦੀ ਦਸਵੰਧ ਭੇਟਾ ਨਾਲ ਹੀ ਫਤਹਿ ਹੋਣਗੇ। ਇਸ ਮੌਕੇ ਸਤਿੰਦਰ ਸਿੰਘ ਖਾਲਸਾ ਕੁਲਵੰਤ ਸਿੰਘ ਕੰਗ ਦਵਿੰਦਰ ਸਿੰਘ ਬਿੱਲਾ ਅਵਤਾਰ ਸਿੰਘ ਚੰਦੀ ਜਸਵੰਤ ਸਿੰਘ , ਸਲਿੰਦਰਪਾਲ, ਗਗਨਦੀਪ ਸਿੰਘ ਗੱਗੀ ਹਾਜਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫਲਾਹੀ ਵਿਖੇ ਨਸ਼ਾਖੋਰੀ ਵਿਰੁੱਧ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸ਼੍ਰੀਮਤੀ ਕੋਮਲ ਮਿੱਤਲ ਆਈ.ਏ.ਐਸ. ਡਿਪਟੀ ਕਮਿਸ਼ਨਰ ਕਮ ਚੇਅਰ ਪਰਸਨ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਸੁਸਾਇਟੀ ਹੁਸ਼ਿਆਰਪੁਰ ਅਤੇ ਡਾ. ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ ਕਮ ਮੈਂਬਰ ਸਕੱਤਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਕਮ ਓ.ਓ.ਏ.ਟੀ.ਕਲੀਨਿਕ ਹੁਸ਼ਿਆਰਪੁਰ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਲਾਹੀ ਵਿਖੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ, ਕਾਰਨਾਂ ਅਤੇ ਇਲਾਜ਼ ਸਬੰਧੀ ਜਾਗਰੂਕਤਾ ਸੈਮੀਨਾਰ ਪ੍ਰਿੰਸੀਪਲ ਮਰਿਦੁਲਾ ਸ਼ਰਮਾ ਜੀ ਦੀ ਪ੍ਰਧਾਨਗੀ ਹੇਠ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ਇਸ ਮੌਕੇ 'ਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਹੁਸ਼ਿਆਰਪੁਰ ਤੋਂ ਸੰਦੀਪ ਕੁਮਾਰੀ ਕਲੀਨਿਕਲ ਸਾਇਕੋਲੋਜਿਸਟ, ਪ੍ਰਸ਼ਾਂਤ ਆਦੀਆ ਕਾਂਉਸਲਰ ਰਿਸੋਰਸ ਪਰਸਨ ਵਜੋਂ ਹਾਜਰ ਹੋਏ। ਇਸ ਮੌਕੇ 'ਤੇ ਕਾਂਉਸਲਰ ਸੰਦੀਪ ਕੁਮਾਰੀ ਨੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਅਤੇ ਕਾਰਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਨਸ਼ਾ ਇੱਕ ਮਾਨਸਿਕ ਬਿਮਾਰੀ ਹੈ ਜੋ ਕਿ ਵਿਸ਼ਵ ਸਿਹਤ ਸੰਗਠਨ ਅਨੁਸਾਰ ਲੰਬਾ ਸਮਾਂ ਚਲਨ ਵਾਲੀ ਅਤੇ ਬਾਰ ਬਾਰ ਹੋਣ ਵਾਲੀ ਬਿਮਾਰੀ ਹੈ। ਜਿਸ ਦਾ ਇਲਾਜ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਸਰਕਾਰ ਵਲੋਂ ਸਮੂਹ ਸਿਹਤ ਕੇਂਦਰਾਂ ਵਿੱਚ ਕੀਤਾ ਜਾਂਦਾ ਹੈ। ਇਸ ਮੌਕੇ 'ਤੇ ਪ੍ਰਸ਼ਾਂਤ ਆਦੀਆ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਨਸ਼ਾਖੋਰੀ ਦੇ ਨਾਲ ਐਚ.ਸੀ.ਵੀ.(ਕਾਲਾ ਪੀਲੀਆ), ਐਚ.ਆਈ.ਵੀ. ਏਡਜ਼ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ। ਜਿਸ ਦਾ ਇਲਾਜ ਪੰਜਾਬ ਭਰ ਵਿੱਚ ਸਿਹਤ ਸੰਸਥਾਵਾਂ ਵਿੱਚ ਸੰਭਵ ਹੈ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਨਸ਼ਾਖੋਰੀ ਦਾ ਇਲਾਜ਼ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਦਸੂਹਾ ਅਤੇ ਹੁਸ਼ਿਆਰਪੁਰ ਵਿਖੇ ਕੀਤਾ ਜਾਂਦਾ ਹੈ। ਪਹਿਲਾਂ 15-20 ਦਿਨਾਂ ਤੱਕ ਮਰੀਜ਼ਾਂ ਦਾ ਡੀਟਾਕਸੀਫਿਕੇਸ਼ਨ ਕੀਤਾ ਜਾਂਦਾ ਹੈ, ਇਸ ਤੋਂ ਬਾਅਦ ਮਰੀਜ਼ ਨੂੰ 90 ਦਿਨਾਂ ਲਈ ਸਰਕਾਰੀ ਰੀਹੈਬਲੀਟੇਸ਼ਨ ਸੈਂਟਰ ਮੁਹੱਲਾ ਫਤਿਹਗੜ੍ਹ ਹੁਸ਼ਿਆਰਪੁਰ ਵਿਖੇ ਭੇਜਿਆ ਜਾਂਦਾ ਹੈ। ਜਿਥੇ ਵਿਅਕਤੀਗਤ ਕਾਉਂਸਲਿੰਗ, ਗਰੁੱਪ ਕਾਉਂਸਲਿੰਗ, ਅਧਿਆਤਮਿਕ ਕਾਉਂਸਲਿੰਗ, ਪਰਿਵਾਰਿਕ ਕਾਉਂਸਲਿੰਗ, ਖੇਡਾਂ, ਕਸਰਤ ਆਦਿ ਕਰਵਾਈ ਜਾਂਦੀ ਹੈ। ਉਨ੍ਹਾਂ ਦਸਿਆ ਕਿ ਇਸ ਸੈਂਟਰ ਵਿੱਚ ਖੁਲਾ ਵਾਤਾਵਰਨ, ਆਰ.ਓ., ਜਨਰੇਟਰ, ਸੀ.ਸੀ.ਟੀ.ਵੀ., ਪੈਸਕੋ ਸਿਕਉਰਟੀ, ਜਿੰਮ ਆਦਿ ਦੀਆਂ ਸਹੂਲਤਾਂ ਹਨ। ਇਸ ਮੌਕੇ 'ਤੇ ਨਰਿੰਦਰ ਕੁਮਾਰ, ਵਰਿੰਦਰ ਸੈਣੀ, ਸਰਵਜੀਤ ਸਿੰਘ, ਰੁਪਿੰਦਰ ਕੌਰ, ਹਰਦੀਪ ਕੌਰ, ਆਰਤੀ ਸ਼ਰਮਾ, ਅੱਛਰ ਸਿੰਘ ਆਦਿ ਹਾਜ਼ਰ ਸਨ।

# ਬੀ ਏ ਤੇ ਬੀ ਐੱਸ ਸੀ ਫੈਸ਼ਨ ਡਿਜਾਇਨਿੰਗ ਦਾ ਨਤੀਜਾ ਸ਼ਾਨਦਾਰ ਰਿਹਾ



**ਮਾਹਿਲਪੁਰ, (ਸਫਰੀ)** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ 'ਚ ਚੱਲਦੇ ਵੱਖ ਵੱਖ ਕੋਰਸਾਂ ਦੇ ਨਤੀਜੇ ਵਿੱਚ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਬੀ ਏ ਕੋਰਸ ਦੇ ਛੇਵੇਂ ਸਮੈਸਟਰ ਦੇ ਨਤੀਜੇ 'ਚ ਵਿਦਿਆਰਥਣ ਏਜਲ ਨੇ 80 ਫੀਸਦੀ ਅੰਕਾਂ ਨਾਲ ਪਹਿਲਾ, ਸੁਖਵਿੰਦਰ ਕੌਰ ਨੇ 78.4 ਫੀਸਦੀ ਅੰਕਾਂ ਨਾਲ ਦੂਜਾ ਅਤੇ ਅਰਪਣਾ ਸਿੰਘ ਨੇ 77.6 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਬੀ ਐੱਸ ਸੀ ਫੈਸ਼ਨ ਡਿਜਾਇਨਿੰਗ ਕੋਰਸ ਦੇ ਸਮੈਸਟਰ ਛੇਵਾਂ ਦੇ ਨਤੀਜੇ 'ਚ ਵਿਦਿਆਰਥਣ ਮਨਪ੍ਰੀਤ ਕੌਰ ਨੇ 93.1 ਫੀਸਦੀ ਅੰਕਾਂ ਨਾਲ ਪਹਿਲਾ, ਮਨੀਸ਼ਾ ਰਾਣੀ ਨੇ 92.5 ਫੀਸਦੀ ਅੰਕਾਂ ਨਾਲ ਦੂਜਾ ਅਤੇ ਰਮਨਦੀਪ ਕੌਰ ਨੇ 91.7 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਉੱਪ ਪ੍ਰਿੰਸੀਪਲ ਅਰਾਧਨਾ ਦੁੱਗਲ ਸਮੇਤ ਸਮੂਹ ਸਟਾਫ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਵਣ ਮਹਾਉਤਸਵ ਦੌਰਾਨ ਲਗਾਏ ਗਏ ਡੇਢ ਲੱਖ ਪੌਦੇ



**ਹੁਸ਼ਿਆਰਪੁਰ, : (ਓ ਪੀ ਰਾਣਾ, ਬਲਬੀਰ ਸਿੰਘ ਸੈਣੀ )**-ਵਣ ਮਹਾਉਤਸਵ ਦੌਰਾਨ ਪੂਰੇ ਜ਼ਿਲ੍ਹੇ ਵਿੱਚ ਵਣ ਵਿਭਾਗ ਦੇ ਨਾਲ-ਨਾਲ ਵੱਖ-ਵੱਖ ਵਿਭਾਗਾ ਵੱਲੋਂ ਪੌਦੇ ਲਗਾਏ ਗਏ। ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਵੱਲੋਂ ਜ਼ਿਲ੍ਹਾ ਪੱਧਰੀ ਵਣ ਮਹਾਉਤਸਵ ਦੀ ਸ਼ੁਰੂਆਤ ਹੁਸ਼ਿਆਰਪੁਰ ਦੇ ਪਿੰਡ ਚੌਹਾਲ ਅਤੇ ਡਾਡਾ ਵਿਚ ਪੌਦਾ ਲਗਾ ਕੇ ਕੀਤੀ ਗਈ। ਇਸ ਤੋਂ ਇਲਾਵਾ ਗੜ੍ਹਸ਼ੰਕਰ 'ਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੌੜੀ, ਉੜਮੁੜ ਵਿਧਾਨ ਸਭਾ ਹਲਕੇ ਵਿਚ ਵਿਧਾਇਕ ਜਸਵੀਰ ਸਿੰਘ ਗਿੱਲ, ਦਸੂਹਾ ਵਿਧਾਨ ਸਭਾ ਹਲਕੇ ਵਿਚ ਵਿਧਾਇਕ ਕਰਮਬੀਰ ਸਿੰਘ ਘੁੰਮਣ ਅਤੇ ਮੁਕੇਰੀਆਂ ਵਿੱਚ ਵਿਧਾਨ ਸਭਾ ਇੰਚਾਰਜ ਜੀ ਐਸ ਮੁਲਤਾਨੀ ਨੇ ਵੀ ਵੱਖ-ਵੱਖ ਥਾਵਾਂ 'ਤੇ ਜਾ ਕੇ ਪੌਦੇ ਲਗਾਏ ਅਤੇ ਵਣ ਮਹਾਂਉਤਸਵ ਦੀ ਸ਼ੁਰੂਆਤ ਕੀਤੀ। ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਪੌਦਾ ਲਗਾਉਣ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੌਦੇ ਸਾਡੀ ਲਾਈਫ ਲਾਈਨ ਹਨ ਅਤੇ ਇਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਸੰਭਵ ਨਹੀਂ ਹੈ। ਉਨ੍ਹਾਂ ਦੱਸਿਆ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਪੂਰੇ ਜ਼ਿਲ੍ਹੇ ਵਿਚ ਵਣ ਮਹਾਂਉਤਸਵ ਦੌਰਾਨ ਇਕ ਦਿਨ ਵਿਚ ਕਰੀਬ ਡੇਢ ਲੱਖ ਪੌਦੇ ਲਗਾਏ ਜਾ ਰਹੇ ਹਨ, ਜੋ ਕਿ ਸਾਡੇ ਵਾਤਾਵਰਣ ਦੇ ਲਿਹਾਜ਼ ਨਾਲ ਬਹੁਤ ਹੀ ਪ੍ਰਸ਼ੰਸਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਉਪਰਾਲੇ ਨਾਲ ਲੋਕਾਂ ਵਿਚ ਵੀ ਪੌਦੇ ਲਗਾਉਣ ਨੂੰ ਲੈ ਕੇ ਹੋਰ ਜਾਗਰੂਕਤਾ ਪੈਦਾ ਹੋਵੇਗੀ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਵਣਪਾਲ ਨਾਰਥ ਸਰਕਲ ਹੁਸ਼ਿਆਰਪੁਰ ਡਾ. ਸੰਜੀਵ ਕੁਮਾਰ ਤਿਵਾੜੀ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬਲਰਾਜ ਸਿੰਘ ਵੀ ਮੌਜੂਦ ਸਨ।

ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਰੌੜੀ ਨੇ ਕਿਹਾ ਕਿ ਜ਼ਿਲ੍ਹੇ ਭਰ ਵਿਚ ਪੌਦੇ ਲਗਾਉਣ ਦੀ ਮੁਹਿੰਮ ਦੇ ਉਦੇਸ਼ ਨਾਲ ਜਿਥੇ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਹੈ, ਉਥੇ ਲੋਕਾਂ ਨੂੰ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕ ਵੀ ਕਰਨਾ ਹੈ। ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ ਅਤੇ ਮੁਕੇਰੀਆਂ ਵਿਧਾਨ ਸਭਾ ਇੰਚਾਰਜ ਜੀ.ਐਸ. ਮੁਲਤਾਨੀ ਨੇ ਵੀ ਪੌਦੇ ਲਗਾਉਣ ਦੌਰਾਨ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਤਨ-ਮਨ ਤੋਂ ਯਤਨ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਸਾਨੂੰ ਆਪਣੀਆਂ ਆਉਣ ਵਾਲੀ ਪੀੜ੍ਹੀਆਂ ਨੂੰ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਣ ਦੇ ਸਕਨ।

# ਸੁੰਨੜ ਕਲਾਂ ਦੇ ਬੀ ਐੱਸ ਐੱਨ ਐੱਲ ਟਾਵਰ ਦੀ ਰੇਂਜ ਹੋ ਜਾਂਦੀ ਹੈ ਫੁਰਰ : ਬਾਲੀ



**ਨੂਰਮਹਿਲ (ਪੱਤਰ ਪ੍ਰੇਰਕ)** ਇੱਥੋਂ ਨਜਦੀਕ ਪਿੰਡ ਸੁੰਨੜ ਕਲਾਂ ਦੇ ਬੀ ਐਸ ਐਨ ਐਲ ਦੇ ਟਾਵਰ ਦੀ ਰੇਂਜ ਹੋ ਜਾਂਦੀ ਹੈ ਫੁਰਰ। ਜਾਣਕਾਰੀ ਦਿੰਦੇ ਹੋਏ ਉੱਘੇ ਸਮਾਜ ਸੇਵਕ ਕਾਮਰੇਡ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੇ ਦੱਸਿਆ ਕਿ ਪਿੰਡ ਸੁੰਨੜ ਕਲਾਂ ਵਿਖੇ ਪਿਛਲੇ ਲੰਮੇ ਸਮੇਂ ਤੋਂ ਬੀ ਐਸ ਐਨ ਐਲ ਦਾ ਟਾਵਰ ਲੱਗਾ ਹੋਇਆ ਹੈ। ਅਤੇ ਆਸ ਪਾਸ ਦੇ ਕਈ ਪਿੰਡਾਂ ਦੇ ਲੋਕਾਂ ਨੇ ਬੀ ਐਸ ਐਨ ਐਲ ਦੀਆਂ ਸਿੰਮਾ ਲਈਆ ਹਨ। ਪਰ ਇੱਥੇ ਦੇਖਣ ਵਾਲੀ ਤੇ ਸੋਚਣ ਵਾਲੀ ਗੱਲ ਇਹ ਹੈ ਕਿ ਜਦੋਂ ਪਿੰਡ ਵਿੱਚ ਬਿਜਲੀ ਦਾ ਕੱਟ ਲੱਗ ਜਾਂਦਾ ਹੈ ਤਾਂ ਇਹ ਸਿੰਮਾ ਦੇ ਨੈੱਟਵਰਕ ਬਿਲਕੁੱਲ ਬੰਦ ਹੋ ਜਾਂਦੇ ਹਨ। ਲੋਕਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਵੀ ਪਤਾ ਲੱਗਾ ਹੈ ਕਿ ਕਈ ਵਾਰੀ ਤਾਂ ਸਾਡੇ ਰਿਸ਼ਤੇਦਾਰਾਂ ਦੇ ਦੇਸ਼ ਵਿਦੇਸ਼ ਵਿੱਚੋਂ ਫੋਨ ਆਉਂਦੇ ਹਨ, ਪਰ ਬਿਜਲੀ ਦਾ ਕੱਟ ਲੱਗਣ ਕਾਰਨ ਅਤੇ ਇਸ ਟਾਵਰ ਦਾ ਬਿਜਲੀ ਦਾ ਤਾਲ ਮੇਲ ਟੁੱਟਣ ਕਾਰਨ ਬੀ ਐਸ ਐਨ ਐਲ ਦੇ ਖੱਪਤਕਾਰਾਂ ਨੂੰ ਕਈ ਕਈ ਘੰਟੇ ਬੱਤੀ ਆਉਣ ਤੱਕ ਦਾ ਇੰਤਜਾਰ ਕਰਨਾ ਪੈਂਦਾ ਹੈ। ਨੈੱਟਵਰਕ ਨਾ ਹੋਣ ਕਰਕੇ ਵੀ ਆਪਣੇ ਮੋਬਾਇਲਾ 'ਤੇ ਨਿਊਜ਼ ਆਦਿ ਬਗੈਰਾ ਦੇਖਣ ਦੀਆਂ ਸਮੱਸਿਆਂਵਾਂ ਆਉਂਦੀਆਂ ਰਹਿੰਦੀਆਂ ਹਨ।

ਇਹ ਸਮੱਸਿਆ ਪਿਛਲੇ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ। ਕਾਮਰੇਡ ਬਾਲੀ ਨੇ ਬੀ ਐਸ ਐਨ ਐਲ ਦੇ ਉੱਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਹੈ ਕਿ ਪਿੰਡ ਸੁੰਨੜ ਕਲਾਂ ਦੇ ਬੀ ਐਸ ਐਨ ਐਲ ਦੇ ਲੱਗੇ ਟਾਵਰ ਵੱਲ ਧਿਆਨ ਦੇ ਕੇ ਆਪਣੇ ਖੱਪਤਕਾਰਾਂ ਨੂੰ ਪੂਰੀ ਪੂਰੀ ਸਹੂਲਤ ਦਿੱਤੀ ਜਾਵੇ।।

# ਸਾਉਣ ਮਹੀਨੇ ਨੂੰ ਸਮਰਪਿਤ ਲੰਗਰ ਲਾਇਆ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਲਾਇਨਜ਼ ਕਲੱਬ ਫਗਵਾੜਾ ਸਰਵਿਸ ਵੱਲੋਂ ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ ਮੋਹਨ ਸਕੈਨਿੰਗ ਸੈਂਟਰ ਨੇੜੇ ਸਾਉਣ ਦੇ ਪਵਿੱਤਰ ਮਹੀਨੇ ਨੂੰ ਸਮਰਪਿਤ ਲੰਗਰ ਲਗਾਇਆ ਗਿਆ। ਕਲੱਬ ਦੇ ਪ੍ਰਧਾਨ ਲਾਇਨ ਵਿਪਨ ਹਾਂਡਾ ਦੀ ਅਗਵਾਈ ਹੇਠ ਲਗਾਏ ਗਏ ਲੰਗਰ ਦੌਰਾਨ ਸੈਂਕੜੇ ਲੋਕਾਂ ਨੇ ਲੰਗਰ ਪ੍ਰਸ਼ਾਦਾ ਛਕਿਆ। ਉਹਨਾਂ ਦੱਸਿਆ ਕਿ ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਬ੍ਰਿਜ ਜੋਸ਼ੀ ਸਨ ਜਿਹਨਾਂ ਨੇ ਆਪਣੇ ਸਪੁੱਤਰ ਆਸ਼ੂ ਜੋਸ਼ੀ ਦੇ ਜਨਮ ਦਿਨ ਦੀ ਖੁਸ਼ੀ 'ਚ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ 'ਚ ਵਡਮੁੱਲਾ ਸਹਿਯੋਗ ਦਿੱਤਾ। ਲਾਇਨ ਹਾਂਡਾ ਅਨੁਸਾਰ ਉਨ੍ਹਾਂ ਦੀ ਸੰਸਥਾ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹੈ। ਲਾਇਨਜ਼ ਇੰਟਰਨੈਸ਼ਨਲ ਦੀਆਂ ਸਾਲਾਨਾ ਗਤੀਵਿਧੀਆਂ ਵਿੱਚ ਫੂਡ ਫਾਰ ਹੰਗਰ ਵਿਸ਼ੇਸ਼ ਮਹੱਤਵ ਰੱਖਦੀ ਹੈ। ਕਲੱਬ ਦਾ ਇਹ ਪ੍ਰੋਜੈਕਟ ਇਸੇ ਐਕਟੀਵਿਟੀ ਤਹਿਤ ਕਰਵਾਇਆ ਗਿਆ ਹੈ। ਭਵਿੱਖ 'ਚ ਵੀ ਅਜਿਹੀਆਂ ਗਤੀਵਿਧੀਆਂ ਜਾਰੀ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਬਰਸਾਤ ਦੇ ਮੌਸਮ ਦੇ ਮੱਦੇਨਜ਼ਰ ਵਾਤਾਵਰਣ ਦੀ ਸੰਭਾਲ ਦੇ ਮਕਸਦ ਨਾਲ ਬੂਟੇ ਲਗਾਉਣ ਦਾ ਪ੍ਰੋਜੈਕਟ ਵੀ ਕੀਤਾ ਜਾਵੇਗਾ। ਇਸ ਮੌਕੇ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ, ਲਾਇਨ ਨਰੇਸ਼ ਚਾਵਲਾ, ਰਾਜਨ ਧਵਨ, ਅਜੈ ਭਗਤ, ਕੁਲਵੰਤ ਸਿੰਘ, ਕੰਡਾ ਸਾਹਿਬ, ਸੁਨੀਲ ਬੇਦੀ, ਮੋਨੂੰ ਸਰਵਟੇ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਰਬੜ ਇੰਡਸਟਰੀ ਵੱਲੋਂ ਕੇਂਦਰ ਸਰਕਾਰ ਦਾ ਤਿੱਖਾ ਵਿਰੋਧ




ਜਲੰਧਰ (ਸੁਰਿੰਦਰ ਕੁਮਾਰ) ਸਥਾਨਕ ਜਲੰਧਰ ਵਿੱਚ ਰਬੜ ਦੀਆ ਫੈਕਟਰੀਆਂ ਰਾਹੀਂ ਚੱਪਲ ਬਣਾਉਣ ਦਾ ਕੰਮ ਕਰਨ ਵਾਲੇ ਉਦਯੋਗ ਪਤੀਆ ਨੇ ਕੇਂਦਰ ਸਰਕਾਰ ਵੱਲੋਂ ਜਬਰਦਸਤੀ ਛੋਟੇ ਛੋਟੇ ਚੱਪਲ ਦੇ ਕਾਰਖਾਨਿਆ ਨੂੰ ਚਲਾਉਣਵਾਲੇ ਕਾਰਖਾਨੇ ਦੇ ਮਾਲਕਾਂ ਨੂੰ ਇੰਡੀਆਨ ਬਿਊਰੋ ਆਫ ਸਟੈਂਡਰਡ ਮਾਰਕਾਂ ਲਾਗੂ ਕਰਨ ਲਈ ਜਾਰੀ ਕੀਤੇ ਹੁਕਮਾਂ ਤੋ ਬਾਆਦ ਜਲੰਧਰ ਵਿੱਚ ਚੱਲ ਰਹੀਆਂ ਰਬੜ ਦੀਆਂ ਫੈਕਟਰੀਆ ਜਿਨ੍ਹਾਂ ਵਿੱਚ ਰਬੜ ਦੀਆਂ ਚੱਪਲਾਂ ਬਣਦੀਆਂ ਹਨ ਵਿਚ ਵੱਡੇ ਪੱਧਰ 'ਤੇ ਖ਼ਲਬਲੀ ਮੱਚ ਗਈ ਹੈ। ਜਿਸ ਨੂੰ ਲੈ ਕੇ ਜਲੰਧਰ ਦੇ ਸਾਰੇ ਰਬੜ ਦੀ ਚੱਪਲਾਂ ਬਣਾਉਣ ਵਾਲੇ ਉਦਯੋਗਪਤੀਆ ਨੇ ਪ੍ਰੈਸ ਕੰਨਫਰੰਸ ਕਰਕੇ ਕੇਂਦਰੀ ਦੀ ਭਾਜਪਾ ਸਰਕਾਰ ਵੱਲੋਂ ਬੀ ਆਈ ਐਸ ਲਾਗੂ ਕਰਨ ਦੀ ਦਿੱਤੇ ਹੁਕਮਾਂ ਦਾ ਤਿੱਖਾਂ ਵਿਰੋਧ ਕੀਤਾ। ਇਸ ਸੰਬੰਧ 'ਚ ਰਬੜ ਫੁੱਟਵੀਆਰ ਮੈਨੂੰਫੈਕਚਰ ਐਸੋਸੇਇਸ਼ੇਨ ਦੇ ਮੈਬਰਾਂ ਨੇ ਆਪਣੇ ਚੈਐਰਮੈਨ ਬੀ ਬੀ ਜੋਤਿ ਪ੍ਰਧਾਨ ਨੀਰਜ ਅਰੋੜਾ ਸਕੱਤਰ ਕਪਿਲ ਪੰਛੀ ਉਪ ਪ੍ਰਧਾਨ ਦਵਿੰਦਰ ਘਈ ਮਾਨਿਕ ਗੁਲਾਟੀ ਰਮਨ ਜੁਲਕਾਂ ਹਰੀਸ਼ ਕੁਮਾਰ ਮਨੋਹਰ ਅਗਰਵਾਲ ਅਨੀਸ਼ ਅਗਰਵਾਲ ਰਜਿੰਦਰ ਆਰੋੜਾ ਸ਼ਿਵ ਜੁਲਕਾਂ ਇੰਦਰ ਪ੍ਰੀਤ ਭੱਲਾਂ ਅਜੈ ਜੈਂਨ ਗੌਰਵ ਅਗਰਵਾਲ ਫਾਈਨਾਸ਼ੀਆਲ ਸਕੈਟਰੀ ਅਮਿਤ ਚੱਡਾਂ ਸਲਾਹਕਾਰ ਰਾਜ ਕੁਮਾਰ ਮੋਹਿੰਦਰ ਪਾਲ ਜੁਲਕਾਂ ਐਮ ਪੀ ਐਸ ਬਿਨਾਕਾਂ ਕਸ਼ਮੀਰੀ ਲਾਲ ਵਿੱਜ ਨਿਤਿਨ ਮੰਗਾਂ ਨੇ ਕਿਹਾ ਕਿ ਕੇਂਦਰ ਦੀ ਬੀ ਜੇ ਪੀ ਦੀ ਸਰਕਾਰ ਸਿਰਫ ਵੱਡੇ ਵੱਡੇ ਉਦਯੋਗਪਤੀਆ ਨੂੰ ਲਾਹਾ ਦੇਣ ਦੇ ਇਰਾਦੇ ਨਾਲ ਹੁਣ ਸਮਾਲ ਸਕੇਲ ਇੰਡਸ਼ਟੀ ਤੇ ਵੱਡੀਆ ਕੰਪਨੀਆ ਦੀਆ ਸਾਰੀਆ ਸ਼ਰਤਾ ਲਾਗੂ ਕਰ ਰਹੀ ਹੈ। ਜਿਹੜੀਆ ਸ਼ਰਤਾ ਨੂੰ ਇਹ ਜਲੰਧਰ ਸਮੇਤ ਪੂਰੇ ਦੇਸ਼ ਦੇ ਛੋਟੇ ਛੋਟੇ ਉਦਯੋਗ ਕਦੀ ਵੀ ਪੂਰਾ ਨਹੀਂ ਕਰ ਸਕਦੇ। ਜਿਸ ਵਿੱਚ ਜਿਸ ਫੈਕਟਰੀ ਦੀ ਸੇਲ ਪੰਜ ਕਰੋੜ ਤੋਂ ਵੱਧ ਹੈ ਉਸ ਨੂੰ ਬੀ ਆਈ ਐਸ ਲਾਗੂ ਕਰਨ ਹੀ ਪਏਗਾ। ਪਹਿਲਾ ਇਹ ਸ਼ਰਤ 50 ਕਰੋੜ ਦੀ ਟਰਨ ਉਵਰ 'ਤੇ ਲਾਗੂ ਕੀਤੀ ਸੀ। ਇਸ ਦੇ ਨਾਲ ਹੀ ਕੇਂਦਰ ਦੀ ਸਰਕਾਰ ਨੇ ਹੁਣ ਇਹ ਫਰਮਾਨ ਵੀ ਜਾਰੀ ਕਰ ਦਿੱਤਾ ਕਿ ਮਾਮੂਲੀ ਤੀਹ ਰੁਪਏ ਦੀ ਕੀਮਤ ਤੱਕ ਦੀ ਜਿਹੜੀ ਚੱਪਲ ਤਿਆਰ ਹੋਵੇਗੀ ਉਹ ਵੀ ਬੀ ਆਈ ਐਸ ਮਾਨਕ ਤਹਿਤ ਹੀ ਆਏਗੀ। ਜਿਸ ਕਰਕੇ ਇਹ ਜਲੰਧਰ ਵਿੱਚ ਲੱਗੇ ਛੋਟੇ ਸਮਾਲ ਸਕੇਲ ਯੂਨਿਟਾਂ ਦੇ ਮਾਲਕ ਲਈ ਬੀ ਆਈ ਐਸ ਮਾਨਕਾ ਨੂੰ ਲਾਗੂ ਕਰਨ ਕੋਈ ਅਸਾਨ ਕੰਮ ਨਹੀਂ ਹੈ ਕਿਉਂਕਿ ਬੀ ਆਈ ਐਸ ਮਾਨਕ ਲਾਗੂ ਕਰਨ ਲਈ ਰਬੜ ਉਦਯੋਗਪਤੀਆਂ ਨੂੰ ਆਪਣੀਆ ਫੈਕਟਰੀਆਂ 'ਚ ਲੈਬੋਰਟਰੀਆਂ ਬਣਾਉਣੀਆਂ ਪੈਣ ਗਈਆ ਇਸ ਲਈ ਅਲੱਗ ਤੋਂ ਸਟਾਫ ਰੱਖਣਾ ਪਏਗਾ। ਬੀ ਆਈ ਐਸ ਮਾਨਕਾ ਤਹਿਤ ਚੱਪਲਾ ਬਣਾਉਣ ਲਈ 64 ਮਹਿੰਗੇ ਕੈਮੀਕਲਾਂ ਦਾ ਇਸਤੇਮਾਲ ਕਰਨਾ ਪਏਗਾ। ਜਿਸ ਨਾਲ ਤੀਹ ਰਪਏ ਦੀ ਕੀਮਤਵਾਲੀ ਚੱਪਲ ਦੀ ਕੀਮਤ ਤਿੰਨ ਸੌ ਗੁਣਾ ਵੱਧ ਜਾਵੇਗੀ। ਐਸੋਸੇਇਸ਼ੇਨ ਦੇ ਆਹੁਦੇਦਾਰਾਂ ਨੇ ਕਿਹਾ ਕਿ ਕੇਂਦਰੀ ਸਰਕਾਰ ਤਿੰਨ ਸੌ ਰੁਪਏ ਦੀ ਕੀਮਤ ਵੱਧ ਦੀਆਂ ਚੱਪਲਾਂ ਬਣਾਉਣਵਾਲੇ ਉਦਯੋਗਾ ਤੇ ਇਹ ਬੀ ਆਈ ਐਸ ਮਾਨਕ ਲਾਗੂ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਕਿਹਾ ਕਿ ਪਹਿਲਾ ਹੀ ਚੱਪਲਾ 'ਤੇ 12 ਪ੍ਰਤੀਸ਼ਤ ਜੀ ਐਸ ਟੀ ਲਾਗੂ ਹੋਣ ਨਾਲ ਇਹ ਕਾਰੋਬਾਰ ਬੰਦ ਹੋਣ ਦੇ ਕਿਨਾਰੇ ਹੈ। ਚੈਆਰਮੈਨ ਬੀ ਬੀ ਜੋਤੀ ਪ੍ਰਧਾਨ ਨੀਰਜ ਆਰੋੜਾ ਨੇ ਕਿਹਾ ਕਿ

## ਭਗਵੰਤ ਮਾਨ ਅੱਜ 72 ਸਕੂਲ ਪ੍ਰਿੰਸੀਪਲਾਂ ਨੂੰ ਟ੍ਰੇਨਿੰਗ ਹਿੱਤ ਸਿੰਘਾਪੁਰ ਲਈ ਕਰਨਗੇ ਰਵਾਨਾ: ਬੈਂਸ

**ਚੰਡੀਗੜ੍ਹ, ( ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਮਾਨ ਸਰਕਾਰੀ ਸਕੂਲਾਂ ਦੇ 72 ਪ੍ਰਿੰਸੀਪਲਾਂ ਦੇ ਤੀਜੇ ਅਤੇ ਚੌਥੇ ਬੈਚ ਨੂੰ ਸਿੰਘਾਪੁਰ ਦੇ ਪ੍ਰਿੰਸੀਪਲਜ਼ ਅਕੈਡਮੀ ਵਿਖੇ ਟਰੇਨਿੰਗ ਹਾਸਲ ਕਰਨ ਲਈ 22 ਜੁਲਾਈ ਨੂੰ ਰਵਾਨਾ ਕਰਨਗੇ। ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਦੇ 66 ਪ੍ਰਿੰਸੀਪਲ ਪਹਿਲਾਂ ਹੀ 2 ਬੈਚਾਂ ਵਿੱਚ ਇਹ ਟਰੇਨਿੰਗ ਹਾਸਲ ਕਰ ਚੁੱਕੇ ਹਨ ਅਤੇ ਹੁਣ ਤੀਸਰੇ ਅਤੇ ਚੌਥੇ ਬੈਚ ਦੇ 72 ਪ੍ਰਿੰਸੀਪਲਾਂ ਨੂੰ ਸਿੰਘਾਪੁਰ ਵਿਖੇ ਟਰੇਨਿੰਗ ਹਾਸਲ ਕਰਨ ਲਈ ਭੇਜਿਆ ਜਾ ਰਿਹਾ ਹੈ। ਬੈਂਸ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲ ਸਿੱਖਿਆ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਕਈ ਉਪਰਾਲੇ ਕੀਤੇ ਜਾ ਰਹੇ ਹਨ ਜਿੰਨ੍ਹਾਂ ਵਿੱਚੋਂ ਇੱਕ ਪ੍ਰਿੰਸੀਪਲਾਂ ਨੂੰ ਦੁਨੀਆਂ ਦੀ ਨਾਮੀ ਸੰਸਥਾ ਤੋਂ ਟਰੇਨਿੰਗ ਦਿਵਾਉਣ ਵੀ ਹੈ।

ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਦੋ ਬੈਚ ਸਿੰਘਾਪੁਰ ਜਾ ਚੁੱਕੇ ਹਨ ਅਤੇ ਭਵਿੱਖ ਵਿੱਚ ਦੋ ਬੈਚ ਹੋਰ ਭੇਜਣ ਦੀ ਵੀ ਤਜਵੀਜ਼ ਹੈ।

# ਡਾ. ਜਸਪਾਲ ਸਿੰਘ ਨੇ ਸਮਾਰਟ ਡੈਂਟਲ ਕਲੀਨਿਕ ਦਾ ਕੀਤਾ ਉਦਘਾਟਨ



**ਅੱਡਾ ਸਰਾਂ (ਜਸਵੀਰ ਕਾਜਲ)**- ਗੜ੍ਹਦੀਵਾਲਾ ਵਿਖੇ ਉਘੇ ਸਮਾਜ ਸੇਵਕ ਅਤੇ ਬਸਪਾ ਦੇ ਹਲਕਾ ਪ੍ਰਧਾਨ ਡਾ. ਜਸਪਾਲ ਸਿੰਘ ਦੇ ਪੁੱਤਰ ਦੇ ਡੈਂਟਲ ਡਾ. ਅਮਨਿੰਦਰ ਸਿੰਘ ਵੱਲੋਂ ਦੰਦਾਂ ਦੇ ਰੋਗਾਂ ਨੂੰ ਠੀਕ ਕਰਨ ਦੀ ਮੁਹਾਰਤ ਹਾਸਿਲ ਕਰਨ ਤੋਂ ਬਾਅਦ ਸਮਾਰਟ ਡੈਂਟਲ ਕਲੀਨਿਕ ਦਾ ਆਰੰਭ ਕੀਤਾ ਗਿਆ। ਜਿਸਦੇ ਉਦਘਾਟਨ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਉਘੇ ਸਮਾਜ ਸੇਵਕ ਅਤੇ ਹਲਕਾ ਪ੍ਰਧਾਨ ਡਾ. ਜਸਪਾਲ ਸਿੰਘ ਵੱਲੋਂ ਕਲੀਨਿਕ ਦਾ ਰਿਬਨ ਕੱਟ ਕੇ ਉਦਘਾਟਨ ਕੀਤਾ ਗਿਆ। ਇਸ ਮੌਕੇ ਦੰਦਾਂ ਦੀਆਂ ਬਿਮਾਰੀਆਂ ਦੇ ਮਾਹਰ ਡਾ. ਅਮਨਿੰਦਰ ਸਿੰਘ ਨੇ ਦੱਸਿਆ ਕਿ ਇਸ ਕਲੀਨਿਕ ਵਿਚ ਆਧੁਨਿਕ ਤਕਨੀਕ ਵਾਲੀਆਂ ਸਹੂਲਤਾਂ ਉਪਲੱਬਧ ਹਨ, ਹਰ ਮਹਿਨੇ ਦੇ ਪਹਿਲੇ ਵੀਰਵਾਰ ਨੂੰ ਮੁਫਤ ਚੈੱਕਅਪ ਕੀਤਾ ਜਾਇਆ ਕਰੇਗਾ। ਤਿੰਨ ਅਗਸਤ ਰ ਨੂੰ 10 ਵਜੇ ਤੋਂ 1 ਵਜੇ ਤੱਕ ਮੁਫਤ ਚੈੱਕਅਪ ਅਰੰਭ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦੰਦਾਂ ਦੀਆਂ ਬਿਮਾਰੀਆਂ ਜਿਵੇਂ ਕੀੜਾ ਲੱਗਣਾ, ਮਸੂੜਿਆਂ ਦੇ ਰੋਗ,ਦੰਦਾਂ ਦਾ ਬਾਹਰ ਆਉਣਾ,ਦੰਦਾਂ ਦਾ ਟੇਢੇ ਹੋਣਾ, ਕੇਵੇਟੀਜ ਆਦਿ ਵੱਖ ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਇਸ ਮੌਕੇ ਡਾ. ਰੌਸ਼ਨ ਲਾਲ,ਡਾ. ਮੋਹਨ ਲਾਲ ਥੰਮਨ,ਡਾ. ਦੀਦਾਰ ਸਿੰਘ,ਡਾ. ਸੁਖਵਿੰਦਰ ਸਿੰਘ ਬਾਹਗਾ,ਡਾ. ਸੰਜੀਵ ਕੁਮਾਰ ਸਰਮਾ,ਡਾ. ਵਿਜੈ ਕੁਮਾਰ, ਡਾ. ਅਮਨਦੀਪ ਸਿੰਘ,ਕੁਲਦੀਪ ਸਿੰਘ ਬਿੱਟੂ,ਜਸਵਿੰਦਰ ਸਿੰਘ ਦੁੱਗਲ,ਮਨਜੀਤ ਸਿੰਘ ਸਹੋਤਾ, ਰਤਨ ਕੁਮਾਰ,ਕੁਲਦੀਪ ਸਿੰਘ ਮਿੰਟੂ, ਲੰਬੜਦਾਰ ਮਾਸਟਰ ਰਸਪਾਲ ਸਿੰਘ,ਸਰਬਜੀਤ ਬਸੋਆ,ਚਮਨ ਲਾਲ ਤੱਖੀ,ਕਸਮੀਰ ਸਿੰਘ,ਐਡਵੋਕੇਟ ਪਰਮਿੰਦਰ ਸਿੰਘ, ਡਾ. ਪਰਮਜੀਤ ਸਿੰਘ, ਲੈਕ. ਨਵਤੇਜ ਸਿੰਘ,ਹਰਪਾਲ ਸਿੰਘ ਭੱਟੀ,ਪੁਸ਼ਪ ਭਾਰਗਵ,ਮਾਸਟਰ ਬਲਵੀਰ ਸਿੰਘ, ਮਾਸਟਰ ਗੁਰਮੁਖ ਸਿੰਘ,ਸਾਬਕਾ ਐਮ ਸੀ ਗੁਰਦੀਪ ਸਿੰਘ, ਮੋਹਨ ਧੁੱਗਾ ਆਦਿ ਹਾਜ਼ਰ ਸਨ।

# ਧਰਮ ਪਾਲ ਪੈਂਥਰ ਦਾ ਸਨਮਾਨ



**ਫਗਵਾੜਾ (ਡਾ.ਰਮਨ, ਜਗਵਿੰਦਰ ਢੱਡਾ)** ਡਾ. ਬੀ ਆਰ ਅੰਬੇਡਕਰ ਲਾਇਬਰੇਰੀ ਪਿੰਡ ਖੋਜੇਵਾਲ ਵੱਲੋਂ ਇਲਾਕੇ ਦੀ ਸਮਾਜਸੇਵੀ ਸੰਸਥਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲਾਇਬ੍ਰੇਰੀ ਦੇ ਸੰਚਾਲਕ ਅਤੇ ਸੋਸਾਇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਕੱਟੜਾ ਨੇ ਕਿਹਾ ਕੇ ਧਰਮ ਪਾਲ ਪੈਂਥਰ ਨੇ ਬਾਬਾ ਸਾਹਿਬ ਦੀ ਮੂਵਮੈਂਟ ਨੂੰ ਇਲਾਕੇ ਵਿਚ ਬਹੁਤ ਵੱਡੇ ਪੱਧਰ 'ਤੇ ਪ੍ਰਚਾਰ ਪ੍ਰਸਾਰ ਕੀਤਾ। ਸਮਾਜ ਵਿਚ ਜਾਗਰੂਕਤਾ ਲਿਆਉਣ ਅਤੇ ਬੌਧਿਕ ਪੱਧਰ 'ਤੇ ਮਜਬੂਤ ਬਣਾਉਣ ਲਈ ਮਿਸ਼ਨਰੀ ਪੁਸਤਕਾਂ ਲਿਖ ਕੇ ਆਪਣਾ ਵੱਡਮੁਲਾ ਯੋਗਦਾਨ ਪਾ ਰਹੇ ਹਨ। ਸੋਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਦੀ ਅਗਵਾਈ ਹੇਠ ਡਾ. ਅੰਬੇਡਕਰ ਸੋਸਾਇਟੀ ਲੋੜਵੰਦਾਂ ਦੀ ਤਨ-ਮਨ-ਧਨ ਨਾਲ ਸਹਾਇਤਾ ਕਰ ਰਹੀ ਹੈ। ਖੋਜੇਵਾਲ ਵਿਖੇ ਲਾਇਬਰੇਰੀ ਖੋਲ੍ਹਣ ਵਿਚ ਧਰਮ ਪਾਲ ਪੈਂਥਰ ਨੇ ਅਹਿਮ ਭੂਮਿਕਾ ਨਿਭਾਈ। ਪੈਂਥਰ ਨੂੰ ਸਨਮਾਨ ਕਰਨਾ ਡਾ. ਬੀ. ਆਰ ਅੰਬੇਡਕਰ ਲਾਇਬਰੇਰੀ ਪਿੰਡ ਖੋਜੇਵਾਲ ਮਾਣ ਮਹਿਸੂਸ ਕਰ ਰਹੀ ਹੈ। ਆਪਣੇ ਸਨਮਾਨ ਸਮਾਰੋਹ ਤੇ ਬੋਲਦੇ ਹੋਏ ਧਰਮ ਪਾਲ ਪੈਂਥਰ ਨੇ ਕਿਹਾ ਕਿ ਬਾਬਾ ਸਾਹਿਬ ਦੇ ਸ਼ਬਦਾਂ ਦੇ ਅਨੁਸਾਰ ਸਮਾਜ ਸੇਵਾ ਦਾ ਕਾਰਜ ਬਹੁਤ ਹੀ ਕਠਿਨ ਕਾਰਜ ਹੈ। ਇਸ ਵਿਚ ਇਨਸਾਨ ਨੂੰ ਆਪਣੇ ਸਨਮਾਨ ਅਤੇ ਅਪਮਾਨ ਦੀ ਬਹੁਤ ਚਿੰਤਾ ਨਹੀਂ ਕਰਨੀ ਚਾਹੀਦੀ। ਆਪਣੇ ਗਰੀਬ ਸਮਾਜ ਦੀ ਸੇਵਾ ਲਈ ਨਿਰੰਤਰ ਯਤਨ ਜਾਰੀ ਰੱਖਣੇ ਚਾਹੀਦੇ ਹਨ। ਸੋਸਾਇਟੀ ਭਵਿੱਖ ਵਿਚ ਵੀ ਸਮਾਜਸੇਵਾ ਦੇ ਕਾਰਜ ਜਾਰੀ ਰੱਖੇਗੀ। ਉਨ੍ਹਾਂ ਨੇ ਲਾਇਬਰੇਰੀ ਨੂੰ ਆਰਥਿਕ ਸਹਿਯੋਗ ਅਤੇ ਆਪਣੀਆਂ ਪ੍ਰਕਸ਼ਿਤ ਪੁਸਤਕਾਂ ਅਤੇ ਬਾਬਾ ਸਾਹਿਬ ਜੀ ਦੇ ਜੀਵਨ ਤੇ ਮਿਸ਼ਨ ਸੰਬੰਧੀ ਪੁਸਤਕਾਂ ਵੀ ਲਾਇਬਰੇਰੀ ਨੂੰ ਭੇਟ ਕੀਤੀਆਂ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਲਾਇਬਰੇਰੀ ਦੇ ਸੰਚਾਲਕ ਜਸਵਿੰਦਰ ਸਿੰਘ ਕੱਟੜਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਬਾਬਾ ਸਾਹਿਬ ਦੇ ਮਿਸ਼ਨ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਭਵਿੱਖ 'ਚ ਵੀ ਸਮਾਜਸੇਵਾ ਲਈ ਤਾਲਮੇਲ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਰਕੇਸ਼ ਕੁਮਾਰ, ਲਵਪ੍ਰੀਤ ਸਿੰਘ ਕਰੜਾ, ਚਰਨਜੀਤ ਲੱਕੀ, ਲਾਇਬਰੇਰੀ ਇੰਚਾਰਜ ਪੂਨਮ ਅਤੇ ਕਿਰਨ ਬਾਲਾ ਆਦਿ ਹਾਜ਼ਰ ਸਨ।

## ਲਾਇਨਜ਼ ਕਲੱਬ ਟਾਂਡਾ ਗੌਰਵ ਦੀ ਟੀਮ ਨੇ ਸ਼ਿਮਲਾ ਪਹਾੜੀ ਪਾਰਕ 'ਚ ਬੂਟੇ ਲਗਾਏ




ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸਮਾਜ ਸੇਵੀ ਸੰਸਥਾ ਲਾਇਨਜ ਕਲੱਬ ਟਾਂਡਾ ਗੌਰਵ ਦੀ ਟੀਮ ਵੱਲੋਂ ਸ਼ਿਮਲਾ ਪਹਾੜੀ ਪਾਰਕ ਵਿਚ ਬੂਟੇ ਲਗਾ ਕੇ ਇਲਾਕੇ ਵਿੱਚ ਵਾਤਾਵਰਣ ਸੰਭਾਲ ਸੰਬੰਧੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜ਼ਿਲ੍ਹਾ ਗਵਰਨਰ ਲਾਇਨਜ਼ ਕਲੱਬ 321 ਡੀ. ਇੰਜੀਨੀਅਰ ਐਸ.ਪੀ. ਸੋਂਧੀ ਅਤੇ ਸਾਬਕਾ ਗਵਰਨਰ ਰਾਜੀਵ ਕੁਕਰੇਜਾ ਅਤੇ ਕਲੱਬ ਪ੍ਰਧਾਨ ਜਗਦੀਪ ਮਾਨ ਦੀ ਅਗਵਾਈ ਹੇਠ ਮੁੱਖ ਮਹਿਮਾਨ ਜ਼ਿਲਾ ਚੇਅਰਮੈਨ ਵਾਤਾਵਰਨ ਰਣਜੀਤ ਸਿੰਘ ਰਾਣਾ ਨੇ ਬੂਟੇ ਲਗਾ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਰਾਣਾ ਨੇ ਸ਼ਿਮਲਾ ਪਹਾੜੀ ਨੂੰ ਸ਼ਾਨਦਾਰ ਪਾਰਕ ਬਣਾਉਣ ਲਈ ਟਾਂਡਾ ਗੌਰਵ ਦੀ ਟੀਮ ਅਤੇ ਪ੍ਰੋਜੈਕਟ ਇੰਚਾਰਜ ਗੁਲਸ਼ਨ ਅਰੋੜਾ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਬਚਾਉਣਾ ਸਾਡੀ ਨਿੱਜੀ ਜਿੰਮੇਵਾਰੀ ਹੈ। ਇਸ ਮੌਕੇ ਪ੍ਰਧਾਨ ਜਗਦੀਪ ਮਾਨ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਇਲਾਕੇ ਵਿੱਚ ਵੱਖ-ਵੱਖ ਥਾਵਾਂ 'ਤੇ ਬੂਟੇ ਲਗਾਏ ਜਾਣਗੇ ਅਤੇ ਇਸ ਜਾਗਰੂਕਤਾ ਮੁਹਿੰਮ ਵਿਚ ਸਥਾਨਕ ਸਕੂਲਾਂ ਦੇ ਵਿਦਿਆਰਥੀ ਵੀ ਸ਼ਾਮਲ ਕੀਤੇ ਜਾਣਗੇ। ਇਸ ਮੌਕੇ ਡਾ.ਕੇਵਲ ਸਿੰਘ ਕਾਜਲ, ਡਾ. ਲਵਪ੍ਰੀਤ ਸਿੰਘ ਪਾਬਲਾ, ਹੇਮੰਤ ਮੈਨਰਾਏ, ਸੁਧੀਰ ਸੋਂਧੀ, ਪਾਰਸ ਅਗਰਵਾਲ, ਦਲਜੀਤ ਸੋਂਧੀ, ਡਾ. ਰਣਜੀਤ ਸਿੰਘ, ਰੋਹਿਤ ਟੰਡਨ, ਉਪਾਸਕ ਭਗਤ, ਰਾਜਨ ਸੋਂਧੀ, ਮਾਲੀ ਲਾਲ ਜੀ, ਜਤਿੰਦਰ ਕੁਮਾਰ, ਅਵਤਾਰ ਸਿੰਘ ਸੈਣੀ ਹਾਜ਼ਰ ਸਨ।

## ਪ੍ਰਿੰਸੀਪਲ ਤਰਲੋਚਨ ਸਿੰਘ ਨੇ ਬੇਸਿਕ ਟ੍ਰੇਨਿੰਗ ਸੈਂਟਰ ਵਿਖੇ ਅਹੁਦਾ ਸੰਭਾਲਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਵਲੋਂ ਟ੍ਰੇਨਿੰਗ ਅਫਸਰ ਤੋਂ ਪ੍ਰਿੰਸੀਪਲ ਪਦਉੱਨਤ ਹੋਣ ਉਪਰੰਤ ਸ੍ਰੀ ਤਰਲੋਚਨ ਸਿੰਘ ਨੇ ਬੇਸਿਕ ਟ੍ਰੇਨਿੰਗ ਸੈਂਟਰ, ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ। ਗੁਰਦੇਵ ਚੰਦ, ਬਲਵਿੰਦਰ ਸਿੰਘ ਤੇ ਵਿਕਰਮ ਸਿੰਘ ਨੇ ਉਨ੍ਹਾਂ ਦਾ ਸਵਾਗਤ ਕੀਤਾ। ਤਰਲੋਚਨ ਸਿੰਘ ਨੇ ਸੰਸਥਾ ਦੇ ਸਿਖਿਆਰਥੀਆਂ ਅਤੇ ਕਰਮਚਾਰੀਆਂ ਦੀ ਬਿਹਤਰੀ ਲਈ ਹਰੇਕ ਪ੍ਰਕਾਰ ਦਾ ਉਪਰਾਲਾ ਕਰਨ ਦਾ ਭਰੋਸਾ ਦਿੱਤਾ। ਉਦਯੋਗਿਕ ਉਤਪਾਦ ਦੀ ਗੁਣਵੱਤਾ ਅਤੇ ਮਾਤਰਾ ਨੂੰ ਵਧਾਉਣ ਲਈ ਉਦਯੋਗਾਂ ਦੀ ਮੰਗ ਅਨੁਸਾਰ ਉਨ੍ਹਾਂ ਨੂੰ ਸਿੱਖਿਅਤ ਹੁਨਰਮੰਦ ਸ਼ਕਤੀ ਮੁਹੱਇਆ ਕਰਾਉਣ ਹਿੱਤ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਨੌਜਵਾਨਾਂ ਦੀ ਬਿਹਤਰੀ ਲਈ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦਾ ਸੰਕਲਪ ਲਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਰਿਟਾਇਰਡ ਅਸਿਸਟੈਂਟ ਡਾਇਰੈਕਟਰ ਸੁਰਜੀਤ ਸਿੰਘ ਜੰਮੂ, ਰੇਸ਼ਮ ਸਿੰਘ, ਟ੍ਰੇਨਿੰਗ ਅਫਸਰ ਗੁਰਨਾਮ ਸਿੰਘ, ਗੁਰਦੇਵ ਸਿੰਘ ਸਿੰਘ, ਮਸਤ ਰਾਮ, ਗੁਰਲਾਲ, ਹੰਸ ਰਾਜ, ਜਸਵਿੰਦਰ ਸਿੰਘ, ਪੁਸ਼ਪਿੰਦਰ ਸਿੰਘ, ਜਗਦੀਪ ਸਿੰਘ, ਸ੍ਰੀਮਤੀ ਕਮਲਪ੍ਰੀਤ ਕੌਰ, ਸ੍ਰੀਮਤੀ ਗਰਿਮਾ, ਸ੍ਰੀਮਤੀ ਪੁਰਵਿੰਦਰ ਕੌਰ, ਸ੍ਰੀ ਸਤਪਾਲ ਸਿੰਘ, ਅਸ਼ਵਨੀ ਕੁਮਾਰ, ਚੰਦਰ ਸ਼ੇਖਰ ਆਜ਼ਾਦ, ਗੁਰਜਿੰਦਰ ਸਿੰਘ ਸਮੇਤ ਸਰਕਾਰੀ ਆਈ ਟੀ ਆਈ ਹੁਸ਼ਿਆਰਪੁਰ ਦੀ ਸੰਸਥਾ ਦੇ ਸਾਰੇ ਕਰਮਚਾਰੀਆਂ ਵਲੋਂ ਪ੍ਰਿੰਸੀਪਲ ਤਰਲੋਚਨ ਸਿੰਘ ਨੂੰ ਪਦਉੱਨਤੀ ਦੀ ਵਧਾਈ ਦਿੱਤੀ।

## ਸਿਹਤ ਵਿਭਾਗ ਵੱਲੋਂ ਲੁਠੇੜੀ ਸਕੂਲ 'ਚ ਕੀਟ ਨਾਸ਼ਕ ਦਵਾਈ ਦਾ ਛਿੜਕਾਅ




ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਹੜ੍ਹਾਂ ਵਰਗੀ ਸਥਿਤੀ ਤੋਂ ਪ੍ਰਭਾਵਿਤ ਨਜਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਡੇਂਗੂ ਅਤੇ ਮਲੇਰੀਆ ਮੱਛਰਾਂ ਤੋਂ ਬਚਾਅ ਲਈ ਕੀਟ ਨਾਸ਼ਕ ਦਵਾਈ ਦਾ ਛਿੜਕਾਅ ਕੀਤਾ ਗਿਆ। ਸਕੂਲ ਅਧਿਆਪਕ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਪਹਿਲਕਦਮੀ ਸਦਕਾ ਬਰਸਾਤੀ ਮੱਛਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਬੇਅੰਤ ਸਿੰਘ ਮਲਟੀਪਰਪਜ ਹੈਲਥ ਵਰਕਰ ਡਿਸਪੈਂਸਰੀ ਉਦਿੰਦ ਅਤੇ ਲਖਮਿੰਦਰ ਸਿੰਘ ਮਲਟੀਪਰਪਜ ਹੈਲਥ ਵਰਕਰ ਡਿਸਪੈਂਸਰੀ ਕਾਇਨੌਰ ਦੀ ਦੇਖ ਰੇਖ ਸਿਹਤ ਵਿਭਾਗ ਦੀ ਟੀਮ ਵਲੋਂ ਦਵਾਈ ਦਾ ਛਿੜਕਾਅ ਕੀਤਾ ਗਿਆ। ਇਸ ਮੌਕੇ ਸਕੂਲ ਕੈਂਪਸ ਵਿੱਚ ਖੜ੍ਹੇ ਪਾਣੀ ਦੀ ਜਾਂਚ ਕੀਤੀ ਗਈ ਅਤੇ ਸਕੂਲੀ ਵਿਦਿਆਰਥੀਆਂ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿੱਚ ਵੀ ਕੂਲਰਾਂ ਅਤੇ ਛੱਤਾਂ ਜਾਂ ਵਿਹੜੇ ਵਿੱਚ ਵੱਖ ਵੱਖ ਟੁੱਟੀਆਂ ਭੱਜੀਆਂ ਵਸਤਾਂ 'ਚੋਂ ਪਾਣੀ ਕੱਢਣ ਲਈ ਕਿਹਾ ਗਿਆ। ਇਸ ਮੌਕੇ ਲੈਕ. ਦਵਿੰਦਰ ਸਿੰਘ ਮਕੜੌਨਾ, ਮਧੂ ਬਾਲਾ, ਸਰੀਨਾ ਰਾਏ, ਡਾ. ਬਲਜੀਤ ਕੌਰ, ਕੁਲਦੀਪ ਕੌਰ, ਸਰੀਨਾ ਰਾਏ, ਮੋਨਿਕਾ ਸ਼ਰਮਾ, ਸੁਰਮੁੱਖ ਸਿੰਘ, ਲਖਵਿੰਦਰ ਸਿੰਘ, ਮਨਿੰਦਰ ਚੱਢਾ, ਜਸਵਿੰਦਰ ਕੌਰ, ਅਮਨਪ੍ਰੀਤ ਕੌਰ, ਵਰਿੰਦਰ ਵਰਮਾ, ਮੋਨਿਕਾ, ਗੁਰਬਾਜ ਸਿੰਘ, ਦਵਿੰਦਰਪਾਲ ਸਿੰਘ ਬਰਾੜ, ਮੋਨਿਕਾ, ਹਰਿੰਦਰ ਕੁਮਾਰ ਕਾਇਨੌਰ, ਗੁਰਮਿੰਦਰ ਸਿੰਘ ਹੁੰਦਲ, ਲਖਵੀਰ ਸਿੰਘ ਰੰਗੀਆਂ ਲਾਇਬਰੇਰੀਅਨ, ਸੁਸਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜ਼ਰ ਸਨ।

## ਨੇਤਰ ਦਾਨ ਨਾਲ ਜੁੜੀ ਭਾਵਿਪ ਦੇ ਸਾਰੇ ਮੈਂਬਰਾਂ ਨੇ ਅੱਖਾਂ ਦਾਨ ਦੇ ਪ੍ਰਣ-ਪੱਤਰ ਭਰੇ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਅੱਖਾਂ ਦਾਨ ਨਾਲ ਸਬੰਧਤ ਇਕ ਵਿਸ਼ੇਸ਼ ਮੀਟਿੰਗ ਪ੍ਰਧਾਨ ਰਜਿੰਦਰ ਮੌਦਗਿਲ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸੂਬਾ ਕਨਵੀਨਰ (ਖੂਨਦਾਨ ਅਤੇ ਅੱਖਾਂ ਦਾਨ, ਪੱਛਮੀ ਪੰਜਾਬ) ਅਤੇ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਅਤੇ ਜੇ.ਬੀ. ਬਹਿਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਦੇ ਸਾਰੇ ਮੈਂਬਰਾਂ ਨੇ ਮਰਨ ਉਪਰੰਤ ਅੱਖਾਂ ਦਾਨ ਕਰਨ ਦਾ ਪ੍ਰਣ-ਪੱਤਰ ਭਰਿਆ। ਇਸ ਮੌਕੇ ਮੌਜੂਦ ਹਾਜਰੀ ਨੂੰ ਸੰਬੋਧਿਤ ਕਰਦੇ ਹੋਏ ਸੰਜੀਵ ਅਰੋੜਾ ਨੇ ਕਿਹਾ ਕਿ ਭਾਵੇਂ ਭਾਵਿਪ ਦੇ ਜ਼ਿਆਦਾਤਰ ਮੈਂਬਰ ਪਹਿਲਾਂ ਹੀ ਇਸ ਮੁਹਿੰਮ ਨਾਲ ਜੁੜ ਚੁੱਕੇ ਹਨ ਪਰ ਹੁਣ ਭਾਵਿਪ ਦੇ ਸਾਰੇ ਨਵੇਂ ਅਤੇ ਪੁਰਾਣੇ ਮੈਂਬਰ ਇਸ ਦਾ ਅਹਿਮ ਹਿੱਸਾ ਬਣ ਚੁੱਕੇ ਹਨ। ਅਰੋੜਾ ਨੇ ਕਿਹਾ ਕਿ ਖੂਨਦਾਨ ਅਤੇ ਅੱਖਾਂ ਦਾਨ ਅੱਜ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅਤੇ ਮਹੱਤਵਪੂਰਨ ਹਿੱਸਾ ਬਣ ਗਿਆ ਹੈ ਅਤੇ ਜਾਗਰੂਕਤਾ ਦੇ ਕਾਰਨ ਇਸ ਮੁਹਿੰਮ ਨੂੰ ਬਹੁਤ ਤਾਕਤ ਮਿਲੀ ਹੈ। ਇਸ ਮੁਹਿੰਮ ਨੂੰ ਤੇਜ਼ ਕਰਨ 'ਚ ਲੱਗੀਆਂ ਹੋਈਆਂ ਭਾਵਿਪ ਦੀਆਂ ਸਾਰੀਆਂ ਟੀਮਾਂ ਵਧਾਈ ਅਤੇ ਸ਼ਲਾਘਾ ਦੀਆਂ ਪਾਤਰ ਹਨ। ਉਨ੍ਹਾਂ ਕਿਹਾ ਕਿ ਰੋਸ਼ਨੀ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਸੰਸਾਰ ਤੋਂ ਜਾਣ ਤੋਂ ਬਾਅਦ ਉਨ੍ਹਾਂ ਲੋਕਾਂ ਲਈ ਅੱਖਾਂ ਦਾਨ ਜਰੂਰ ਕਰੋ ਜੋ ਕੋਰਨੀਅਲ ਅੰਨ੍ਹੇਪਣ ਕਾਰਨ ਹਨੇਰੇ ਵਿੱਚ ਜੀਵਨ ਜੀਉਣ ਲਈ ਮਜਬੂਰ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਆਂਢ-ਗੁਆਂਢ ਵਿਚ ਕੋਈ ਕੋਰਨੀਆ ਅੰਨ੍ਹਾਪਣ ਤੋਂ ਪੀੜਤ ਹੈ ਤਾਂ ਸੰਸਥਾ ਨੂੰ ਸੂਚਿਤ ਕਰੋ ਤਾਂ ਜੋ ਉਸ ਦਾ ਆਪ੍ਰੇਸ਼ਨ ਕਰਵਾ ਕੇ ਕੋਰਨੀਆ ਟਰਾਂਸਪਲਾਂਟ ਕੀਤਾ ਜਾ ਸਕੇ। ਇਸ ਮੌਕੇ ਵਿਨੋਦ ਪਸਾਨ, ਵਿਜੇ ਅਰੋੜਾ, ਦਵਿੰਦਰ ਅਰੋੜਾ, ਲੋਕੇਸ਼ ਖੰਨਾ, ਅਮਿਤ ਨਾਗਪਾਲ, ਤਰਸੇਮ ਮੌਦਗਿਲ, ਅਮਰਜੀਤ ਸ਼ਰਮਾ, ਰਮੇਸ਼ ਭਾਟੀਆ, ਟਿੰਕੂ ਨਰੂਲਾ, ਰਵਿੰਦਰ ਭਾਟੀਆ, ਰਮਨ ਬੱਬਰ, ਦੀਪਕ ਮਹਿੰਦੀਰੱਤਾ, ਰਾਜ ਕੁਮਾਰ ਮਲਿਕ, ਸਿਧਾਰਥ ਗੁਲਾਟੀ, ਰਵੀ ਮਨੋਚਾ, ਮਾਸਟਰ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ ।

## ਤਹਿਸੀਲਦਾਰ ਨੇ ਮਹਿਦਲੀ ਕਲਾਂ ਬੰਨ੍ਹ ਦਾ ਕੀਤਾ ਦੌਰਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਤੁਲਜ ਦਰਿਆ ਰਾਹੀਂ ਬਰਸਾਤਾਂ ਦੌਰਾਨ ਆਉਣ ਵਾਲੇ ਪਾਣੀ ਦੇ ਭਾਰੀ ਵਹਾਅ ਕਾਰਨ ਇਲਾਕੇ ਦੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨਾ ਪ੍ਰਸ਼ਾਸਨ ਦਾ ਫਰਜ ਹੈ ਅਤੇ ਇਸ ਦੇ ਲਈ ਅਸੀਂ ਪੂਰੀ ਤਰ੍ਹਾਂ ਯਤਨਸ਼ੀਲ ਹਾਂ। ਹੜ੍ਹਾਂ ਦੌਰਾਨ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਨੂੰ ਰੋਕਣ ਲਈ ਪ੍ਰਸਾਸ਼ਨ ਵਲੋਂ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ। ਇਹ ਪ੍ਰਗਟਾਵਾ ਬਾਦਲ ਦੀਨ ਤਹਿਸੀਲਦਾਰ ਸ੍ਰੀ ਅਨੰਦਪੁਰ ਸਾਹਿਬ ਨੇ ਮਹਿਦਲੀ ਕਲਾਂ ਵਿਚ ਬਣੇ ਬੰਨ੍ਹ ਦਾ ਦੌਰਾ ਕਰਨ ਮੌਕੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਨੈਣਾ ਦੇਵੀ ਦੀਆਂ ਪਹਾੜੀਆਂ ਦਾ ਬਰਸਾਤੀ ਪਾਣੀ ਚਰਨ ਗੰਗਾ ਰਾਹੀ ਸਤਲੁਜ ਦਰਿਆ ਵਿਚ ਦਾਖਲ ਹੋਣ ਸਮੇਂ ਇਹ ਪਾਣੀ ਕਈ ਪਿੰਡਾਂ ਨੂੰ ਪ੍ਰਭਾਵਿਤ ਕਰਦਾ ਹੈ। ਲੋਕ ਬਰਸਾਤੀ ਪਾਣੀ ਦੇ ਵਹਾਅ ਦੇ ਰਾਹ ਵਿੱਚ ਅੜਿਕੇ ਖਤਮ ਕਰਨ ਲਈ ਸਹਿਯੋਗ ਦੇਣ, ਇਸ ਨਾਲ ਗੰਦਗੀ ਫੈਲਣ ਅਤੇ ਬਿਮਾਰੀਆਂ ਫੈਲਣ ਤੋਂ ਵੀ ਬਚਾਓ ਹੁੰਦਾ ਹੈ। ਉਹਨਾਂ ਦੱਸਿਆ ਕਿ ਸੰਭਾਵੀ ਹੜ੍ਹਾਂ ਦੇ ਪ੍ਰਬੰਧਾਂ ਲਈ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਤਹਿਸੀਲ ਦਫਤਰ ਵਿਚ 24 ਘੰਟੇ ਲਈ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਜਿਥੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

## ਸ਼੍ਰੀਮਦ ਭਾਗਵਤ ਮਹਾਂ ਪੁਰਾਣ ਕਥਾ ਗਿਆਨ ਯੱਗ ਸ਼ੁਰੂ



**ਮਾਹਿਲਪੁਰ (ਸਫਰੀ)** ਸ੍ਰੀ ਸ਼ਿਵ ਮੰਦਰ ਕਮੇਟੀ ਸੇਖੋਵਾਲ-ਬੀਤ ਵੱਲੋਂ ਸ੍ਰੀਮਦ ਭਾਗਵਤ ਪੁਰਾਣ ਕਥਾ ਗਿਆਨ ਯੱਗ ਸ੍ਰੀ ਸ਼ਿਵ ਮੰਦਰ ਸੇਖੋਵਾਲ-ਬੀਤ ਵਿੱਚ ਆਰੰਭ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰੂ ਦੱਤ ਸ਼ਰਮਾ ਅਤੇ ਹਤਿੰਦਰ ਰਾਣਾ ਨੇ ਦੱਸਿਆ ਕਿ 20 ਜੁਲਾਈ ਤੋਂ ਸ਼ੁਰੂ ਹੋਈ ਕਥਾ ਹਰ ਰੋਜ ਦੁਪਿਹਰ 2 ਵਜੇ ਤੋਂ ਸ਼ਾਮ 5 ਵਜੇ ਤੱਕ 25 ਜੁਲਾਈ ਤੱਕ ਚੱਲੇਗੀ। ਕਥਾ ਦੇ ਸ਼ੁਭ ਆਰੰਭ ਤੋਂ ਪਹਿਲਾ ਵਿਸ਼ਾਲ ਕਲਸ਼ ਯਾਤਰਾ ਵੀ ਕੱਢੀ ਗਈ ਜੋ ਕਿ ਮੰਦਰ ਸੇਖੋਵਾਲ ਤੋਂ ਸ਼ੁਰੂ ਹੋ ਕੇ ਮੰਦਰ ਮਾਤਾ ਸ੍ਰੀ ਮਨਸਾ ਦੇਵੀ ਸੀਹਵਾਂ, ਹੈਬੋਵਾਲ ਤੋਂ ਹੁੰਦੀ ਹੋਈ ਮੁੜ ਸ੍ਰੀ ਸ਼ਿਵ ਮੰਦਰ ਸੇਖੋਵਾਲ ਵਿੱਚ ਸਮਾਪਤ ਹੋਈ। ਯਾਤਰਾ ਦਾ ਪਿੰਡ ਸੀਹਵਾਂ, ਸੇਖੋਵਾਲ, ਹੈਬੋਵਾਲ ਦੀ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਤੇ ਸੰਤਾਂ ਮਹਾਂਪੁਰਸ਼ਾ ਤੋਂ ਇਲਾਵਾ ਹਤਿੰਦਰ ਰਾਣਾ, ਗੁਰੂ ਦੱਤ ਸ਼ਰਮਾ, ਅਵਤਾਰ ਰਾਣਾ, ਯੁੱਧਵੀਰ ਰਾਣਾ, ਗੁਲਬਾਸ਼ ਰਾਣਾ, ਵਰਿੰਦਰ ਰਾਣਾ, ਪਰਮਜੀਤ, ਨਰਿੰਦਰ ਰਵੀ ਦੱਤ, ਡਾ ਬਰਜਿੰਦਰ ਸਿੰਘ ਸੀਹਵਾਂ, ਅਸ਼ੋਕ ਰਾਣਾ ਸਣੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

## ਡਾਇਲਿਸਿਸ 'ਤੇ ਨਿਰਭਰ ਅਧਰੰਗ ਤੋਂ ਪੀੜਤ ਪਤੀ ਨੂੰ ਕਿਡਨੀ ਦੇ ਕੇ ਦਿੱਤੀ ਨਵੀਂ ਜ਼ਿੰਦਗੀ

ਹੁਸ਼ਿਆਰਪੁਰ,: ਫੋਰਟਿਸ ਹਸਪਤਾਲ ਮੋਹਾਲੀ ਦੀ ਰੀਨਲ ਸਾਇੰਸਿਜ਼ ਅਤੇ ਕਿਡਨੀ ਟਰਾਂਸਪਲਾਂਟ ਐਸੋਸੀਏਟ ਕੰਸਲਟੈਂਟ ਡਾ. ਅੰਨਾ ਗੁਪਤਾ ਨੇ ਕਿਹਾ ਏਬੀਓ ਇੰਨਕੰਪੇਟੀਬਲ ਕਿਡਨੀ ਟਰਾਂਸਪਲਾਂਟ ਵਿੱਚ ਕਿਸੇ ਵੀ ਬਲੱਡ ਗਰੁੱਪ ਦੇ ਗੁਰਦਾ ਦਾਨੀਆਂ ਦੁਆਰਾ ਕਈ ਜਾਨਾਂ ਬਚਾਈਆਂ ਗਈਆਂ ਹਨ। ਇਕ ਮਰੀਜ ਜੋ ਪਿਛਲੇ ਇਕ ਸਾਲ ਤੋਂ ਡਾਇਲਿਸਿਸ 'ਤੇ ਨਿਰਭਰ ਸੀ, ਜਿਸ ਦੀ ਪਤਨੀ ਦਾ ਬਲੱਡ ਗਰੁੱਪ ਵੱਖਰਾ ਹੋਣ ਦੇ ਬਾਵਜੂਦ ਉਸ ਨੂੰ ਏ. ਆਪਣਾ ਕਿਡਨੀ ਟਰਾਂਸਪਲਾਂਟ ਕਰਵਾ ਕੇ ਨਵੀਂ ਜ਼ਿੰਦਗੀ ਦਾ ਰਾਹ ਪੱਧਰਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਜਿਹਾ ਹੀ ਇੱਕ ਮਾਮਲਾ ਜਿਸ ਵਿੱਚ ਕਿਡਨੀ ਟਰਾਂਸਪਲਾਂਟ ਰਾਹੀਂ ਹੁਸ਼ਿਆਰਪੁਰ ਦੇ ਇੱਕ 48 ਸਾਲਾ ਵਿਅਕਤੀ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਇਹ ਕੇਸ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਮਰੀਜ਼ ਦਾ ਬਲੱਡ ਗਰੁੱਪ ਓ ਸੀ ਅਤੇ ਦਾਨੀ ਦਾ ਬਲੱਡ ਗਰੁੱਪ ਏ ਸੀ, ਫਿਰ ਵੀ ਕਿਡਨੀ ਟਰਾਂਸਪਲਾਂਟ ਸਫਲਤਾਪੂਰਵਕ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਡਾ. ਸੁਨੀਲ ਕੁਮਾਰ ਵੀ ਹਾਜਰ ਸਨ ।

## ਫਗਵਾੜਾ ਦੇ ਕਾਰੋਬਾਰੀ ਖੇਤਰਾਂ ਅੰਦਰ ਸੀ ਐੱਲ ਯੂ ਲਈ ਜਲੰਧਰ ਰੀਜਨ ਦੇ ਰੇਟ ਲਾਗੂ



ਫਗਵਾੜਾ, (ਡਾ. ਰਮਨ, ਜਸਵਿੰਦਰ ਢੱਡਾ, ਇੰਦਰਜੀਤ ਸਿੰਘ ਮਠਾੜੂ) ਨਗਰ ਨਿਗਮ ਕਮਿਸ਼ਨਰ ਫਗਵਾੜਾ ਡਾ ਨਯਨ ਜੱਸਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਗਰ ਸੁਧਾਰ ਟਰੱਸਟ ਫਗਵਾੜਾ ਦੀ ਵਿਕਾਸ ਸਕੀਮ ਨੰ.1 ਹਰਗੋਬਿੰਦ ਨਗਰ ਫਗਵਾੜਾ ਦੀਆਂ 2 (ਸੜਕਾਂ ਪਲਾਟ ਨੰ. 718 ਤੋਂ 746 ਸਿੰਗਲ ਸਾਈਡ ਅਤੇ ਪਲਾਟ ਨੰ. 746 ਤੋਂ 485 ਦੋਹਾ ਸਾਈਡਾਂ ਨੂੰ ਸਥਾਨਕ ਸਰਕਾਰ ਵਿਭਾਗ ਦੇ ਨੋਟੀਫਿਕੇਸ਼ਨ ਪੱਤਰ ਨੰ. ਸੀ.ਟੀ.ਪੀ.ਐਲ.ਜੀ-2023/969 ਮਿਤੀ 06/04/2023 ਰਾਹੀਂ ਕਾਰੋਬਾਰੀ ਐਲਾਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਨਗਰ ਨਿਗਮ ਫਗਵਾੜਾ ਦੀਆਂ 4 ਸੜਕਾਂ (ਵਿਕਾਸ ਸਕੀਮ ਨੰ. 3, ਪਲਾਹੀ ਰੋਡ, ਫਗਵਾੜਾ, ਟੀ ਪੀ ਸਕੀਮ ਨੰ. 5 ਪਾਰਟ 1 ਨਕੋਦਰ ਰੋਡ) ਨੂੰ ਪਹਿਲਾਂ ਹੀ ਸਰਕਾਰ ਵੱਲੋਂ ਸਾਲ 2018 ਵਿੱਚ ਕਾਰੋਬਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਨ੍ਹਾਂ ਸੜਕਾਂ 'ਤੇ ਆਬਾਦ ਕੀਤੀਆਂ ਪ੍ਰਾਪਰਟੀਆਂ ਦੇ ਭੌਂ ਮੰਤਵ ਤਬਦੀਲੀ ਦੇ ਰੇਟਾਂ ਸਬੰਧੀ ਸਰਕਾਰ ਵੱਲੋਂ ਮਿਤੀ 19/07/2023 ਰਾਹੀਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਪਰਟੀਆਂ ਦੇ ਭੌਂ-ਮੰਤਵ ਤਬਦੀਲੀ ਸਬੰਧੀ ਸਰਕਾਰ ਵੱਲੋਂ ਪੱਤਰ ਨੰ. 9/87/06-5ਸਸ1/6761-63 ਮਿਤੀ 22/08/2006 ਅਤੇ ਪੱਤਰ ਨੰ.ਏ.ਸੀ.ਐਮ/ਐਮ.ਟੀ.ਪੀ/11789 ਮਿਤੀ 15/07/2020 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਜਲੰਧਰ ਰੀਜਨ ਦੇ ਹੀ ਰੇਟ ਲਾਗੂ ਹੋਣਗੇ। ਇਸ ਲਈ ਇਨ੍ਹਾਂ ਸੜਕਾਂ ਉੱਪਰ ਪੈਂਦੇ ਪ੍ਰਾਪਰਟੀ ਮਾਲਕ ਆਪਣੀਆਂ ਪ੍ਰਾਪਰਟੀਆਂ ਦਾ ਭੌਂ-ਮੰਤਵ ਤਬਦੀਲ (ਰਿਹਾਇਸੀ ਤੋਂ ਕਾਰੋਬਾਰੀ) ਕਰਵਾ ਸਕਦੇ ਹਨ ਅਤੇ ਜਿਨ੍ਹਾਂ ਵੱਲੋਂ ਅਣ-ਅਧਿਕਾਰਤ ਤੌਰ ਤੇ ਆਪਣੀ ਪ੍ਰਾਪਰਟੀ ਵਿੱਚ ਕਾਰੋਬਾਰੀ ਉਸਾਰੀਆਂ ਬਣਾ ਲਈਆਂ ਗਈਆਂ ਹਨ, ਉਹ ਵੀ ਆਪਣੀ ਪ੍ਰਾਪਰਟੀਆਂ ਦੀ ਤਬਦੀਲੀ ਕਰਵਾ ਸਕਦੇ ਹਨ। ਕਮਿਸ਼ਨਰ ਨੇ ਕਿਹਾ ਕਿ ਜਿਨ੍ਹਾਂ ਨੂੰ ਸਰਕਾਰ ਵੱਲੋਂ ਸੀ.ਐਲ.ਯੂ. ਸਬੰਧੀ ਜਾਰੀ ਕੀਤੇ ਉਪਰੋਕਤ ਪੱਤਰਾਂ ਅਨੁਸਾਰ ਵਾਚਿਆ ਜਾਵੇਗਾ। ਜੇਕਰ ਕਿਸੇ ਬਣੀ ਉਸਾਰੀ ਦੇ ਮਾਲਕ/ਉਸਾਰੀਕਰਤਾ ਵੱਲੋਂ ਬਈ ਇਮਾਰਤ ਦਾ ਭੌਂ-ਮੰਤਵ ਤਬਦੀਲ ਕਰਵਾਉਣ ਲਈ 15 ਦਿਨਾਂ ਵਿੱਚ ਅਪਲਾਈ ਨਹੀਂ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੀ ਉਕਤ ਇਮਾਰਤ ਵਿਰੁੱਧ ਨਗਰ ਨਿਗਮ ਐਕਟ 1976 ਦੀਆਂ ਬਣਦੀਆਂ ਧਾਰਾਵਾਂ ਅਧੀਨ ਕਾਰਵਾਈ ਆਰੰਭੀ ਜਾਵੇਗੀ। ਜਿਸ ਦੇ ਹਰਜੇ ਖਰਚੇ ਦੀ ਜਿੰਮੇਵਾਰੀ ਸਬੰਧਤ ਮਾਲਕ/ਉਸਾਰੀਕਰਤਾ ਦੀ ਹੋਵੇਗੀ। ਇਸ ਤੋਂ ਇਲਾਵਾ ਜੇਕਰ ਕੋਈ ਹੋਰ ਜਾਣਕਾਰੀ ਲੋੜੀਂਦੀ ਹੋਵੇ ਤਾਂ ਦਫਤਰੀ ਕੰਮ-ਕਾਜ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਪ੍ਰਾਪਤ ਕੀਤੀ ਜਾ ਸਕਦੀ ਹੈ।

## ਜੋਗਿੰਦਰ ਸਿੰਘ ਮਾਨ ਨੂੰ ਮਿਲਿਆ ਸਹਾਇਤਾ ਪ੍ਰਾਪਤ ਸਕੂਲ ਕ੍ਰਮਚਾਰੀਆਂ ਦਾ ਵਫਦ



ਫਗਵਾੜਾ (ਡਾ. ਰਮਨ) ਸਰਕਾਰੀ ਸਹਾਇਤਾ ਪ੍ਰਾਪਤ ਏਡਿਡ ਸਕੂਲ ਕ੍ਰਮਚਾਰੀਆਂ ਦਾ ਇੱਕ ਵਫਦ ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੂੰ ਮਿਲਿਆ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ 6ਵਾਂ ਪੇ ਕਮਿਸ਼ਨ ਲਾਗੂ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਪੰਜਾਬ ਸਟੇਟ ਏਡਿਡ ਸਕੂਲ ਟੀਚਰਜ਼ ਐਂਡ ਅਦਰ ਇੰਪਲਾਈਜ ਯੂਨੀਅਨ ਦੇ ਜਿਲ੍ਹਾ ਸਕਤਰ ਰਾਜਿੰਦਰ ਕੁਮਾਰ, ਜਿਲ੍ਹਾ ਸਰਪ੍ਰਸਤ ਗੁਰਨਾਮ ਸੈਣੀ, ਪ੍ਰਧਾਨ ਜਗਮੋਹਨ ਵਰਮਾ ਅਤੇ ਹੋਰਨਾ ਨੇ ਜੋਗਿੰਦਰ ਸਿੰਘ ਮਾਨ ਨੂੰ ਦੱਸਿਆ ਕਿ ਆਦਮੀ ਪਾਰਟੀ ਨੇ ਆਪਣੇ ਮੈਨੀਫੈਸਟੋ ਵਿੱਚ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਨੂੰ ਸਰਕਾਰੀ ਅਧਿਆਪਕਾਂ ਦੇ ਬਰਾਬਰ ਲਾਭ ਦੇਣ ਦਾ ਵਾਅਦਾ ਕੀਤਾ ਸੀ, ਪਰ 6ਵਾਂ ਪੇ ਕਮਿਸ਼ਨ ਲਾਗੂ ਨਾ ਕਰਕੇ ਇਸ ਵਾਅਦੇ ਨੂੰ ਪੂਰਾ ਕਰਨ ਵਿਚ ਦੇਰ ਕੀਤੀ ਜਾ ਰਹੀ ਹੈ। ਜਦਕਿ ਸਰਕਾਰੀ ਸਕੂਲਾਂ ਵਿਚ 6ਵੇਂ ਪੇ ਕਮਿਸ਼ਨ ਨੂੰ ਲਾਗੂ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਉਹਨਾਂ ਜੋਗਿੰਦਰ ਸਿੰਘ ਮਾਨ ਨੂੰ ਦੱਸਿਆ ਕਿ ਸਾਲ 2003 ਤੋਂ ਨਵੀਂ ਭਰਤੀ ਬੰਦ ਹੋਣ ਨਾਲ ਪਹਿਲਾਂ ਹੀ ਇਹਨਾਂ ਸਕੂਲਾਂ ਵਿਚ ਅਧਿਆਪਕਾਂ ਤੇ ਕਰਮਚਾਰੀਆਂ ਉੱਪਰ ਕੰਮ ਦਾ ਵਾਧੂ ਬੋਝ ਹੈ। ਸਕੂਲਾਂ ਦੀ ਹਾਲਤ ਵੀ ਕਾਫੀ ਤਰਸਯੋਗ ਹੈ। ਉਹਨਾਂ ਮੰਗ ਕੀਤੀ ਕਿ ਵਿਚ ਏਡਿਡ ਸਕੂਲਾਂ ਦੀਆਂ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਸਹਾਇਤਾ ਪ੍ਰਾਪਤ ਸਕੂਲਾਂ ਦੇ ਸਟਾਫ ਦੀਆਂ ਮੰਗਾ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ।

ਜੋਗਿੰਦਰ ਸਿੰਘ ਮਾਨ ਨੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਨਾਲ ਰਾਬਤਾ ਕਰਕੇ ਇਸ ਬਾਰੇ ਗੱਲ ਕਰਨਗੇ। ਜੋਗਿੰਦਰ ਸਿੰਘ ਮਾਨ ਨਾਲ ਮੁਲਾਕਾਤ ਸਮੇਂ ਪ੍ਰਿੰਸੀਪਲ ਹਰਦੀਪ ਕੌਰ ਰਾਮਗੜ੍ਹੀਆਂ ਸੈਨੀਅਰ ਸੈਕੰਡਰੀ ਸਕੂਲ ਸਤਨਾਮਪੁਰਾ ਤੋਂ ਇਲਾਵਾ ਮੋਨਿਕਾ ਸ਼ਰਮਾ, ਰਾਜਵਿੰਦਰ ਸ਼ਰਮਾ ਪੁੱਤਰੀ ਪਾਠਸ਼ਾਲਾ ਸਕੂਲ ਹਦੀਆਬਾਦ, ਅਰਵਿੰਦਰ ਸੈਨੀ, ਰਜਿੰਦਰ ਕੌਰ, ਆਸ਼ਾ ਭਾਟੀਆ ਰਾਮਗੜ੍ਹੀਆ ਗਰਲਜ ਸਕੂਲ ਬੰਗਾ ਰੋਡ ਫਗਵਾੜਾ ਆਦਿ ਹਾਜ਼ਰ ਸਨ।

## ਅਮਰੂਦਾਂ ਦੇ ਬਹੁ-ਕਰੋੜੀ ਮੁਆਵਜ਼ਾ ਘੁਟਾਲੇ 'ਚ ਜਗਦੀਸ਼ ਜੌਹਲ ਗ੍ਰਿਫ਼ਤਾਰ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਵਿਜੀਲੈਂਸ ਬਿਊਰੋ ਨੇ ਅਮਰੂਦਾਂ ਦੇ ਬੂਟਿਆਂ ਦੇ ਮੁਆਵਜ਼ੇ ਵਿੱਚ ਹੋਏ ਕਰੋੜਾਂ ਰੁਪਏ ਦੇ ਘੁਟਾਲੇ ਸਬੰਧੀ ਸੇਵਾਮੁਕਤ ਪੀ.ਸੀ.ਐਸ. ਅਧਿਕਾਰੀ ਜਗਦੀਸ਼ ਸਿੰਘ ਜੌਹਲ, ਜੋ ਗ੍ਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ (ਗਮਾਡਾ) ਦੇ ਲੈਂਡ ਐਕੁਜੀਸ਼ਨ ਕੁਲੈਕਟਰ (ਐਲ.ਏ.ਸੀ.) ਸਨ, ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਘੁਟਾਲੇ ਵਿੱਚ ਇਹ 20ਵੀਂ ਗ੍ਰਿਫ਼ਤਾਰੀ ਹੈ। ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦੇ ਪਿੰਡ ਬਾਕਰਪੁਰ ਵਿੱਚ ਗਮਾਡਾ ਵੱਲੋਂ ਐਕੁਆਇਰ ਕੀਤੀ ਗਈ ਜ਼ਮੀਨ ਦੇ ਬਦਲੇ ਜਾਰੀ ਕੀਤੇ ਕਰੋੜਾਂ ਰੁਪਏ ਦੇ ਮੁਆਵਜ਼ੇ ਵਿੱਚ ਇਹ ਘਪਲਾ ਹੋਇਆ ਸੀ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਜਗਦੀਸ਼ ਸਿੰਘ ਜੌਹਲ ਨੇ ਮਾਲ ਰਿਕਾਰਡ ਮੁਤਾਬਕ ਜ਼ਮੀਨ ਮਾਲਕਾਂ ਦੇ ਨਾਂਅ ਅਤੇ ਜ਼ਮੀਨ ਦਾ ਹਿੱਸਾ ਸਹੀ ਨਾ ਹੋਣ ਦੇ ਬਾਵਜੂਦ ਬਾਗਬਾਨੀ ਵਿਭਾਗ ਦੀ ਮੁਲਾਂਕਣ ਰਿਪੋਰਟ ਦੇ ਆਧਾਰ 'ਤੇ ਨਾਜਾਇਜ਼ ਅਦਾਇਗੀਆਂ ਨੂੰ ਮਨਜ਼ੂਰੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਜਗਦੀਸ਼ ਸਿੰਘ ਜੌਹਲ ਵਿਰੁੱਧ ਜ਼ੁਬਾਨੀ, ਹਾਲਾਤੀ ਅਤੇ ਦਸਤਾਵੇਜ਼ੀ ਸਬੂਤ ਸਾਹਮਣੇ ਆਉਣ ਉਪਰੰਤ ਵਿਜੀਲੈਂਸ ਬਿਊਰੋ ਨੇ ਇਸ ਪੀ.ਸੀ.ਐਸ. ਅਧਿਕਾਰੀ ਨੂੰ ਇਸ ਘੁਟਾਲਾ ਕੇਸ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕਰਕੇ ਮੋਹਾਲੀ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਹੋਰ ਸਬੰਧਤ ਅਧਿਕਾਰੀਆਂ ਦੀ ਭੂਮਿਕਾ ਵੀ ਜਾਂਚ ਕੀਤੀ ਜਾ ਰਹੀ ਹੈ।

## ਯੂਥ ਫੁੱਟਬਾਲ ਸਪੋਰਟਸ ਕਲੱਬ ਵਲੋਂ ਮੇਹਲੀ ਵਿਖੇ ਨਾਈਟ ਫੁੱਟਬਾਲ ਟੂਰਨਾਮੈਂਟ ਸ਼ੁਰੂ



**ਮੇਹਲੀ (ਗੁਰਨਾਮ)** ਯੂਥ ਫੁੱਟਬਾਲ ਸਪੋਰਟਸ ਕਲੱਬ ਰਜ਼ਿ: ਪਿੰਡ ਮੇਹਲੀ ਵਲੋਂ ਸਮੂਹ ਨਗਰ ਨਿਵਾਸੀਆਂ ਅਤੇ ਐਨ.ਆਰ.ਆਈ ਵੀਰਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅੱਠਵਾਂ 9-ਸਾਈਡ ਨਾਈਟ ਫੁੱਟਬਾਲ ਟੂਰਨਾਮੈਂਟ ਬਾਬਾ ਫਲਾਹੀਆਂ ਗਰਾਊਂਡ ਵਿਖੇ ਸ਼ੁਰੂ ਕਰਵਾਇਆ ਗਿਆ। ਮੁੱਖ ਮਹਿਮਾਨ ਆਮ ਆਦਮੀ ਪਾਰਟੀ ਸੀਨੀਅਰ ਆਗੂ ਹਰਜੋਤ ਕੌਰ ਲੋਹਟੀਆ ਵਲੋਂ ਰੀਬਨ ਕੱਟ ਕੇ ਟੂਰਨਾਮੈਂਟ ਦਾ ਉਦਘਾਟਨ ਕੀਤਾ ਗਿਆ। ਉਦਘਾਟਨੀ ਮੈਚ ਸੁਖਚੈਨਆਣਾ ਅਤੇ ਖਲਵਾੜਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਇਸ ਫਸਵੇਂ ਮੁਕਾਬਲੇ ਵਿੱਚ ਸੁਖਚੈਨਆਣਾ ਦੀ ਟੀਮ ਨੇ ਖਲਵਾੜਾ ਦੀ ਟੀਮ ਨੂੰ ਹਰਾਇਆ। ਉਪਰੰਤ ਪਲਾਹੀ ਗੇਟ ਅਤੇ ਬਹਿਰਾਮ ਦਾ ਮੁਕਾਬਲਾ ਹੋਇਆ ਜਿਸ ਵਿੱਚ ਪਲਾਹੀ ਗੇਟ ਦੀ ਟੀਮ ਨੇ ਜਿੱਤ ਨਾਲ ਸ਼ੁਰੂਆਤ ਕੀਤੀ। ਆਪਣੇ ਸੰਬੋਧਨ ਦੌਰਾਨ ਹਰਜੋਤ ਕੌਰ ਲੋਹਟੀਆ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਵਿੱਚ ਮੱਲਾਂ ਮਾਰਨੀਆਂ ਚਾਹੀਦੀਆਂ ਹਨ ਜਿਸ ਨਾਲ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਹੁੰਦਾ ਹੈ।

ਉਨ੍ਹਾਂ ਨਾਲ ਜਸਵੀਰ ਸ਼ੀਰਾ ਸੰਧਵਾਂ, ਮਹਿੰਦਰਪਾਲ ਸਿੰਘ, ਲੱਕੀ ਸੱਦੀ ਬੰਗਾ ਆਦਿ ਤੋਂ ਇਲਾਵਾ ਪ੍ਰਧਾਨ ਰਣਜੀਤ ਸਿੰਘ ਬਿੱਟਾ, ਕੁਲਵੰਤ ਕੁਮਾਰ ਕਾਂਤੀ, ਸੁਖਵਿੰਦਰ ਕੁਮਾਰ ਸੁੱਖਾ, ਸੋਮਨਾਥ ਬਿੱਟੂ, ਰਾਮ ਪਾਲ ਭੁੱਟੋ, ਬਲਿਹਾਰ ਕੈਲੇ, ਕੇਬਲ ਰਾਮ, ਕਮਲਜੀਤ ਸਿੰਘ ਪੰਚ, ਰਵਿੰਦਰ ਸਿੰਘ ਨੰਬਰਦਾਰ, ਹਰਨੇਕ ਸਿੰਘ ਲਾਡੀ, ਪਰਮਿੰਦਰ ਸਿੰਘ ਨੰਬਰਦਾਰ, ਪ੍ਰਧਾਨ ਗੁਰਦਿਆਲ ਸਿੰਘ ਫੌਜੀ, ਗੁਰਵਿੰਦਰ ਸਿੰਘ ਬੱਲ, ਉਪਕਾਰ ਸਿੰਘ ਬਾਹੜਾ, ਮਾਸਟਰ ਅਸ਼ੋਕ ਕੁਮਾਰ, ਰਵਿੰਦਰ ਸਿੰਘ ਸ਼ੌਕੀ, ਹਰਭਜਨ ਸਿੰਘ, ਮਾਸਟਰ ਜੁਗਿੰਦਰ ਸਿੰਘ, ਲਖਵੀਰ ਸਿੰਘ, ਕੁਲਵੰਤ ਸਿੰਘ, ਜਗਤਾਰ ਸਿੰਘ, ਚਰਨਜੀਤ ਸਿੰਘ, ਲਖਵੀਰ ਗੋਸ਼ਾ ਪੰਚ ਆਦਿ ਤੋਂ ਇਲਾਵਾ ਸਮੂਹ ਕਮੇਟੀ ਮੈਂਬਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਭੋਗ 'ਤੇ ਵਿਸ਼ੇਸ਼ — ਦਲੇਰ ਤੇ ਸੱਚ ਕਹਿਣ ਵਾਲੇ ਅੰਮ੍ਰਿਤ ਕੌਰ ਬਿੰਦਰਾ



ਰੂਪਨਗਰ-ਰੂਪਨਗਰ ਦੇ ਵੈਟਰਨ ਪੱਤਰਕਾਰ ਗੁਰਚਰਨ ਸਿੰਘ ਬਿੰਦਰਾ ਦੇ ਜੀਵਨ ਸਾਥੀ ਸ੍ਰੀਮਤੀ ਅਮ੍ਰਿਤ ਕੌਰ ਬਿੰਦਰਾ 17 ਜੁਲਾਈ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਦਾ ਜਨਮ 10 ਜਨਵਰੀ, 1937 ਨੂੰ ਰਾਵਲਪਿੰਡੀ (ਪਾਕਿਸਤਾਨ) ਦੀ ਬਸਤੀ ਟੰਚ ਵਿੱਚ ਗਿਆਨੀ ਕਿਰਪਾਲ ਸਿੰਘ ਦੇ ਘਰ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂਅ ਦਿਆ ਕੌਰ ਸੀ। ਇਹ ਬਹੁਤ ਹੀ ਧਾਰਮਿਕ ਪ੍ਰਵਿਰਤੀ ਵਾਲੇ ਸਨ। ਸੰਨ 1947 ਵਿੱਚ ਪੋਠੋਹਾਰ ਵਿੱਚ ਫਰਵਰੀ ਮਹੀਨੇ ਕਤਲੇਆਮ ਸਮੇਂ ਇਹ ਟੱਬਰ ਉਜੜ ਕੇ ਪਟਿਆਲਾ ਆ ਗਿਆ ਤੇ ਫਿਰ ਆਗਰਾ ਵਿੱਚ ਜਾ ਵਸਿਆ। 1954 ਵਿੱਚ ਇਨ੍ਹਾਂ ਦੀ ਸ਼ਾਦੀ ਹੋਈ। ਇਹ ਦਲੇਰ ਤੇ ਸੱਚ ਨੂੰ ਸੱਚ ਕਹਿਣ ਵਾਲੇ ਸਨ। ਉਹ 5 ਸਾਲ ਮਿਉਂਸੀਪਲ ਕਮੇਟੀ ਦੇ ਮੈਂਬਰ ਵੀ ਰਹੇ। ਕੁਝ ਸਾਲ ਪਹਿਲਾਂ ਇਨ੍ਹਾਂ ਨੂੰ ਆਪਣੇ ਚਾਰ ਪੁੱਤਰਾਂ 'ਚੋਂ ਆਪਣੇ ਸਭ ਤੋਂ ਛੋਟੇ ਪੁੱਤਰ ਦਾ ਸਦੀਵੀ ਵਿਛੋੜਾ ਦੇ ਜਾਣ ਦਾ ਦੁਖ ਸਹਿਣਾ ਪਿਆ।

ਇਨਾਂ ਨੇ ਛੋਟੀ ਆਮਦਨ ਨੂੰ ਮੈਨੇਜ ਕਰਕੇ ਆਪਣੇ ਪੁੱਤਰਾਂ, ਪੋਤੇ, ਪੋਤੀਆ ਨੂੰ ਇੰਜੀਨੀਅਰ, ਡਾਕਟਰ, ਨਰਸ ਵਰਗੇ ਚੰਗੇ ਪੇਸ਼ਿਆਂ ਵਿੱਚ ਸੈਟਲ ਕੀਤਾ। ਜ਼ਰੂਰਤਮੰਦਾਂ ਦੀ ਹਰ ਤਰ੍ਹਾਂ ਦੀ ਮਦਦ ਕਰਦੇ ਸਨ।

ਉਨ੍ਹਾਂ ਦੀ ਸੋਸ਼ਲ ਸਰਵਿਸ ਗੱਲਾਂ-ਬਾਤਾਂ ਨਾਲ ਨਹੀਂ ਬਲਕਿ ਡਾਇਰੈਕਟ ਐਕਸ਼ਨ ਹੁੰਦਾ ਸੀ। ਹਰ ਜਰੂਰਤਮੰਦ ਦੀ ਨਾ ਕੇਵਲ ਮਦਦ ਕਰਦੇ ਸਗੋ ਉਸ ਦਾ ਡਟਕੇ ਸਾਥ ਦਿੰਦੇ ਸਨ। ਮੈਡਮ ਬਿੰਦਰਾ ਦਾ ਸਾਰਾ ਪਰਵਾਰ ਤੇ ਇਹ ਖੁਦ ਰੋਪੜ (ਰੂਪਨਗਰ) ਦੀਆਂ ਸਮਾਜਿਕ ਸਫਾਂ ਵਿੱਚ ਸਰਗਰਮ ਭੂਮਿਕਾ ਅਦਾ ਕਰਦੇ ਰਹੇ ਹਨ। ਉਨ੍ਹਾਂ ਨਮਿਤ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 22 ਜੁਲਾਈ, 2023 ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸਿੰਘ ਸਭਾ, ਰੂਪਨਗਰ ਦੁਪਿਹਰ 12 ਵਜੇ ਤੋਂ 1.30 ਵਜੇ ਹੋਣਗੇ।

## ਯੋਗਾ ਕੈਂਪ ਪਹਿਲੀ ਤੋਂ-ਕਲਹਣ

**ਕਰਤਾਰਪੁਰ (ਹਰਮੇਸ਼ ਦੱਤ)** ਆਪੀ ਚੈਰੀਟੇਬਲ ਦੀ ਮੈਡਮ ਸੁਮਨ ਲਤਾ ਕਲਹਣ ਨੇ ਦੱਸਿਆ ਕਿ ਕਰਤਾਰਪੁਰ ਦੇ ਲੋਕਾਂ ਦੀ ਸਿਹਤ ਲਈ ਆਪੀ ਚੈਰੀਟੇਬਲ ਨੇ ਇੱਕ ਕਦਮ ਅੱਗੇ ਵਧਾਇਆ ਹੈ ਜਿਸ ਦੇ ਚੱਲਦਿਆ 1 ਅਗਸਤ ਮੰਗਲਵਾਰ ਤੋਂ ਯੋਗਾ ਕੈਂਪ ਦਾ ਅਯੋਜਨ ਕੀਤਾ ਜਾ ਰਿਹਾ ਹੈ। ਸਵੇਰੇ 7 ਤੋ 8 ਵਜੇ ਤੱਕ ਮਰਦਾਂ ਲਈ ਅਤੇ 8 ਤੋਂ 9 ਵਜੇ ਤੱਕ ਮਹਿਲਾਵਾਂ ਲਈ ਯੋਗਾ ਕਰਵਾਇਆ ਜਾਵੇਗਾ।

## ਮਨੀਪੁਰ ਘਟਨਾ ਅਤਿ ਸ਼ਰਮਸ਼ਾਰ ਤੇ ਨਿੰਦਣਯੋਗ-ਅਜਮੇਰ ਸਿੰਘ

ਜਲੰਧਰ (ਨਵਾਂ ਜ਼ਮਾਨਾ ਸਰਵਿਸ ) ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਸੂਬਾ ਕਮੇਟੀ ਵੱਲੋਂ ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਸੂਬਾ ਕਮੇਟੀ ਮੈਂਬਰ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਮਨੀਪੁਰ 'ਚ 4 ਮਈ ਨੂੰ ਵਾਪਰੀ ਘਟਨਾ ਜਿਸ ਵਿੱਚ ਦੋ ਆਦਿਵਾਸੀ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਇਆ ਗਿਆ, ਜੋ ਕਿ ਅਤਿ ਸ਼ਰਮਸ਼ਾਰ ਅਤੇ ਨਿੰਦਣਯੋਗ ਘਟਨਾ ਹੈ। ਉਹਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਆਦਿਵਾਸੀਆਂ, ਘੱਟ ਗਿਣਤੀਆਂ, ਦਲਿਤਾਂ, ਔਰਤਾਂ ਪ੍ਰਤੀ ਫਿਰਕੂ ਪ੍ਰਚਾਰ ਰਾਹੀਂ ਫੈਲਾਈ ਨਫ਼ਰਤ ਦਾ ਸਿੱਟਾ ਹੈ। ਕਾਫੀ ਲੰਬੇ ਅਰਸੇ ਤੋਂ ਵਾਪਰ ਰਹੀਆਂ ਘਟਨਾਵਾਂ ਦੀ ਲੜੀ ਦਾ ਹੀ ਹਿੱਸਾ ਹੈ। ਕਠੂਆ (ਯੂਪੀ) 'ਚ 7 ਸਾਲ ਦੀ ਬੱਚੀ ਨਾਲ ਸਮੂਹਿਕ ਬਲਾਤਕਾਰ ਕਰਕੇ ਕਤਲ ਕਰਨਾ, ਹਾਥਰਸ ਦਲਿਤ ਔਰਤ ਨਾਲ ਬਲਾਤਕਾਰ ਕਰਨਾ, ਗੁਜਰਾਤ ਦੀ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਕੇ ਉਸਦੇ ਪਰਵਾਰਕ ਮੈਂਬਰਾਂ ਨੂੰ ਮਾਰਨਾ ਇਸਦੀਆਂ ਕੁੱਝ ਉੱਭਰਵੀਆਂ ਉਦਾਹਰਨਾਂ ਹਨ। ਮਨੀਪੁਰ ਵਿੱਚ ਹਾਕਮ ਪਾਰਟੀ ਵੱਲੋਂ ਫੈਲਾਈ ਜਾ ਰਹੀ ਹਿੰਸਾ ਨੂੰ ਕੰਟਰੋਲ ਨਾ ਕਰਨਾ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਧਾਰੀ ਲੰਬੀ ਚੁੱਪ ਇਹੋ ਜਿਹੀਆਂ ਘਟਨਾਵਾਂ ਲਈ ਅਧਾਰ ਪੈਦਾ ਕਰਦੀ ਹੈ। ਰੂਸ-ਯੂਕਰੇਨ (ਨਾਟੋ) ਦੀ ਜੰਗਬੰਦੀ ਲਈ ਬਿਆਨਬਾਜੀ ਕਰਕੇ ਵਿਸ਼ਵ ਗੁਰੂ ਬਣਨ ਦਾ ਭਰਮ ਪਾਲਣ ਵਾਲਾ ਪ੍ਰਧਾਨ ਮੰਤਰੀ ਮੋਦੀ ਮਨੀਪੁਰ ਦੀ ਸਮੱਸਿਆ ਨੂੰ ਸੁਲਝਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਸਾਬਤ ਹੋਇਆ ਹੈ। ਇਸ ਕਰਕੇ ਦੇਸ਼ ਦੀ ਸਿਖਰਲੀ ਅਦਾਲਤ ਨੇ ਆਪਣੇ ਆਪ ਨੋਟਿਸ ਲੈ ਕੇ ਕੇਂਦਰ ਅਤੇ ਸੂਬਾ ਸਰਕਾਰ ਨੂੰ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਹਨਾਂ ਨੇ ਸਮੂਹ ਇਨਕਲਾਬੀ, ਜਮਹੂਰੀ, ਇਨਸਾਫ਼ਪਸੰਦ ਸ਼ਕਤੀਆਂ ਨੂੰ ਇਸਦੀ ਨਿਖੇਧੀ ਕਰਨ ਅਤੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਹੈ।

22-JULY-PAGE-10.qxd 7/21/2023 10:58 PM Page 1



# ਕਾਮਰੇਡ ਗਦਾਈਆ ਨੂੰ ਇਨਸਾਫ ਨਾ ਮਿਲਿਆ ਤਾਂ ਸੰਘਰਸ਼ ਤਿੱਖਾ ਤੇ ਤੇਜ਼ ਕਰਾਂਗੇ : ਐਕਸ਼ਨ ਕਮੇਟੀ



ਨਾਭਾ (ਵਰਿੰਦਰ ਵਰਮਾ)

ਨਾਭਾ ਤਹਿਸੀਲ ਦੇ ਪਿੰਡ ਸੁੱਖੇਵਾਲ ਵਿਖੇ 24 ਜੂਨ ਗੁਰਦੁਆਰਾ ਸਹਿਬ ਅੰਦਰ ਕਾਮਰੇਡ ਕਸਮੀਰ ਸਿੰਘ ਗਦਾਈਆ ਨਾਲ ਧਰਮਿੰਦਰ ਸਿੰਘ, ਬੇਅੰਤ ਸਿੰਘ, ਕੁਲਵੰਤ ਸਿੰਘ ਉਰਫ ਬੰਤ ਸਿੰਘ ਵੱਲੋਂ ਕੀਤੀ ਗਈ ਕੁੱਟਮਾਰ ਤੇ ਧਰਮਿੰਦਰ ਸਿੰਘ ਵੱਲੋਂ ਜਾਤੀ ਸੂਚਕ ਸਬਦ ਨਾਲ ਗਾਲੀ ਗਲੋਚ ਕਰਨ ਦੇ ਮਾਮਲੇ ਨੂੰ ਲੈ ਕੇ ਬਣੀ ਐਕਸ਼ਨ ਕਮੇਟੀ ਵੱਲੋਂ ਐੱਸ ਡੀ ਐੱਮ ਨਾਭਾ, ਡੀ ਐੱਸ ਪੀ ਨਾਭਾ ਨਾਲ ਮੁਲਕਾਤ ਕੀਤੀ ਗਈ। ਇਸ ਵਿੱਚ ਗੁਰਮੀਤ ਸਿੰਘ ਕਾਲਾਝਾੜ ਦਿਹਾਤੀ ਮਜ਼ਦੂਰ ਸਭਾ ਪੰਜਾਬ, ਗੁਰਮੀਤ ਸਿੰਘ ਥੂਹੀ ਆਈ ਡੀ ਪੀ, ਨਛੱਤਰ ਸਿੰਘ ਗੁਰਦਿੱਤਪੁਰਾ ਨਰੇਗਾ ਵਰਕਰਜ਼ ਯੂਨੀਅਨ, ਕੁਲਵੰਤ ਕੌਰ ਥੂਹੀ, ਰਮਨਦੀਪ ਕੌਰ ਬਾਬਰਪੁਰ ਡੈਮੋਕ੍ਰੇਟਿਕ ਮਗਨਰੇਗਾ ਫਰੰਟ ਪੰਜਾਬ, ਕ੍ਰਿਸ਼ਚਨ ਸਿੰਘ ਭੜੋ ਏਟਕ, ਕਸ਼ਮੀਰ ਸਿੰਘ ਗਦਾਈਆ, ਜੱਗਾ ਸਿੰਘ ਸੁੱਖੇਵਾਲ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ. ਏਟਕ, ਬਲਦੇਵ ਸਿੰਘ ਸੀ ਪੀ ਆਈ, ਰਾਮਧਨ ਸਿੰਘ ਰਵਿਦਾਸ ਸੇਵਾ ਸੁਸਾਇਟੀ ਬੌੜਾਂ ਗੇਟ ਨਾਭਾ ਸ਼ਾਮਲ ਸਨ। ਇਸ ਮੀਟਿੰਗ ਵਿੱਚ ਬੀ ਡੀ ਪੀ ਓ ਨਾਭਾ, ਏ ਪੀ ਓ, ਬੀ ਡੀ ਪੀ ਓ ਦਫਤਰ ਦੇ ਸੁਪਰਡੈਂਟ, ਜੀ ਆਰ ਐੱਸ ਮਗਨਰੇਗਾ ਨੇ ਸ਼ਾਮਲ ਹੋਣਾ ਸੀ, ਪਰ ਇਨ੍ਹਾਂ ਦੇ ਨਾਂ ਆਉਣ 'ਤੇ ਕਿਸੇ ਸਿੱਟੇ 'ਤੇ ਨਹੀਂ ਪੁੱਜਿਆ ਗਿਆ।

ਐਕਸ਼ਨ ਕਮੇਟੀ ਦੇ ਕਨਵੀਨਰ ਕ੍ਰਿਸ਼ਨ ਸਿੰਘ ਭੜੋ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਬੀ ਡੀ ਪੀ ਓ ਦਫਤਰ ਇਸ ਝਗੜੇ ਦੀ ਜੜ੍ਹ ਹੈ। 27 ਜੁਲਾਈ ਦੁਬਾਰਾ ਮੀਟਿੰਗ ਕਰਕੇ ਨਾਭਾ ਪ੍ਰਸ਼ਾਸਨ ਨੇ ਇਨਸਾਫ ਦੇਣ ਦਾ ਵਿਸ਼ਵਾਸ ਦਿਵਾਇਆ, ਜੇਕਰ ਇਨਸਾਫ ਨਾ ਹੋਇਆ ਤਾਂ ਐਕਸ਼ਨ ਕਮੇਟੀ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

# ਵਿਜੀਲੈਂਸ ਵੱਲੋਂ ਐੱਸ ਐੱਚ ਓ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਭ੍ਰਿਸ਼ਟਾਚਾਰ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਬੁੱਧਵਾਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਕਿੱਲਿਆਂਵਾਲੀ ਥਾਣੇ ਦੇ ਐੱਸ.ਐੱਚ.ਓ. ਇਕਬਾਲ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਐੱਸ.ਐੱਚ.ਓ. ਨੂੰ ਸਿਰਸਾ ਦੇ ਇੱਕ ਪਿੰਡ ਨੀਲਿਆਂਵਾਲੀ ਦੇ ਵਾਸੀ ਭੀਮ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਕਾਬੂ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਸ਼ਿਕਾਇਤਕਰਤਾ ਭੀਮ ਸਿੰਘ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਐੱਸ.ਐੱਚ. ਓ. ਨੇ ਉਸ ਦੇ ਲੜਕੇ ਖ਼ਿਲਾਫ਼ ਦਰਜ ਝੂਠੀ ਸ਼ਿਕਾਇਤ ਨੂੰ ਖਾਰਜ ਕਰਨ ਬਦਲੇ 20,000 ਰੁਪਏ ਰਿਸ਼ਵਤ ਮੰਗੀ ਸੀ ਤੇ ਸੌਦਾ 15,000 ਰੁਪਏ 'ਚ ਤੈਅ ਹੋਇਆ ਸੀ। ਬੁਲਾਰੇ ਨੇ ਦੱਸਿਆ ਕਿ ਮੁੱਢਲੀ ਤਫ਼ਤੀਸ਼ ਉਪਰੰਤ ਵਿਜੀਲੈਂਸ ਬਿਊਰੋ ਬਠਿੰਡਾ ਯੂਨਿਟ ਨੇ ਉਕਤ ਐੱਸ.ਐੱਚ.ਓ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਥਾਣਾ ਵਿਜੀਲੈਂਸ ਬਿਓਰੋ ਬਠਿੰਡਾ ਰੇਂਜ 'ਚ ਮੁਲਜ਼ਮ ਐੱਸ ਐੱਚ ਓ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ ਵੰਡਣ ਦੇ ਨਾਂਅ 'ਤੇ ਮਜ਼ਾਕ

## ਦੁੱਧ ਦੇ ਦੋ ਛੋਟੇ ਪੈਕਟ, ਇੱਕ ਬਰੈੱਡ, ਦੋ ਪੈਕਟ ਬਿਸਕੁਟ, ਮੋਮਬੱਤੀ, ਪਾਣੀ ਦੀਆਂ ਦੋ ਬੋਤਲਾਂ ਮਿਲੀਆਂ

ਫਾਜ਼ਿਲਕਾ (ਕ੍ਰਿਸ਼ਨ ਸਿੰਘ)



ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ ਅਤੇ ਹੋਰ ਸਮੱਗਰੀ ਵੰਡੀ ਜਾ ਰਹੀ ਹੈ। ਇਸ ਦੌਰਾਨ ਕੁਝ ਥਾਵਾਂ 'ਤੇ ਰਾਸ਼ਨ ਅਤੇ ਹੋਰ ਸਮੱਗਰੀ ਘੱਟ ਜਾਂ ਸਹੀ ਤਰੀਕੇ ਨਾਲ ਨਾ ਮਿਲਣ ਕਾਰਨ ਲੋਕਾਂ 'ਚ ਗੁੱਸਾ ਵੀ ਪਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਸਰਹੱਦੀ ਪਿੰਡ ਦੋਨਾ ਨਾਨਕਾ ਵਿਖੇ ਰਾਸ਼ਨ ਦੀ ਵੰਡ ਦੌਰਾਨ ਪਿੰਡ ਵਾਸੀਆਂ ਨੇ ਰਾਸ਼ਨ ਦੇਣ ਦੇ ਨਾਂ 'ਤੇ ਮਜ਼ਾਕ ਕਰਨ ਦੀ ਗੱਲ ਕਹਿ ਕੇ ਗੁੱਸਾ ਜ਼ਾਹਰ ਕੀਤਾ। ਇਸ ਮੌਕੇ ਪਿੰਡ ਵਾਸੀ ਮੰਗਲ ਸਿੰਘ, ਸ਼ਿਗਾਰਾ ਸਿੰਘ, ਨਾਨਕ ਸਿੰਘ, ਮਹਿੰਦਰ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਉਨ੍ਹਾਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ ਵੰਡਣ ਦੇ ਨਾਂ 'ਤੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 60-70 ਰੁਪਏ ਦੇ ਪੋਲੀਥੀਨ ਬੈਗ ਵਿੱਚ ਥੋੜ੍ਹਾ ਜਿਹਾ ਰਾਸ਼ਨ ਦਿੱਤਾ ਜਾ ਰਿਹਾ ਹੈ। ਇਸ ਵਿੱਚ ਦੁੱਧ ਦੇ ਦੋ ਛੋਟੇ ਪੈਕਟ (150), ਦੋ ਡਿਸਪੋਜ਼ੇਬਲ ਗਲਾਸ, ਦੋ ਪੈਕਟ ਬਿਸਕੁਟ, ਇੱਕ ਬਰੈੱਡ, ਮੋਮਬੱਤੀ, ਚਾਕਲੇਟ ਆਦਿ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਰਾਸ਼ਨ ਉਨ੍ਹਾਂ ਦੇ ਬੱਚਿਆਂ ਦੇ ਖਾਣੇ ਜਿੰਨਾ ਵੀ ਨਹੀਂ ਹੈ ਅਤੇ ਉਹ ਇਸ ਨਾਲ ਕਿਵੇਂ ਗੁਜ਼ਾਰਾ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਘਰ ਵਿੱਚ 5-6 ਮੈਂਬਰ ਹਨ ਅਤੇ ਕੁਝ ਲੋਕਾਂ ਦੇ ਘਰਾਂ ਵਿੱਚ ਵੀ ਵੱਡੇ ਪਰਵਾਰ ਰਹਿੰਦੇ ਹਨ, ਉਹ ਇਸ ਰਾਸ਼ਨ ਨਾਲ ਕਿਵੇਂ ਗੁਜ਼ਾਰਾ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਇੱਕ ਪਾਸੇ ਤਾਂ ਉਨ੍ਹਾਂ ਨੂੰ ਮਾਮੂਲੀ ਰਾਸ਼ਨ ਦੇ ਕੇ ਉਨ੍ਹਾਂ ਦਾ ਮਜ਼ਾਕ ਬਣਾਇਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਇਸ ਮਾਮੂਲੀ ਰਾਸ਼ਨ ਲਈ ਉਨ੍ਹਾਂ ਤੋਂ ਦਸਤਖ਼ਤ ਆਦਿ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਵਿਧਾਇਕ ਜਾਂ ਪ੍ਰਸ਼ਾਸਨ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਇਹ ਮਾਮੂਲੀ ਰਾਸ਼ਨ ਵੰਡਣ ਦੇ ਨਾਂ 'ਤੇ ਵੱਡਾ ਘਪਲਾ ਹੋ ਸਕਦਾ ਹੈ। ਕਿਉਂਕਿ ਉਨ੍ਹਾਂ ਨੂੰ ਨਾਮਾਤਰ ਰਾਸ਼ਨ ਦਿੱਤਾ ਜਾ ਰਿਹਾ ਹੈ, ਪਰ ਸੰਭਵ ਹੈ ਕਿ ਬਾਅਦ ਵਿਚ ਇਸ ਦਾ ਬਿੱਲ ਹਜ਼ਾਰਾਂ, ਲੱਖਾਂ ਵਿਚ ਬਣ ਜਾਵੇ। ਜਿਸ ਕਾਰਨ ਉਹ ਮਹਿਸੂਸ ਕਰ ਰਹੇ ਹਨ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਦੇ ਨਾਂ 'ਤੇ ਕੋਈ ਵੱਡਾ ਘਪਲਾ ਹੋਣ ਵਾਲਾ ਹੈ। ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ, ਤਾਂ ਜੋ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਹੋਣ ਵਾਲੀ ਘਪਲੇਬਾਜ਼ੀ ਦਾ ਪਰਦਾਫਾਸ਼ ਹੋ ਸਕੇ।

# ਪਾੜ 'ਚ ਡੁੱਬਣ ਕਾਰਨ ਵਿਅਕਤੀ ਦੀ ਮੌਤ

ਮੂਨਕ (ਰਾਜਪਾਲ ਸਿੰਗਲਾ)



ਮੂਨਕ ਤੋਂ ਟੋਹਾਣਾ ਮੁੱਖ ਮਾਰਗ 'ਤੇ ਹੜ੍ਹਾਂ ਦੇ ਪਾਣੀ ਕਾਰਨ ਪਏ ਪਾੜ 'ਚੋਂ ਲੰਘਣ ਦੀ ਕੋਸ਼ਿਸ਼ ਕਰਦੇ ਇੱਕ ਵਿਆਕਤੀ ਦੇ ਡੁੱਬ ਜਾਣ ਕਾਰਨ ਮੌਤ ਹੋ ਜਾਣ ਦੀ ਜਾਣਕਾਰੀ ਮਿਲੀ ਹੈ। ਮੂਨਕ-ਟੋਹਾਣਾ ਨੈਸ਼ਨਲ ਹਾਈਵੇਅ 'ਤੇ ਪਿੰਡ ਰਾਮਪੁਰਾ ਨੇੜੇ ਕਰੀਬ 150 ਫੁੱਟ ਦਾ ਪਾੜ ਪਿਆ ਹੋਇਆ ਸੀ। ਇਸ ਪਾੜ੍ਹ 'ਚ ਹੁਣ ਵੀ ਹੜ੍ਹਾਂ ਵਾਂਗ ਤੇਜ਼ ਪਾਣੀ ਵਗ ਰਿਹਾ ਸੀ। ਮੂਨਕ ਦਾ ਇੱਕ ਨੌਜਵਾਨ ਦੇਸੂ ਸਿੰਘ (30) ਪੁੱਤਰ ਜਗਰਾਜ ਸਿੰਘ ਜੋ ਆਪਣੇ ਕੰਮ ਲਈ ਮੂਨਕ ਤੋਂ ਰਾਮਪੁਰੇ ਜਾ ਰਿਹਾ ਸੀ, ਜਦੋਂ ਉਹ ਨੱਕੇ ਦੇ ਵਿਚਕਾਰ ਪਹੁੰਚਿਆ ਤਾਂ ਤੇਜ ਵਹਾਅ ਪਾਣੀ ਵਿੱਚ ਰੁੜ੍ਹ ਗਿਆ। ਗੋਤਾਖੋਰਾਂ ਵਲੋਂ ਕਈ ਘੰਟੇ ਦੀ ਮੁਸ਼ਕਤ ਬਾਅਦ ਉਸ ਦੀ ਡੈਡਬਾਡੀ ਲੱਭੀ ਗਈ, ਜੋ ਸਰਕਾਰੀ ਹਸਪਤਾਲ ਮੂਨਕ ਵਿਖੇ ਭੇਜ ਦਿੱਤੀ ਗਈ। ਮੌਕੇ 'ਤੇ ਮੌਜੂਦ ਲੋਕਾਂ ਨੇ ਪ੍ਰਸ਼ਾਸਨ ਖਿਲਾਫ ਰੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਉਥੇ ਕੋਈ ਪੁਖਤਾ ਪ੍ਰਬੰਧ ਨਾ ਹੋਣਾ ਉਸ ਦੀ ਮੌਤ ਦਾ ਕਾਰਨ ਬਣਿਆ। ਲੋਕਾਂ ਮੰਗ ਕੀਤੀ ਕਿ ਉਸ ਦੀ ਮਾਲੀ ਮਦਦ ਕੀਤੀ ਜਾਵੇ।

## ਕਾਤਰਾਂ

### ਭਾਰਤ ਵਿਕਾਸ਼ ਪ੍ਰੀਸ਼ਦ ਸੰਸਥਾ ਵੱਲੋਂ ਅੱਖਾਂ ਦਾ ਮੁਫਤ ਚੈਕਅੱਪ ਕੈਂਪ ਅੱਜ

**ਕੋਟ ਈਸੇ ਖਾਂ (ਅਰੋੜਾ)**-ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਕੋਟ ਈਸੇ ਖਾਂ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਅੱਖਾਂ ਦਾ ਮੁਫਤ ਚੈਕਅੱਪ ਕੈਂਪ ਅੱਜ ਗੁਰਦੁਆਰਾ ਭਾਈ ਲਾਲੋ ਜੀ ਵਿਸ਼ਵਕਰਮਾ ਧਰਮਸ਼ਾਲਾ ਅੰਮ੍ਰਿਤਸਰ ਰੋਡ ਕੋਟ ਇਸੇ ਖਾਂ ਵਿਖੇ ਸੇਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਇਆ ਜਾਵੇਗਾ। ਇਸ ਸੰਬੰਧੀ ਪ੍ਰੈਸ ਨੋਟ ਜਾਰੀ ਕਰਦਿਆ ਭਾਰਤ ਵਿਕਾਸ ਪ੍ਰੀਸ਼ਦ ਸੰਸਥਾਂ ਦੇ ਸੇਵਾਦਾਰਾਂ ਦੱਸਿਆ ਕਿ ਇਸ ਕੈਂਪ ਵਿੱਚ ਸਿਵਲ ਹਸਪਤਾਲ ਕੋਟ ਈਸੇ ਖਾਂ ਦੇ ਅੱਖਾਂ ਦੇ ਮਾਹਰ ਡਾਕਟਰ ਮਨਿੰਦਰ ਬਾਵਾ ਤੇ ਓਹਨਾ ਦੀ ਟੀਮ ਵੱਲੋਂ ਮਰੀਜਾਂ ਦੀਆ ਅੱਖਾਂ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਲੋੜਵੰਦ ਮਰੀਜਾਂ ਨੂੰ ਦਵਾਈਆਂ ਵੀ ਦਿੱਤੀਆਂ ਜਾਣਗੀਆਂ ਅਤੇ ਅਪਰੇਸ਼ਨ ਵੀ ਕਰਵਾਏ ਜਾਣਗੇ ਉਨ੍ਹਾਂ ਸ਼ਹਿਰ ਨਿਵਾਸੀਆ ਨੂੰ ਅਪੀਲ ਕੀਤੀ ਕਿ ਕੈਂਪ 'ਚ ਪਹੁੰਚ ਕੇ ਵੱਧ ਤੋਂ ਵੱਧ ਲਾਭ ਉਠਾਓ।

### ਸਦਾਬਹਾਰ ਫਲਦਾਰ ਬੂਟੇ ਲਗਾਉਣ ਦਾ ਚੱਲ ਰਿਹਾ ਢੁੱਕਵਾਂ ਸਮਾਂ : ਡਿਪਟੀ ਡਾਇਰੈਕਟਰ



**ਸੰਗਰੂਰ (ਪ੍ਰਵੀਨ ਸਿੰਘ)**-ਬਰਸਾਤਾਂ ਦੇ ਮੌਸਮ ਵਿੱਚ ਸਦਾਬਹਾਰ ਫਲਦਾਰ ਬੂਟੇ ਜਿਵੇਂ ਕਿ ਅਮਰੂਦ, ਅੰਬ, ਕਿੰਨੂ, ਨਿੰਬੂ ਅਦਿ ਪੂਰੀ ਤਰ੍ਹਾਂ ਕਾਮਯਾਬੀ ਨਾਲ ਲਗਾਏ ਜਾ ਸਕਦੇ ਹਨ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਬਾਗਬਾਨੀ ਡਾ. ਨਿਰਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ ਬਾਗ ਲਗਾਉਣ ਲਈ ਮੁੱਖ ਤੌਰ 'ਤੇ ਅਮਰੂਦ ਲਈ ਢੁੱਕਵਾਂ ਹੈ ਅਤੇ ਜੇਕਰ ਮਿੱਟੀ ਤੇ ਪਾਣੀ ਦੀ ਟੈਸਟ ਰਿਪੋਰਟ ਨਿੰਬੂ ਜਾਤੀ ਮੁਤਾਬਿਕ ਹੋਵੇ ਤਾਂ ਕਿੰਨੂ ਦਾ ਬਾਗ ਵੀ ਇਸ ਮੌਸਮ ਵਿਚ ਕਾਮਯਾਬੀ ਨਾਲ ਲਗਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਘਰੇਲੂ ਬਗੀਚੀ ਵਿੱਚ ਅੱਜ-ਕੱਲ੍ਹ ਚੀਕੂ, ਲੀਚੀ, ਡਰੈਗਨ ਫਰੂਟ, ਮੌਸੰਮੀ, ਸੰਤਰਾ, ਪਪੀਤਾ, ਅੰਜੀਰ ਆਦਿ ਘਰੇਲੂ ਖਪਤ ਲਈ ਲਗਾਏ ਜਾ ਸਕਦੇ ਹਨ। ਡਾ. ਨਿਰਵੰਤ ਸਿੰਘ ਨੇ ਦੱਸਿਆ ਕਿ ਬਾਗ ਲਗਾਉਣ ਤੋਂ ਪਹਿਲਾਂ ਬਾਗਬਾਨੀ ਵਿਭਾਗ ਦੇ ਬਲਾਕ ਜਾਂ ਜ਼ਿਲ੍ਹਾ ਪੱਧਰ 'ਤੇ ਦਫਤਰ ਨਾਲ ਸੰਪਰਕ ਜ਼ਰੂਰ ਕਰ ਲਿਆ ਜਾਵੇ ਤਾਂ ਜੋ ਮਿੱਟੀ ਪਾਣੀ ਦੇ ਹਿਸਾਬ ਨਾਲ ਬਾਗ ਦੀ ਚੋਣ ਕੀਤੀ ਜਾ ਸਕੇ ਅਤੇ ਬਾਗ ਸਹੀ ਫਾਸਲੇ ਲਗਾਇਆ ਜਾ ਸਕੇ ਅਤੇ ਬੂਟਿਆਂ ਦਾ ਪ੍ਰਬੰਧ ਵੀ ਭਰੋਸੇਯੋਗ ਨਰਸਰੀ ਤੋਂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਬਾਗਬਾਨੀ ਵਿਭਾਗ ਦੀਆਂ ਸਰਕਾਰੀ ਨਰਸਰੀਆਂ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਰਕਾਰੀ ਨਰਸਰੀਆਂ ਤੋਂ ਭਰੋਸੇਯੋਗ ਬੂਟਿਆਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਸਦਾਬਹਾਰ ਬੂਟਿਆਂ ਦਾ ਬਾਗ ਲਗਾਉਣ ਤੇ ਕੌਮੀ ਬਾਗਬਾਨੀ ਮਿਸ਼ਨ ਸਕੀਮ ਤਹਿਤ 40 ਪ੍ਰਤੀਸ਼ਤ ਸਬਸਿਡੀ ਦਿੱਤੀ ਜਾਂਦੀ ਹੈ।

### ਇੰਗਲਿਸ਼ ਸਟੂਡੀਓ ਸੰਸਥਾ ਨੇ ਲਗਵਾਇਆਂ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਲਗਾਤਾਰ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੀ ਹੈ। ਇਸ ਵਾਰ ਇਸ ਸੰਸਥਾ ਦੀ ਵਿਦਿਆਰਥਣ ਸੁੱਖਵੀਰ ਕੌਰ ਬਰਾੜ ਸਪੁੱਤਰੀ ਮੋਹਨਾ ਸਿੰਘ ਵਾਸੀ ਪਿੰਡ ਦੋਦਾ ਸ੍ਰੀ ਮੁਕਤਸਰ ਸਾਹਿਬ ਦਾ ਮਾਸਟਰ ਡਿਗਰੀ ਤੋਂ ਬਾਅਦ 6 ਸਾਲ ਦਾ ਗੈਪ ਸਟੱਡੀ ਵੀਜਾ ਰਿਫਊਜਲ ਹੋਣ ਤੋਂ ਬਾਵਜੂਦ ਕੈਨੇਡਾ 'ਚ ਸਥਿਤ ਅਲਗੋਮਾ ਯੂਨੀਵਰਸਿਟੀ ਦਾ ਵੀਜਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਸਾਈਕਲ ਚੋਰ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਮਾਛੀਵਾੜਾ ਪੁਲਸ ਵੱਲੋਂ ਸਾਈਕਲ ਚੋਰੀ ਕਰਨ ਦੇ ਕਥਿਤ ਦੋਸ਼ ਹੇਠ ਭਰਮੀਤ ਸਿੰਘ ਵਾਸੀ ਭੱਟੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਗੁਰਦੇਵ ਸਿੰਘ ਵਾਸੀ ਖੇੜਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਆਪਣਾ ਸਾਈਕਲ ਬਾਹਰ ਖੜਾ ਕਰਕੇ ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਵਿਖੇ ਮੱਥਾ ਟੇਕਣ ਗਿਆ ਸੀ। ਜਦੋਂ ਉਹ ਵਾਪਸ ਬਾਹਰ ਆਇਆ ਤਾਂ ਉਸ ਦਾ ਸਾਈਕਲ ਚੋਰੀ ਹੋ ਚੁੱਕਾ ਸੀ। ਉਸ ਨੂੰ ਪਤਾ ਲੱਗਾ ਕਿ ਇਹ ਸਾਈਕਲ ਭਰਮੀਤ ਸਿੰਘ ਨੇ ਚੋਰੀ ਕੀਤਾ ਹੈ ਜਿਸ 'ਤੇ ਇਸ ਸੰਬੰਧੀ ਪੁਲਸ ਨੇ ਮਾਮਲਾ ਦਰਜ ਕਰ ਚੋਰੀ ਦੇ ਕਥਿਤ ਦੋਸ਼ ਹੇਠ ਭਰਮੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

### ਅੱਖਾਂ ਦਾ ਮੁਫ਼ਤ ਕੈਂਪ ਲਗਾਇਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ ਐਨ ਜੀ ਓ ਅਤੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਜੱਥੇਦਾਰ ਬਾਬਾ ਵਧਾਵਾ ਸਿੰਘ (ਕਾਰ ਸੇਵਾ ਵਾਲੇ) ਦੇ ਵਿਸ਼ੇਸ਼ ਸਹਿਯੋਗ ਦੇ ਨਾਲ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਵਿਖੇ ਅੱਖਾਂ ਦੇ ਚਿੱਟੇ ਮੋਤੀਏ ਦਾ ਮੁਫ਼ਤ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਇਸ ਮੌਕੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਕੈਂਪ ਦਾ ਉਦਘਾਟਨ ਬਾਬਾ ਵਧਾਵਾ ਸਿੰਘ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ ਵੱਲੋਂ ਸੰਯੁਕਤ ਰੂਪ ਵਿਚ ਕੀਤਾ ਗਿਆ। ਕੈਂਪ ਸੰਬੰਧੀ ਜਾਣਕਾਰੀ ਦਿੰਦਿਆ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਕੈਂਪ ਵਿਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ 110 ਮਰੀਜ਼ਾਂ ਦੇ ਅੱਖਾਂ ਦੀ ਜਾਂਚ ਕੀਤੀ ਗਈ ਜਿਨ੍ਹਾਂ 'ਚੋਂ 25 ਮਰੀਜ਼ ਆਪ੍ਰੇਸ਼ਨ ਲਈ ਭੇਜੇ ਗਏ। ਮਰੀਜ਼ਾਂ ਦਾ ਮੁਫ਼ਤ ਆਪ੍ਰੇਸ਼ਨ ਕਰ ਕੇ ਲੈਂਜ਼ ਪਾਏ ਜਾਣਗੇ। ਇਸ ਮੌਕੇ ਇੰਸਪੈਕਟਰ ਕੁਲਜੀਤ ਸਿੰਘ ਗਿੱਲ, ਜਗਦੀਸ਼ ਸਿੰਘ ਰਾਠੌਰ, ਵਿਨੋਦ ਸ਼ਰਮਾ, ਜਗਦੀਸ਼ ਚਾਨਣਾ, ਮਿੰਕੂ ਹੰਸ, ਲਵਰੀਸ਼ ਸ਼ਰਮਾ, ਪ੍ਰੋ. ਬਲਦੀਪ ਕੌਰ, ਪਰਮਦੀਪਪਾਲ ਸਿੰਘ, ਨਿਧੀ ਸ਼ਰਮਾ, ਜਗਤਾਰ ਸਿੰਘ ਜੱਸੋਵਾਲ, ਪਰਮਜੀਤ ਸਿੰਘ ਪੰਮੀ, ਲਾਲਾ ਮੰਗਤ ਰਾਏ, ਤੇਜਿੰਦਰਪਾਲ ਸਿੰਘ ਬਰਾੜ, ਭਾਰਗਵ ਚਾਨਣਾ ਆਦਿ ਹਾਜ਼ਰ ਸਨ।

# ਪਿੰਡ ਢੱਡੇ ਵੱਲੋਂ ਹੜ੍ਹ ਪੀੜਤਾਂ ਲਈ ਰਾਸ਼ਨ ਭੇਜਣ 'ਚ ਪਹਿਲ ਕਦਮੀ



ਰਾਮਪੁਰ (ਦਰਸ਼ਨ ਜਿੰਦਲ)-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਢੱਡੇ ਦੇ ਨਗਰ ਨਿਵਾਸੀਆਂ ਵੱਲੋਂ ਜਦੋਂ ਤੋਂ ਹੀ ਹੜ੍ਹਾਂ ਦੀ ਮਾਰ ਪੰਜਾਬ ਵਿੱਚ ਸ਼ੁਰੂ ਹੋਈ ਹੈ ਉਦੋਂ ਤੋਂ ਹੀ ਸਮੂਹ ਨਗਰ ਨਿਵਾਸੀ ਵੱਧ ਚੜ੍ਹ ਕੇ ਹੜ੍ਹ ਪੀੜ੍ਹਤਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਸਮਾਣਾ ਅਤੇ ਸ਼ੁਤਰਾਣਾ ਦੇ ਨੇੜਲੇ ਪਿੰਡਾਂ ਧਰਮਹੇੜੀ, ਟਟਿਆਣਾ, ਨਵਾਂ ਗਾਉਂ ਆਦਿ ਪਿੰਡਾਂ ਅਤੇ ਕਸਬਿਆਂ ਵਿੱਚ ਤਿਆਰ ਕੀਤਾ ਲੰਗਰ, ਪਾਣੀ ਦੀਆਂ ਬੋਤਲਾਂ, ਹਰਾ ਚਾਰਾ, ਦਵਾਈਆਂ, ਬਰੈਡਾਂ ਦੀਆਂ ਪੇਟੀਆਂ ਪੀੜਤ ਪਿੰਡਾਂ ਵਿੱਚ ਭੇਜੀਆਂ ਜਾ ਰਹੀਆਂ ਹਨ ਜਿਸ ਵਿੱਚ ਪਿੰਡ ਦੇ ਸਮੂਹ ਬੱਚੇ, ਬੁੱਢੇ, ਮਾਈਆਂ, ਭੈਣਾਂ, ਨੌਜਵਾਨ ਵੀਰ ਸਾਰੇ ਹੀ ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ। ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼, ਢੱਡੇ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਅਤੇ ਪਿੰਡ ਦੇ ਨੌਜਵਾਨਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜਦੋਂ ਹੀ ਪੰਜਾਬ ਵਿੱਚ ਹੜ੍ਹ ਆਉਣ ਦੀ ਖਬਰ ਸੁਣੀ ਤਾਂ ਲੋਕਾਂ ਨੇ ਇਕੱਠੇ ਹੋ ਕੇ ਇਸ ਸੰਬਧੀ ਪਿੰਡ ਦੇ ਦੋਨੋਂ ਗੁਰੂਘਰਾਂ ਤੋਂ ਸੂਚਨਾ ਬੁਲਵਾ ਦਿੱਤੀ ਤਾਂ ਸਾਰਾ ਹੀ ਪਿੰਡ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਸੇਵਾ ਵਿੱਚ ਜੁਟ ਗਿਆ ਅਤੇ ਪਿੰਡ ਦਾ ਕੋਈ ਵੀ ਘਰ ਇਸ ਸੇਵਾ ਤੋਂ ਪਿੱਛੇ ਨਹੀ ਰਿਹਾ। ਪਿੰਡ ਦੇ ਹਰ ਇੱਕ ਵਸਿੰਦੇ ਨੇ ਆਪਣੇ ਵਿਤ ਤੋਂ ਵੱਧ ਯੋਗਦਾਨ ਇਸ ਸੇਵਾ ਵਿੱਚ ਪਾਇਆ। ਜੋ ਵਿਦਿਆਰਥੀ ਵਿਦੇਸ਼ਾਂ ਵਿੱਚ ਬੈਠੇ ਪੜ੍ਹ ਰਹੇ ਹਨ ਜਾਂ ਉਥੋਂ ਦੇ ਪੱਕੇ ਵਸਨੀਕ ਹਨ ਉਨ੍ਹਾਂ ਨੇ ਵੀ ਇਸ ਵਿਪਤਾ ਦੀ ਘੜੀ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਇਆ। ਨਗਰ ਨਿਵਾਸੀਆਂ ਵੱਲੋਂ ਹੁਣ ਤੱਕ 10 ਟਰਾਲੀਆਂ ਹਰਾ ਚਾਰਾ ਅਤੇ ਹੋਰ ਲੋੜੀਦਾਂ ਸਮਾਨ ਭੇਜਿਆ ਜਾ ਚੁੱਕਾ ਹੈ ਅਤੇ ਇਹ ਸੇਵਾ ਨਿਰੰਤਰ ਜਾਰੀ ਹੈ।

# ਬੀ ਕੇ ਯੂ ਏਕਤਾ ਆਜ਼ਾਦ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ 25 ਨੂੰ ਰੋਕੇਗੀ ਰੇਲਾਂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)



ਮੀਟਿੰਗ ਨੂੰ ਸੰਬੋਧਨ ਕਰਦਾ ਹੋਇਆ ਕਿਸਾਨ ਆਗੂ।

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ 24 ਨੂੰ ਡੀ ਸੀ ਦਫ਼ਤਰ ਤੇ ਜੇ ਸਰਕਾਰ ਜਥੇਬੰਦੀਆਂ ਵੱਲੋਂ ਰੱਖੀਆਂ ਮੰਗਾਂ ਨਹੀਂ ਮੰਨਦੀ ਤਾਂ 25 ਜੁਲਾਈ ਨੂੰ ਰੇਲ ਦੀਆਂ ਪਟੜੀਆਂ 'ਤੇ ਬੈਠ ਕੇ ਰੇਲਾਂ ਰੋਕੀਆਂ ਜਾਣਗੀਆਂ। ਅੱਜ ਇਸੇ ਪ੍ਰੋਗਰਾਮ ਦੀ ਲਾਮਬੰਦੀ ਲਈ ਪਿੰਡ ਕੁਲਾਰਾਂ, ਤੁੰਗਾਂ, ਉੱਪਲੀ, ਪਿੰਡਾਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ।

ਜਥੇਬੰਦੀ ਆਗੂ ਕੁਲਵਿੰਦਰ ਸੋਨੀ ਲੌਂਗੋਵਾਲ ਨੇ ਬੋਲਦਿਆਂ ਕਿਹਾ ਕਿ ਜਿਹੜੀ ਭਗਵੰਤ ਮਾਨ ਸਰਕਾਰ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਕਹਿੰਦੀ ਸੀ ਕਿ ਅਸੀਂ ਤਾਂ ਸਾਰੀਆਂ ਫਸਲਾਂ ਤੇ ਚੁਟਕੀ ਨਾਲ ਐੱਮ ਐੱਸ ਪੀ ਦੇ ਦਵਾਂਗੇ, ਅੱਜ ਵੋਟਾਂ ਲੈ ਕੇ ਉਨ੍ਹਾਂ ਦੇ ਐੱਮ ਐੱਲ ਏ ਲੁੱਕ ਕੇ ਬਹਿ ਗਏ ਹਨ ਤੇ ਉਹੀ ਮੂੰਗੀ-ਮੱਕੀ ਵਪਾਰੀਆਂ ਵੱਲੋਂ ਕੌਡੀਆਂ ਦੇ ਭਾਅ ਲੁੱਟੀ ਜਾ ਰਹੀ ਹੈ। ਹਰਦੇਵ ਸਿੰਘ ਕੁਲਾਰਾਂ ਨੇ ਕਿਹਾ ਕਿ ਮਾਨ ਸਰਕਾਰ ਮੋਦੀ ਤੇ ਕਾਰਪੋਰੇਟ ਘਰਾਣਿਆਂ ਦੀ ਪੈੜ ਵਿੱਚ ਪੈੜ ਧਰ ਕੇ ਧੜਾਧੜ ਪੰਜਾਬ ਵਿੱਚ ਪ੍ਰੀਪੇਡ ਮੀਟਰ ਲਗਾਏ ਜਾ ਰਹੇ ਹਨ ਤੇ ਪੰਜਾਬ ਦੀਆਂ ਜ਼ਮੀਨਾਂ ਨੂੰ ਪਾੜ ਕੇ ਭਾਰਤ ਮਾਤਾ ਯੋਜਨਾ ਦੇ ਤਹਿਤ ਨਿਕਲ ਰਹੀਆਂ ਕਾਰਪੋਰੇਟ ਦੀਆਂ ਸੜਕਾਂ ਤੇ ਯੋਗ ਮੁਆਵਜ਼ੇ ਲਈ ਸੰਘਰਸ਼ ਕਰ ਰਹੇ ਕਿਸਾਨਾਂ ਤੇ ਮੋਦੀ ਸਰਕਾਰ ਦੀ ਸ਼ਹਿ 'ਤੇ ਮਾਨ ਸਰਕਾਰ ਲਾਠੀਆਂ ਵਰ੍ਹਾ ਰਹੀ ਹੈ। ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਪਿੰਡਾਂ ਵਿੱਚ ਦੀ ਲੰਘ ਰਹੀ ਬੰਬ-ਨੁਮਾ ਤੇਲ ਪਾਈਪ ਲਾਈਨ ਨੂੰ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤੇ ਬਿਨਾਂ ਧੱਕੇ ਨਾਲ ਪਾਉਣ ਲਈ ਕਿਸਾਨਾਂ 'ਤੇ ਤਸ਼ੱਦਦ ਕਰਨਾ ਆਪ ਸਰਕਾਰ ਦਾ ਕਾਰਪੋਰੇਟ ਦੀ ਕੱਠਪੁਤਲੀ ਬਣ ਕੇ ਚੱਲਣ ਦਾ ਚਿਹਰਾ ਨੰਗਾ ਕਰਦਾ ਹੈ। ਬਲਾਕ ਆਗੂ ਜੰਗੀਰ ਸਿੰਘ ਉੱਭਾਵਾਲ ਤੇ ਕੁਲਵਿੰਦਰ ਤੁੰਗਾ ਨੇ ਕਿਹਾ ਕਿ ਪੰਜਾਬ ਇਸ ਵੇਲੇ ਪੂਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿੱਚ ਆ ਚੁੱਕਾ ਹੈ। ਕਿਸਾਨ ਮਜ਼ਦੂਰ ਭਰਾਵਾਂ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਡੁੱਬ ਚੁੱਕੀਆਂ ਹਨ, ਮਕਾਨ ਡਿੱਗ ਪਏ ਹਨ ਤੇ ਕਿੰਨੀਆਂ ਹੀ ਇਨਸਾਨੀ ਜਾਨਾਂ ਨਿਗਲ ਲਈਆਂ ਹਨ, ਇਸ ਨੂੰ ਇਕੱਲੀ ਕੁਦਰਤੀ ਮਾਰ ਕਹਿ ਕੇ ਮੌਕੇ ਦੀਆਂ ਤੇ ਪੁਰਾਣੀਆਂ ਸਰਕਾਰਾਂ ਨੂੰ ਇਸ ਗੱਲ ਤੋਂ ਬਰੀ ਨਹੀਂ ਕਰ ਸਕਦੇ, ਕਿਉਂਕਿ ਪੰਜਾਬ ਦੇ ਵਿੱਚ ਹੜ੍ਹ ਆਉਣ ਦਾ ਵਰਤਾਰਾ ਨਵਾਂ ਨਹੀਂ, ਬਲਕਿ ਪਹਿਲਾਂ ਵੀ ਹੜ੍ਹ ਪੰਜਾਬ ਵਿੱਚ ਆਉਂਦੇ ਰਹੇ ਹਨ, ਪਰ ਸਵਾਲ ਇਹ ਹੈ ਕਿ ਪੁਰਾਣੀ ਹੜ੍ਹਾਂ ਦੀ ਤਬਾਹੀ ਤੋਂ ਸਰਕਾਰਾਂ ਨੇ ਕੀ ਸਿੱਖਿਆ, ਕੀ ਅਗਾਂਊ ਪ੍ਰਬੰਧ ਕੀਤੇ? ਇਸ ਲਈ ਅਸੀਂ ਸਰਕਾਰ ਤੋਂ ਹੜ੍ਹ ਪੀੜਤਾਂ ਲਈ ਵੱਡੇ ਮੁਆਵਜ਼ੇ ਦੀ ਮੰਗ ਕਰਦੇ ਹਾਂ, ਮੁਆਵਜ਼ਾ ਨਾ ਮਿਲਣ ਦੀ ਸੂਰਤ ਵਿੱਚ ਜਥੇਬੰਦੀ ਵੱਲੋਂ ਸਖਤ ਸੰਘਰਸ਼ ਕੀਤਾ ਜਾਵੇਗਾ। ਪਿੰਡ ਉੱਪਲੀ ਦੀ ਮਾਵਾਂ ਭੈਣਾਂ ਦੀ ਅੱਜ ਪਿੰਡ ਕਮੇਟੀ ਦੀ ਚੋਣ ਵੀ ਕੀਤੀ ਗਈ। ਇਸ ਮੀਟਿੰਗ ਨੂੰ ਸੁਖਦੇਵ ਲੌਂਗੋਵਾਲ, ਸੁਖਦੇਵ ਸਿੰਘ ਕਿਲਾ ਭਰੀਆਂ, ਸੁਖਦੇਵ ਸਿੰਘ ਉਪਲੀ ਆਦਿ ਨੇ ਸੰਬੋਧਨ ਕੀਤਾ।

# ਸੂਬਾ ਪੱਧਰੀ ਆਲ ਇੰਡੀਆ ਕੁਇਜ਼ ਮੁਕਾਬਲਿਆਂ 'ਚ ਤਪਾ ਦੇ ਵਿਦਿਆਰਥੀਆਂ ਦੀ ਝੰਡੀ



ਸੂਬਾ ਪੱਧਰੀ ਮੱਲਾਂ ਮਾਰਨ ਤੋਂ ਬਾਅਦ ਸਕੂਲ ਦਾ ਸਮੂਹ ਸਟਾਫ ਬੱਚਿਆਂ ਨੂੰ ਵਧਾਈ ਦਿੰਦਾ ਹੋਇਆ।

ਤਪਾ ਮੰਡੀ (ਅਰੁਣ ਗੋਇਲ)

ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਰਨਾਲਾ ਸਰਬਜੀਤ ਸਿੰਘ ਤੂਰ ਤੇ ਉਨ੍ਹਾਂ ਦੀ ਟੀਮ ਦੀ ਰਹਿਨੁਮਾਈ ਹੇਠ 19 ਜੁਲਾਈ 2023 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਤਪਾ ਵਿਖੇ ਭਾਰਤੀ ਰਿਜ਼ਰਵ ਬੈਂਕ ਵਿੱਤੀ ਸਮਾਵੇਸ਼ਨ ਤੇ ਵਿਕਾਸ ਵਿਭਾਗ ਚੰਡੀਗੜ੍ਹ ਦੁਆਰਾ ਵਿੱਤੀ ਸਾਖਰਤਾ ਵਿਸ਼ੇ ਉੱਤੇ ਸਟੇਟ ਪੱਧਰੀ ਆਲ ਇੰਡੀਆ ਕੁਇੰਜ਼ 2023 ਚੰਡੀਗੜ੍ਹ ਵਿਖੇ ਕਰਵਾਇਆ ਗਿਆ, ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਪਾ (ਮੁੰਡੇ) ਦੇ ਵਿਦਿਆਰਥੀਆਂ ਅਰਸ਼ਦੀਪ ਗੋਇਲ ਜਮਾਤ ਨੌਵੀਂ ਬੀ ਤੇ ਤੇਜਿੰਦਰ ਸਿੰਘ ਜਮਾਤ ਦਸਵੀਂ ਏ ਨੇ ਮਾਸਟਰ ਪਵਨ ਬਾਂਸਲ ਦੀ ਅਗਵਾਈ ਹੇਠ ਪੰਜਾਬ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਤੇ ਆਪਣਾ ਜ਼ਿਲ੍ਹਾ ਬਰਨਾਲਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਪ੍ਰਤੀਯੋਗਤਾ ਵਿੱਚ ਜੇਤੂ ਟੀਮ ਦੇ ਹਰੇਕ ਵਿਦਿਆਰਥੀ ਨੂੰ 10 ਹਜ਼ਾਰ ਰੁਪਏ ਨਗਦ ਰਾਸ਼ੀ ਸਰਟੀਫਿਕੇਟ ਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ।

ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਪੂਰੇ ਸਟਾਫ ਤੇ ਐਸ.ਐਮ.ਸੀ. ਮੈਂਬਰਜ਼ ਵੱਲੋਂ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਇਸ ਦੇ ਨਾਲ ਹੀ ਮਾਰਚ 2023 ਦੀਆਂ ਬਾਰਵੀਂ ਜਮਾਤ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਵੀ ਸਕੂਲ ਇੰਚਾਰਜ ਪ੍ਰਿੰਸੀਪਲ ਤਲਵਿੰਦਰ ਸਿੰਘ ਸਿੱਧੂ ਤੇ ਐੱਸ ਐੱਮ ਸੀ ਮੈਂਬਰਜ਼ ਵੱਲੋਂ ਸਨਮਾਨਤ ਕੀਤਾ ਗਿਆ, ਜਿਸ ਵਿੱਚ ਸ੍ਰੀ ਅੰਕੁਰ ਕੁਮਾਰ ਦੀ ਜਮਾਤ ਦੇ ਸੱਤ ਵਿਦਿਆਰਥੀਆਂ ਨੇ ਬਾਰਵੀਂ ਕੰਪਿਊਟਰ ਸਾਇੰਸ ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ, ਪੰਜਾਬੀ ਮਾਸਟਰ ਸ੍ਰੀ ਪਵਨ ਕੁਮਾਰ ਦੀ ਜਮਾਤ ਦੇ ਪੰਜ ਵਿਦਿਆਰਥੀਆਂ ਨੇ ਬਾਰਵੀਂ ਪੰਜਾਬੀ ਵਿੱਚੋਂ ਸੌ ਵਿੱਚੋਂ 100 ਅੰਕ ਪ੍ਰਾਪਤ ਕੀਤੇ, ਮੈਥ ਲੈਕਚਰਾਰ ਸ਼੍ਰੀਮਤੀ ਰੁਚਿਕਾ ਜੈਨ ਦੀ ਜਮਾਤ ਦੇ ਤਿੰਨ ਵਿਦਿਆਰਥੀਆਂ ਨੇ ਬਾਰਵੀਂ ਗਣਿਤ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ ਤੇ ਸ਼੍ਰੀਮਤੀ ਅੰਜੂ ਬਾਲਾ ਦੀ ਜਮਾਤ ਦੇ ਦੋ ਵਿਦਿਆਰਥੀਆਂ ਨੇ ਬਾਰਵੀਂ ਕੰਪਿਊਟਰ ਸਾਇੰਸ ਵਿਸ਼ੇ ਵਿੱਚੋਂ 100 'ਚੋਂ 100 ਅੰਕ ਪ੍ਰਾਪਤ ਕੀਤੇ। ਇਸ ਸਮੇਂ ਸਕੂਲ ਐੱਸ ਐੱਮ ਸੀ, ਸਕੂਲ ਸਟਾਫ ਤੇ ਵਿੱਦਿਆਰਥੀ ਹਾਜ਼ਰ ਸਨ।

# ਛੱਤਿਆਣਾ ਦੇ ਨੌਜਵਾਨ ਹੜ੍ਹ ਪੀੜਤਾਂ ਦੀ ਸੇਵਾ 'ਚ ਜੁਟੇ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)



ਗਿੱਦੜਬਾਹਾ ਦੇ ਪਿੰਡ ਛੱਤਿਆਣਾ ਦੇ ਨੌਜਵਾਨ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਲਗਾਤਾਰ ਜੁਟੇ ਹੋਏ ਹਨ। ਇਨ੍ਹਾਂ ਨੌਜਵਾਨਾਂ ਵੱਲੋਂ ਹੜ੍ਹ ਪੀੜਤਾਂ ਲਈ ਘਰੇਲੂ ਜ਼ਰੂਰਤ ਦੇ ਸਾਮਾਨ ਦੇ ਨਾਲ ਨਾਲ ਲਗਾਤਾਰ ਹਰੇ ਚਾਰੇ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸੰਬਧੀ ਸੇਵਾਦਾਰ ਨੌਜਵਾਨਾਂ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ ਵੱਲੋਂ ਬੇਹੱਦ ਸਹਿਯੋਗ ਮਿਲ ਰਿਹਾ ਹੈ, ਜਿਸ ਨਾਲ ਲਗਾਤਾਰ ਸੇਵਾ ਜਾਰੀ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜਤ ਕਿਸਾਨਾਂ ਲਈ ਝੋਨੇ ਦੀ ਪੀ ਆਰ 126 ਪਨੀਰੀ ਬੀਜਣ ਲਈ ਢਾਈ ਕਿੱਲੇ ਪੰਚਾਇਤੀ ਜ਼ਮੀਨ, ਰਾਜਿੰਦਰ ਸਿੰਘ ਰਾਜਾ ਪੁੱਤਰ ਸੁਖਦੇਵ ਸਿੰਘ ਪੱਪੂ ਨੇ ਇੱਕ ਏਕੜ, ਬਿੰਦਰ ਸਿੰਘ ਜੱਸੜ ਤੇ ਕੁਲਦੀਪ ਜੱਸੜ ਨੇ 7 ਕਨਾਲਾਂ, ਦੀਪਾ ਬਰਾੜ ਕਿਸਾਨ ਆਗੂ ਨੇ 2 ਕਨਾਲਾਂ, ਬਲਜਿੰਦਰ ਸਿੰਘ ਨੇ 2 ਕਨਾਲਾ ਜ਼ਮੀਨ ਪਨੀਰੀ ਬੀਜਣ ਲਈ ਦਿੱਤੀ ਹੈ, ਜਿਸ ਵਿੱਚ ਸੇਵਾਦਾਰਾਂ ਨੇ ਪਨੀਰੀ ਬੀਜ ਦਿੱਤੀ ਹੈ। ਉਨ੍ਹਾ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਪਹਿਲ ਦੇ ਅਧਾਰ 'ਤੇ ਲੋੜ ਮੁਤਾਬਕ ਟਰੈਕਟ ਟਰਾਲੇ ਤੇ ਹੋਰ ਸੰਦੇ ਦਿੱਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਸਰਦੂਲਗੜ੍ਹ ਦੇ ਨੇੜੇ ਬੰਨ੍ਹ ਪੂਰਨ ਲਈ ਪਿੰਡ ਵਿੱਚੋਂ ਇੱਕ ਪਿਕਅੱਪ ਗੱਟਿਆਂ ਦੀ ਭਰ ਕੇ ਸੇਵਾ ਲਈ ਲੈ ਕੇ ਨੌਜਵਾਨ ਗਏ ਹਨ। ਇਸ ਦੁੱਖ ਦੀ ਘੜੀ ਵਿੱਚ ਅੱਗੇ ਆ ਕੇ ਪੀੜਤਾਂ ਦਾ ਸਹਿਯੋਗ ਕਰਨ ਦੀ ਬਹੁਤ ਲੋੜ ਹੈ।

# ਦੋ ਲੱਖ ਰੁਪਏ ਤੱਕ ਸਕਾਲਰਸ਼ਿਪ ਲੈ ਸਕਦੇ ਹਨ ਵਿਦਿਆਰਥੀ : ਡਾ. ਧੂਰੀ

## ਮਿਸ਼ਨ ਫਤਹਿ ਲਈ ਰਜਿਸਟਰੇਸ਼ਨ ਸ਼ੁਰੂ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ ਮੌਕੇ ਮਿਸ਼ਨ ਫਤਹਿ ਦਾ ਆਗਾਜ਼ ਕੀਤਾ ਗਿਆ ਸੀ, ਜਿਸ ਤਹਿਤ ਪੰਜਾਬ ਦੇ ਹੋਣਹਾਰ ਪ੍ਰੰਤੂ ਆਰਥਿਕ ਤੌਰ 'ਤੇ ਪੱਛੜੇ ਵਿਦਿਆਰਥੀਆਂ ਨੂੰ ਇੱਕ ਲੱਖ ਰੁਪਏ ਤੋਂ ਦੋ ਲੱਖ ਰੁਪਏ ਤੱਕ ਪ੍ਰਤੀ ਵਿਦਿਆਰਥੀ ਸਕਾਲਰਸ਼ਿਪ ਦੇਣ ਦੀ ਤਜਵੀਜ਼ ਹੈ। ਜਾਣਕਾਰੀ ਦਿੰਦੇ ਹੋਏ ਫਾਊਂਡੇਸ਼ਨ ਦੇ ਫਾਊਂਡਰ ਡਾ. ਜਗਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਕਿਸੇ ਸਮੇਂ ਮਿਲਟਰੀ ਸੇਵਾਵਾਂ ਤੇ ਸਿਵਲ ਸਰਵਿਸਿਜ਼ ਸੇਵਾਵਾਂ ਲਈ ਜਾਣਿਆ ਜਾਂਦਾ ਸੀ। ਇੱਥੋਂ ਦੇ ਨੌਜਵਾਨ ਮਿਲਟਰੀ ਦੀਆਂ ਉੱਚ ਪਦਵੀਆਂ ਤੇ ਪੰਜਾਬ ਦੇ ਉੱਚ ਅਹੁਦਿਆਂ 'ਤੇ ਬਿਰਾਜ਼ਮਾਨ ਸਨ। ਪਿਛਲੇ ਕੁਝ ਦਹਾਕਿਆਂ ਵਿੱਚ ਬਾਹਰਲੇ ਦੇਸ਼ਾਂ ਵੱਲ ਹੋਏ ਰੁੱਖ ਕਾਰਨ ਪੰਜਾਬ ਦੀ ਪ੍ਰਤੀਨਿਧਤਾ ਇਨ੍ਹਾਂ ਸੇਵਾਵਾਂ ਵਿੱਚ ਘਟੀ ਹੈ। ਆਪਣਾ ਪੰਜਾਬ ਫਾਊਂਡੇਸ਼ਨ ਦੀ ਟੀਮ ਵੱਲੋਂ ਪੰਜਾਬ ਦੇ ਹੋਣਹਾਰ ਵਿਦਿਆਰਥੀਆਂ ਨੂੰ ਮੁੜ ਇਨ੍ਹਾਂ ਸੇਵਾਵਾਂ ਵੱਲ ਪ੍ਰੇਰਿਤ ਕਰਨ ਲਈ ਮਿਸ਼ਨ ਫਤਹਿ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕਾਲਰਸ਼ਿਪ ਲਈ ਰਜਿਸਟਰੇਸ਼ਨ ਸ਼ੁਰੂ ਹੈ। ਜਿਹੜੇ ਉਮੀਦਵਾਰ ਯੂ.ਪੀ.ਐੱਸ.ਸੀ., ਪੀ.ਪੀ.ਐਸ.ਸੀ., ਐਨ.ਡੀ.ਏ., ਸੀ.ਡੀ.ਐਸ. (ਆਈ.ਐਮ.ਏ.), ਐਸ.ਐਸ.ਸੀ. (ਓ.ਟੀ.ਏ.) ਪ੍ਰੀਖਿਆਵਾਂ ਦੇਣ ਦੇ ਇੱਛੁਕ ਹਨ, ਉਨ੍ਹਾਂ ਨੂੰ ਇਸ ਸਕਾਲਰਸ਼ਿਪ ਲੈਣ ਲਈ ਫਾਊਂਡੇਸ਼ਨ ਵੱਲੋਂ ਕਰਵਾਏ ਜਾਣ ਵਾਲਾ ਲਿਖਤੀ ਟੈਸਟ ਤੇ ਇੰਟਰਵਿਊ ਦਾ ਸਾਹਮਣਾ ਕਰਨਾ ਪਵੇਗਾ। ਕੁੱਲ 30 ਵਿਦਿਆਰਥੀਆਂ ਨੂੰ ਇਹ ਸਕਾਲਰਸ਼ਿਪ ਜਾਰੀ ਹੋਵੇਗਾ, ਜਿਸ ਨਾਲ ਉਹ ਆਪਣੇ ਮਨਪਸੰਦ ਕੋਚਿੰਗ ਸੈਂਟਰ ਤੋਂ ਤਿਆਰੀ ਕਰ ਕੇ ਇਹ ਪ੍ਰੀਖਿਆ ਦੇ ਸਕਦੇ ਹਨ। ਜ਼ਿਕਰਯੋਗ ਹੈ ਕਿ ਮਿਸ਼ਨ ਫਤਹਿ ਤਹਿਤ ਇਹ ਸਕਾਲਰਸ਼ਿਪ ਪ੍ਰੀਖਿਆ ਹਰ ਸਾਲ ਹੋਵੇਗੀ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹਨ। ਰਜਿਸਟਰੇਸ਼ਨ ਲਈ ਪੰਜਾਬ ਦੇ ਫੈਡਰੇਸ਼ਨ ਦੇ ਮੈਂਬਰ ਸਕੂਲਾਂ ਦੀਆਂ ਮੈਨੇਜਮੈਂਟ ਜਾਂ ਪ੍ਰਿੰਸੀਪਲ ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਰਜਿਸਟਰੇਸ਼ਨ ਲਈ ਫਾਊਂਡੇਸ਼ਨ ਦੀ ਵੈੱਬਸਾਇਟ 'ਤੇ ਗੂਗਲ ਲਿੰਕ ਵੀ ਦਿੱਤਾ ਗਿਆ ਹੈ, ਜਿਸ ਦੀ ਆਖਰੀ ਮਿਤੀ 25 ਜੁਲਾਈ 2023 ਹੈ।

# ਖੇਤੀ ਲਈ ਯੂਰੀਏ ਦੀ ਕਿੱਲਤ ਖਤਮ ਕੀਤੀ ਜਾਵੇ

ਜਗਰਾਉਂ (ਅਮਿਤ ਖੰਨਾ)



ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਕਮੇਟੀ ਦਾ ਵਫਦ ਅੱਜ ਇਥੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਦੀ ਅਗਵਾਈ 'ਚ ਸਥਾਨਕ ਐਸ ਡੀ ਐਮ ਮਨਜੀਤ ਕੌਰ ਨੂੰ ਮਿਲਿਆ। ਵਫਦ ਨੇ ਲਿਖਤੀ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਖੇਤੀ ਲਈ ਯੂਰੀਏ ਦੀ ਕਿੱਲਤ ਖਤਮ ਕੀਤੀ ਜਾਵੇ। ਹੜ੍ਹਾਂ ਕਾਰਨ ਬਰਬਾਦ ਹੋਈਆਂ ਫਸਲਾਂ ਲਈ ਤਾਂ ਯੂਰੀਆ ਦੀ ਮੰਗ ਪਹਿਲਾਂ ਨਾਲੋਂ ਵੀ ਵਧ ਚੁੱਕੀ ਹੈ। ਉਨ੍ਹਾਂ ਕਿਹਾ ਕਿ ਨਿੱਜੀ ਸਪਲਾਇਰ ਯੂਰੀਆ ਦੇ ਨਾਲ ਜੋ ਵਾਧੂ ਸਮਾਨ ਕਿਸਾਨੀ ਸਿਰ ਥੋਪਦੇ ਹਨ, ਨੂੰ ਸਖਤੀ ਨਾਲ ਰੋਕਿਆ ਜਾਵੇ। ਇਸ ਮਾਮਲੇ ਦੇ ਹੱਲ ਦਾ ਸਿਵਲ ਅਧਿਕਾਰੀ ਨੇ ਡੀ ਸੀ ਲੁਧਿਆਣਾ ਅਤੇ ਖੇਤੀਬਾੜੀ ਮਹਿਕਮੇ ਨਾਲ ਤੁਰੰਤ ਗੱਲ ਕਰਕੇ ਹੱਲ ਕਰਨ ਦਾ ਭਰੋਸਾ ਦਿਵਾਇਆ। ਵਫਦ ਨੇ ਐਸ ਡੀ ਐਮ ਤੋਂ ਸਿਧਵਾਂ ਅਤੇ ਅਖਾੜਾ ਨਹਿਰਾਂ ਦੀ ਕੀਤੀ ਬੰਦੀ ਤੁਰੰਤ ਖਤਮ ਕਰਵਾਉਣ ਦੀ ਮੰਗ ਕੀਤੀ ਕਿਉਂਕਿ ਬਾਰਸ਼ ਵੀ ਘੱਟ ਹੋਣ ਕਾਰਨ ਤੇ ਖੇਤੀ ਮੋਟਰਾਂ ਲਈ ਬਿਜਲੀ ਸਪਲਾਈ ਵੀ ਘਟਣ ਕਾਰਨ ਸੋਕੇ ਵਾਲੀ ਸਥਿਤੀ ਬਣਦੀ ਜਾ ਰਹੀ ਹੈ। ਇਸ ਸੰਬੰਧੀ ਵੀ ਐਸ ਡੀ ਐਮ ਨੇ ਤੁਰੰਤ ਐਕਸ਼ਨ ਲੈਣ ਦਾ ਭਰੋਸਾ ਦਿੱਤਾ। ਵਫਦ ਨੇ ਸਬ ਡਵੀਜ਼ਨਲ ਅਧਿਕਾਰੀ ਤੋਂ ਬੇਟ ਇਲਾਕੇ 'ਚ ਸਤਲੁਜ 'ਚ ਹੜ੍ਹਾਂ ਕਾਰਨ ਬੰਨ੍ਹ ਦੇ ਨੇੜਲੇ ਪਿੰਡਾਂ 'ਚ ਫਸਲਾਂ, ਘਰਾਂ, ਪਸ਼ੂਆਂ ਦੇ ਹੋਏ ਨੁਕਸਾਨ ਦੀ ਯੋਗ ਮੁਆਵਜ਼ਾ ਪੂਰਤੀ ਕਰਨ ਦੀ ਮੰਗ ਕੀਤੀ। ਵਫਦ ਨੇ ਹਰ ਵਾਰ ਬੰਨ੍ਹ ਦੇ ਹੁੰਦੇ ਨੁਕਸਾਨ ਦੇ ਮੱਦੇਨਜ਼ਰ ਧੁੱਸੀ ਬੰਨ੍ਹ ਦੀ ਪੱਕੀ ਉਸਾਰੀ ਦੀ ਮੰਗ ਕਰਨ 'ਤੇ ਉਪ ਮੰਡਲ ਅਧਿਕਾਰੀ ਨੇ ਦੱਸਿਆ ਕਿ ਉਹ ਇਸ ਕੰਮ ਲਈ ਪਹਿਲਾਂ ਹੀ ਯਤਨਸ਼ੀਲ ਹਨ। ਇਸ ਸਮੇ ਵਫਦ ਨੇ ਏ ਪੀ ਰਿਫਾਈਨਰੀ ਤੱਪੜ ਹਰਨੀਆਂ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ ਲਈ ਫੈਕਟਰੀ ਚੋਂ ਤੇ ਆਲੇ ਦੁਆਲੇ ਖੇਤੀ ਮੋਟਰਾਂ ਤੋਂ ਲਏ ਪਾਣੀ ਦੇ ਸੈਂਪਲਾਂ ਦੀ ਜਾਂਚ ਰਿਪੋਰਟ ਬਾਰੇ ਜਾਣਕਾਰੀ ਹਾਸਲ ਕਰਨ ਦੀ ਮੰਗ ਕਰਨ 'ਤੇ ਅਧਿਕਾਰੀ ਨੇ ਅੱਜ ਮੁੜ ਸੰਬੰਧਤ ਮਹਿਕਮੇ ਨੂੰ ਪੱਤਰ ਲਿਖਣ ਦੀ ਗੱਲ ਕਹੀ, ਜਿਸ 'ਤੇ ਮਾਮਲੇ ਨੂੰ ਲਟਕਾਉਣ 'ਤੇ ਵਫਦ ਨੇ ਤਿੱਖੇ ਰੋਸ ਦਾ ਪ੍ਰਗਟਾਵਾ ਕੀਤਾ। ਵਫਦ 'ਚ ਇੰਦਰਜੀਤ ਸਿੰਘ ਧਾਲੀਵਾਲ ਜ਼ਿਲ੍ਹਾ ਸਕੱਤਰ, ਦੇਵਿੰਦਰ ਸਿੰਘ ਕਾਉਂਕੇ ਜ਼ਿਲ੍ਹਾ ਪ੍ਰੈੱਸ ਸਕੱਤਰ, ਬਲਾਕ ਪ੍ਰਧਾਨ ਹੰਬੜਾਂ ਬੇਅੰਤ ਸਿੰਘ ਬਾਣੀਏ ਵਾਲ, ਬਲਾਕ ਸਕੱਤਰ ਸਿੱਧਵਾਂ ਬੇਟ ਗੁਰਮੇਲ ਸਿੰਘ ਭਰੋਵਾਲ, ਬਲਾਕ ਸਕੱਤਰ ਜਗਰਾਉਂ ਪਾਲ ਸਿੰਘ ਡੱਲਾ, ਬਹਾਦਰ ਸਿੰਘ ਨਵਾਂ ਡੱਲਾ ਸਾਬਕਾ ਸਰਪੰਚ, ਇੰਦਰਜੀਤ ਸਿੰਘ ਗੋਰਸੀਆਂ ਹਾਕਮ ਰਾਏ ਸ਼ਾਮਲ ਸਨ।

# ਸਿਵਲ ਹਸਪਤਾਲ ਮਲੋਟ ਨੇ ਕੀਤੀ ਆਪਣੀ ਵੱਖਰੀ ਪਹਿਚਾਣ ਕਾਇਮ



ਮਲੋਟ (ਗੁਰਮੀਤ ਸਿੰਘ ਮੱਕੜ)

ਸਥਾਨਕ ਸਿਵਲ ਹਸਪਤਾਲ ਵਿਖੇ ਬੀਤੇ ਇੱਕ ਸਾਲ ਵਿਚ ਸ਼ਹਿਰ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਵਧੀਆ ਸਿਹਤ ਸਹੂਲਤਾਂ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਹਸਪਤਾਲ ਦੇ ਐਸ.ਐਮ.ਓ. ਡਾ. ਸੁਨੀਲ ਬਾਂਸਲ ਵੱਲੋਂ ਇੱਕ ਪ੍ਰੈਸ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਉਨ੍ਹਾਂ ਨੇ ਮਲੋਟ ਦੇ ਸਿਵਲ ਹਸਪਤਾਲ ਵਿਚ ਆਪਣੀ ਨਿਯੁਕਤੀ ਦਾ ਇੱਕ ਸਾਲ ਪੂਰਾ 'ਤੇ ਹਸਪਤਾਲ ਵਿਚ ਕੀਤੇ ਸੁਧਾਰਾਂ ਅਤੇ ਪ੍ਰਾਪਤੀਆਂ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ, ਜਿਸ ਵਿਚ ਉਨ੍ਹਾਂ ਦੱਸਿਆ ਕਿ ਓ.ਪੀ.ਡੀ., ਆਈ.ਪੀ.ਡੀ., ਲੈਬ ਟੈਸਟ, ਐਕਸ-ਰੇ, ਈ.ਸੀ.ਜੀ., ਡਿਲਵਰੀ ਕੇਸ, ਅਲਟਰਾ ਸਾਊਂਡ ਆਦਿ ਵਿਚ ਹਸਪਤਾਲ ਵਿਚ ਸਿਹਤ ਸੁਧਾਰਾਂ ਦੇ ਚੱਲਦਿਆਂ ਸਾਲ 2021 ਨਾਲੋਂ ਵਾਧਾ ਹੋਇਆ ਹੈ, ਜਿਸ ਨਾਲ ਮਲੋਟ ਦਾ ਸਿਵਲ ਹਸਪਤਾਲ ਹੋਰਨਾਂ ਸਿਵਲ ਹਸਪਤਾਲਾਂ ਲਈ ਇੱਕ ਮਿਸਾਲ ਬਣਿਆ ਹੈ ਅਤੇ ਨਿੱਜੀ ਹਸਪਤਾਲਾਂ ਨੂੰ ਮਾਤ ਦਿੱਤੀ ਹੈ। ਇਸ ਤੋਂ ਇਲਾਵਾ ਐਸ.ਐਮ.ਓ. ਡਾ. ਸੁਨੀਲ ਬਾਂਸਲ ਭਾਵੇਂ ਮਲੋਟ ਸ਼ਹਿਰ ਦੇ ਹੀ ਜੰਮਪਲ ਹਨ ਅਤੇ ਬਤੌਰ ਡਾਕਟਰ ਵੀ ਉਨ੍ਹਾਂ ਸਿਵਲ ਹਸਪਤਾਲ ਵਿਖੇ ਲੰਮਾ ਸਮਾਂ ਬਿਹਤਰ ਸੇਵਾਵਾਂ ਦਿੱਤੀਆਂ ਹਨ। ਆਪਣੀਆਂ ਲਾਮਿਸਾਲ ਸੇਵਾਵਾਂ ਕਰਕੇ ਉਹ ਸਿਵਲ ਹਸਪਤਾਲ ਮਲੋਟ ਉਪਰੰਤ ਜ਼ਿਲ੍ਹਾ ਪੱਧਰ ਅਤੇ ਪੰਜਾਬ ਪੱਧਰ 'ਤੇ ਕਾਬਲੇ ਤਾਰੀਫ ਸੇਵਾਵਾਂ ਦੇ ਚੁੱਕੇ ਹਨ, ਜਿਸ ਦੇ ਚੱਲਦਿਆਂ ਪਹਿਲੀ ਵਾਰ ਵੱਡੀ ਗਿਣਤੀ ਪਹੁੰਚੀ ਪੱਤਰਕਾਰਾਂ ਦੀ ਟੀਮ ਨੇ ਖੁੱਲ੍ਹ ਕੇ ਡਾ. ਬਾਂਸਲ ਵੱਲੋਂ ਸਿਵਲ ਹਸਪਤਾਲ ਮਲੋਟ ਵਿਖੇ ਕੀਤੇ ਸੁਧਾਰਾਂ ਦੀ ਤਾਰੀਫ ਕੀਤੀ। ਹਸਪਤਾਲ ਦੇ ਪ੍ਰਸ਼ਾਸਨਕੀ ਢਾਂਚੇ ਵਿਚ ਸਾਫ ਸਫਾਈ, ਪੀਣ ਵਾਲਾ ਪਾਣੀ, ਬਿਜਲੀ ਅਤੇ ਮਰੀਜ਼ਾਂ ਦੀ ਸਹੂਲੀਅਤ ਲਈ ਹੋਰ ਸੇਵਾਵਾਂ ਵਿਚ ਵੀ ਵੱਡੇ ਪੱਧਰ 'ਤੇ ਸੁਧਾਰ ਹੋਇਆ ਹੈ। ਸੀਨੀਅਰ ਪੱਤਰਕਾਰਾਂ ਨੇ ਸੰਬੋਧਨ ਕਰਦਿਆਂ ਹਸਪਤਾਲ ਵਿਚ ਰਹਿੰਦੀਆਂ ਕਮੀਆਂ ਨੂੰ ਦੂਰ ਕਰਨ ਬਾਰੇ ਅਤੇ ਲੋਕਾਂ ਵਿਚ ਸਿਵਲ ਹਸਪਤਾਲਾਂ ਦੇ ਡਾਕਟਰਾਂ ਪ੍ਰਤੀ ਵਿਸ਼ਵਾਸ ਬਹਾਲ ਕਰਨ ਲਈ ਹੋਰ ਮਿਹਨਤ 'ਤੇ ਜ਼ੋਰ ਦੇਣ ਦੀ ਸਿਫਾਰਸ਼ ਕੀਤੀ। ਡਾ. ਸੁਨੀਲ ਬਾਂਸਲ ਨੇ ਅੰਤ ਵਿਚ ਸਮੂਹ ਪੱਤਰਕਾਰਾਂ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਹੋਰ ਮਿਹਨਤ ਨਾਲ ਲੋਕਾਂ ਦੀਆਂ ਉਮੀਦਾਂ 'ਤੇ ਖਰ੍ਹਾ ਉਤਰਨ ਦਾ ਯਤਨ ਕਰਨਗੇ। ਉਨ੍ਹਾਂ ਆਪਣੇ ਸਾਥੀ ਡਾਕਟਰਾਂ ਅਤੇ ਹਸਪਤਾਲ ਦੇ ਸਮੁੱਚੇ ਸਟਾਫ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਹਸਪਤਾਲ ਦਾ ਨਕਸ਼ਾ ਸੁਧਾਰਨ ਵਿਚ ਉਨ੍ਹਾਂ ਦਾ ਬਾਖੂਬੀ ਸਾਥ ਦਿੱਤਾ। ਇਸ ਮੌਕੇ 'ਤੇ ਡਾ. ਏਕਤਾ ਸਿਆਗ, ਡਾ. ਕੁਸ਼ਲਦੀਪ ਸਿੰਘ, ਡਾ. ਭੁਪੇਸ਼ ਬਾਂਸਲ, ਡਾ. ਸੁਨੀਲ ਬਾਂਸਲ, ਡਾ. ਵਿਕਾਸ ਬਾਂਸਲ, ਡਾ. ਸੁਨੀਲ ਅਰੋੜਾ ਅਤੇ ਡਾ ਕਾਮਨਾ ਜਿੰਦਲ ਆਦਿ ਸਮੇਤ ਹਸਪਤਾਲ ਦਾ ਸਟਾਫ ਹਾਜ਼ਰ ਸੀ।

# ਵੋਟਰ ਸੂਚੀਆਂ 'ਚ ਸੁਧਾਈ ਲਈ ਬੀ ਐੱਲ ਓਜ਼ ਘਰ-ਘਰ ਜਾ ਕੇ ਕਰਨਗੇ ਸਰਵੇ



ਮੋਗਾ (ਅਮਰਜੀਤ ਬੱਬਰੀ)-ਡਿਪਟੀ ਕਮਿਸ਼ਨਰ ਕਮ- ਜ਼ਿਲ੍ਹਾ ਚੋਣ ਅਫ਼ਸਰ ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਯੋਗਤਾ 01 ਜਨਵਰੀ 2024 ਦੇ ਆਧਾਰ 'ਤੇ ਵੋਟਰ ਸੂਚੀ ਦੀ ਸਰਸਰੀ ਸੁਧਾਈ ਤੋਂ ਪਹਿਲਾਂ ਪ੍ਰੀ-ਰਵੀਜਨ ਐਕਟੀਵਿਟੀ ਦੇ ਪ੍ਰੋਗਰਾਮ ਅਨੁਸਾਰ 01 ਜਨਵਰੀ 2024 ਦੀ ਯੋਗਤਾ ਦੇ ਆਧਾਰ ਤੇ ਫ਼ੋਟੋ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਪ੍ਰੋਗਰਾਮ ਤਹਿਤ ਵਿਧਾਨ ਸਭਾ ਹਲਕਾ 071 ਨਿਹਾਲ ਸਿੰਘ ਵਾਲਾ (ਅ,ਜ), 072-ਬਾਘਾਪੁਰਾਣਾ, 073-ਮੋਗਾ ਅਤੇ 074-ਧਰਮਕੋਟ ਵਿੱਚ ਮਿਤੀ 21 ਜੁਲਾਈ 2023 ਤੋਂ ਮਿਤੀ 21 ਅਗਸਤ 2023 ਤੱਕ ਵੋਟਰਾਂ ਦੇ ਵੇਰਵਿਆਂ ਦੀ ਵੈਰੀਫਿਕੇਸ਼ਨ ਕਰਨ ਲਈ ਬੂਥ ਲੈਵਲ ਅਫ਼ਸਰਾਂ ਵੱਲੋਂ ਘਰ-ਘਰ ਜਾ ਕੇ ਸਰਵੇ ਕੀਤਾ ਜਾਵੇਗਾ ਅਤੇ 01 ਜਨਵਰੀ, 2024 ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋਣ ਵਾਲੇ ਨੌਜਵਾਨਾਂ ਦੀਆਂ ਵੋਟਾਂ ਬਣਾਉਣ ਲਈ ਫਾਰਮ ਵੀ ਇਕੱਤਰ ਕੀਤੇ ਜਾਣਗੇ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਰਜਿਸਟ੍ਰੇਸ਼ਨ ਆਫ਼ ਇਲੈਕਟਰਸ ਵਿੱਚ ਸੋਧ ਕਰਨ ਉਪਰੰਤ ਹੁਣ 01 ਅਗਸਤ 2022 ਤੋਂ ਚਾਰ ਯੋਗਤਾ ਮਿਤੀਆਂ 01 ਜਨਵਰੀ, 01 ਅਪ੍ਰੈਲ, 01 ਜੁਲਾਈ ਅਤੇ 01 ਅਕਤੂਬਰ ਦੀ ਵਿਵਸਥਾ ਕੀਤੀ ਗਈ ਹੈ, ਹੁਣ ਰਜਿਸਟ੍ਰੇਸ਼ਨ ਨਿਯਮ ਵਿੱਚ ਸੋਧ ਨਾਲ ਨਾਗਰਿਕਾਂ ਨੂੰ ਵੋਟਰ ਵਜੋਂ ਰਜਿਸਟਰ ਕਰਨ ਦੇ 1 ਸਾਲ ਵਿੱਚ 4 ਮੌਕੇ ਮਿਲਣਗੇ। ਜਿਹੜੇ ਨਾਗਰਿਕ ਜਨਵਰੀ ਵਿੱਚ 18 ਸਾਲ ਪੂਰੇ ਨਹੀਂ ਕਰਦੇ, ਉਹ ਐਡਵਾਂਸ ਵਿੱਚ ਅਪਲਾਈ ਕਰ ਸਕਦੇ ਹਨ। ਮੋਗਾ ਜ਼ਿਲ੍ਹੇ ਦੇ ਨਿਵਾਸੀਆਂ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੀ ਪ੍ਰਕਿਰਿਆ 'ਚ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਸਰਵੇ ਦੌਰਾਨ ਬੀ.ਐਲ.ਓ. ਵੱਲੋਂ ਵੋਟਰ ਸੂਚੀਆਂ ਵਿੱਚ ਦਰਜ ਵੋਟਰਾਂ ਦੀ ਅਤੇ ਉਹਨਾਂ ਦੇ ਵੇਰਵਿਆਂ ਦੀ ਪੜਤਾਲ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਅਜਿਹੇ ਨੌਜਵਾਨ ਜਿਨ੍ਹਾਂ ਦੀ ਵੋਟ ਅਜੇ ਨਹੀਂ ਬਣੀ, ਭਵਿੱਖ ਵਿੱਚ ਬਣਨ ਵਾਲੇ ਯੋਗ ਵੋਟਰ, ਮਰ ਚੁੱਕੇ/ਸ਼ਿਫ਼ਟ ਹੋ ਚੁੱਕੇ/ਮਲਟੀਪਲ ਇੰਦਰਾਜ ਅਤੇ ਵੋਟਰ ਸੂਚੀ ਵਿੱਚ ਦਰਜ ਵੇਰਵਿਆਂ ਦੀ ਦਰੁਸਤੀ ਸੰਬੰਧੀ ਡਾਟਾ ਬੀ.ਐਲ.ਓ. ਵੱਲੋਂ ਇਕੱਤਰ ਕੀਤਾ ਜਾਵੇਗਾ। ਇਸ ਕੰਮ ਲਈ ਬੀ.ਐਲ.ਓ. ਪਾਸ ਮੋਬਾਇਲ ਤੇ ਸਰਵੇ ਰਜਿਸਟਰ ਹੋਵੇਗਾ।

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਐਨ.ਵੀ.ਐਸ.ਪੀ ਪੋਰਟਲ, ਵੋਟਰ ਹੈਲਪ ਲਾਈਨ ਐਪ, ਸੀ.ਐਸ.ਸੀ ਸੈਂਟਰ ਅਤੇ ਆਫ਼ ਲਾਈਨ ਮੋਡ ਜਿਸ ਵਿੱਚ ਵਿੱਦਿਅਕ ਅਦਾਰਿਆਂ, ਸਵੀਪ ਨਾਲ ਸੰਬੰਧੀ ਏਜੰਸੀਆਂ, ਐਨ.ਜੀ.ਓਜ਼, ਯੁਵਕ ਸੇਵਾਵਾਂ ਵਿਭਾਗ ਰਾਹੀਂ ਵੀ ਆਪਣੀ ਨਵੀਂ ਵੋਟ ਬਣਾਉਣ (ਫਾਰਮ 6), ਵੋਟ ਕਟਾਉਣ (ਫਾਰਮ 7), ਵੋਟ ਦੀ ਦਰੁਸਤੀ ਅਤੇ ਸ਼ਿਫਟਿੰਗ ਲਈ (ਫਾਰਮ 8) ਨਿਰਧਾਰਤ ਫਾਰਮਾਂ ਵਿੱਚ ਬਿਨੈ ਕੀਤਾ ਜਾ ਸਕਦਾ ਹੈ। ਜਿਨ੍ਹਾਂ ਨੌਜਵਾਨਾਂ ਦੀ ਵੋਟ ਅਜੇ ਤੱਕ ਨਹੀਂ ਬਣੀ ਹੋਈ, ਉਹ ਆਪਣਾ ਨਾਮ ਲਾਜ਼ਮੀ ਤੌਰ 'ਤੇ ਵੋਟਰ ਸੂਚੀ ਵਿੱਚ ਸ਼ਾਮਲ ਕਰਵਾਉਣ ਅਤੇ ਭਾਰਤ ਦੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਦਾ ਹਿੱਸਾ ਬਣਨ। ਇਸ ਤੋਂ ਇਲਾਵਾ ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ ਕੀਤੇ ਜਾ ਰਹੇ ਸਰਵੇ ਵਿਚ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ ਅਤੇ ਸਹੀ ਵੇਰਵੇ ਦੱਸੇ ਜਾਣ ਤਾਂ ਜੋ ਇੱਕ ਸ਼ੁੱਧ ਅਤੇ ਤਰੁਟੀ ਰਹਿਤ ਵੋਟਰ ਸੂਚੀ ਨੂੰ ਤਿਆਰ ਕੀਤਾ ਜਾ ਸਕੇ।

# ਹੜ੍ਹਾਂ ਕਾਰਨ ਢਹਿ ਗਏ ਲੋਕਾਂ ਦੇ ਘਰ ਬਣਾ ਕੇ ਦੇਵਾਂਗੇ : ਡਾ. ਓਬਰਾਏ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹਰ ਔਖੀ ਘੜੀ ਵੇਲੇ ਹਮੇਸ਼ਾ ਸਭ ਤੋਂ ਅੱਗੇ ਹੋ ਕੇ ਮਿਸਾਲੀ ਸੇਵਾ ਕਾਰਜ ਨਿਭਾਉਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਅਜਿਹੇ ਲੋੜਵੰਦ ਲੋਕਾਂ ਨੂੰ ਘਰ ਬਣਾ ਕੇ ਦੇਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਦੇ ਘਰ ਹੜ੍ਹ ਦੇ ਪਾਣੀ ਕਾਰਨ ਢਹਿ ਗਏ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਹੜ੍ਹਾਂ ਕਾਰਨ ਪੈਦਾ ਹੋਏ ਚਿੰਤਾਜਨਕ ਹਾਲਾਤ ਦੌਰਾਨ ਵੇਖਣ ਵਿਚ ਆਇਆ ਹੈ ਕਿ ਕੁਝ ਲੋਕਾਂ ਦੇ ਘਰਾਂ ਅੰਦਰ ਪਾਣੀ ਭਰ ਜਾਣ ਕਾਰਨ ਉਨ੍ਹਾਂ ਦੇ ਘਰ ਢਹਿ ਢੇਰੀ ਹੋ ਗਏ ਹਨ ਜਾਂ ਰਹਿਣਯੋਗ ਨਹੀਂ ਰਹੇ ਜਿਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਲਦ ਅਜਿਹੇ ਲੋੜਵੰਦ ਲੋਕਾਂ ਨੂੰ ਨਵੇਂ ਘਰ ਬਣਾ ਕੇ ਦੇਵੇਗਾ। ਉਨ੍ਹਾਂ ਇਹ ਦੱਸਿਆ ਇਸ ਸਬੰਧੀ ਟਰੱਸਟ ਦੀਆਂ ਹੜ੍ਹ ਪ੍ਰਭਾਵਿਤ ਇਲਾਕਿਆਂ ਨਾਲ ਸਬੰਧਿਤ ਜ਼ਿਲ੍ਹਾ ਇਕਾਈਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਉਹ ਪ੍ਰਭਾਵਿਤ ਲੋੜਵੰਦ ਲੋਕਾਂ ਦੀਆਂ ਸੂਚੀਆਂ ਬਣਾ ਕੇ ਉਨ੍ਹਾਂ ਤੱਕ ਪੁੱਜਦਾ ਕਰਨ ਤਾਂ ਜੋ ਮਾਹੌਲ ਸੁਖਾਵਾਂ ਹੋਣ ਉਪਰੰਤ ਜਲਦ ਤੋਂ ਜਲਦ ਘਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਰਨਤਾਰਨ ਜ਼ਿਲ੍ਹੇ ਦੇ ਵਾਇਸ ਪ੍ਰਧਾਨ ਵਿਸ਼ਾਲ ਸੂਦ ਨੇ ਕਿਹਾ ਕਿ ਡਾਕਟਰ ਓਬਰਾਏ ਆਪਣੀ ਫਰਾਖਦਿਲੀ ਲਈ ਜਾਣੇ ਜਾਂਦੇ ਹਨ। ਹਰ ਮੁਸ਼ਕਿਲ ਸਮੇਂ ਉਹ ਹਮੇਸ਼ਾ ਲੋੜਵੰਦਾਂ ਦੀ ਬਾਂਹ ਫੜਦੇ ਹਨ। ਇਸੇ ਲੜੀ ਤਹਿਤ ਉਨ੍ਹਾਂ ਐਲਾਨ ਕੀਤਾ ਹੈ ਕਿ ਜਿਨ੍ਹਾਂ ਦੇ ਮਕਾਨ ਹੜ੍ਹਾਂ ਕਾਰਨ ਨੁਕਸਾਨੇ ਗਏ ਹਨ, ਉਨ੍ਹਾਂ ਦੇ ਮਕਾਨ ਡਾਕਟਰ ਓਬਰਾਏ ਵੱਲੋਂ ਬਣਾ ਕੇ ਦਿੱਤੇ ਜਾਣਗੇ। ਇਸ ਮੌਕੇ ਉਨ੍ਹਾਂ ਕਿਹਾ ਕਿ ਤਰਨਤਾਰਨ ਜ਼ਿਲ੍ਹੇ ਵਿੱਚ ਜੇ ਕਿਸੇ ਦੇ ਘਰ ਦਾ ਹੜ੍ਹਾਂ ਕਾਰਨ ਨੁਕਸਾਨ ਹੋਇਆ ਹੋਵੇ ਉਹ ਟਰੱਸਟ ਦੇ ਅਹੁਦੇਦਾਰਾਂ ਨਾਲ ਰਾਬਤਾ ਕਰ ਸਕਦਾ ਹੈ।

## ਮੁਰਾਦਪੁਰ 'ਚ ਦਰਜਨਾਂ ਪਰਿਵਾਰ ਕਾਂਗਰਸ ਤੇ ਅਕਾਲੀ ਦਲ ਛੱਡ ਕੇ 'ਆਪ' 'ਚ ਸ਼ਾਮਲ

ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਤਰਨਤਾਰਨ ਦੀ ਵਾਰਡ ਨੰਬਰ 10 ਮੁਰਾਦਪੁਰ 'ਚ ਕਾਂਗਰਸ ਤੇ ਅਕਾਲੀ ਦਲ ਨੂੰ ਉਸ ਵੇਲੇ ਭਾਰੀ ਝਟਕਾ ਲੱਗਾ ਜਦੋਂ ਵਾਰਡ ਇੰਚਾਰਜ ਗਗਨਦੀਪ ਕੌਰ ਵੱਲੋਂ ਵਾਰਡ ਵਾਸੀਆਂ ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੇ ਸਹਿਯੋਗ ਨਾਲ ਬਹੁਤ ਵੱਡਾ ਇਕੱਠ ਕੀਤਾ ਗਿਆ ਤੇ ਗਗਨਦੀਪ ਕੌਰ ਦੇ ਪ੍ਰੇਣਾ ਸਦਕਾ ਦਰਜਨਾਂ ਪਰਿਵਾਰ ਵਿਧਾਇਕ ਸੋਹਲ ਦੇ ਅਗਵਾਈ ਹੇਠ ਕਾਂਗਰਸ ਤੇ ਅਕਾਲੀ ਦਲ ਛੱਡ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ. ਪਾਰਟੀ 'ਚ ਸ਼ਾਮਲ ਹੋਏ ਪਰਿਵਾਰ ਨੂੰ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਜੀ ਆਇਆਂ ਕਿਹਾ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਸੋਹਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖ਼ੁਸ਼ ਹੋ ਕੇ ਲੋਕ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਜੋ ਲੋਕਾਂ ਨਾਲ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਇੱਕ ਇੱਕ ਕਰ ਕੇ ਪੂਰਾ ਕੀਤਾ ਜਾ ਰਿਹਾ ਹੈ ਤੇ ਰਹਿੰਦੇ ਵਾਅਦੇ ਵੀ ਜਲਦ ਪੂਰੇ ਕੀਤੇ ਜਾਣਗੇ. ਵਿਧਾਇਕ ਸੋਹਲ ਨੇ ਕਿਹਾ ਕਿ ਹਲਕੇ ਦਾ ਵਿਕਾਸ ਜੰਗੀ ਪੱਧਰ ਤੇ ਤਕਨੀਕੀ ਢੰਗ ਨਾਲ ਅਤੇ ਮਿਆਰੀ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਪਾਰਟੀ ਵਿੱਚ ਹਰੇਕ ਵਲੰਟੀਅਰ ਨੂੰ ਉਸ ਦਾ ਬਣਦਾ ਮਾਨ-ਸਨਮਾਨ ਜ਼ਰੂਰ ਦਿੱਤਾ ਜਾਵੇਗਾ। ਆਪ 'ਚ ਸ਼ਾਮਿਲ ਹੋਏ ਵਾਰਡ ਵਾਸੀਆਂ ਨੇ ਕਿਹਾ ਕਿ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼ਹਿਰ ਵਿੱਚ ਬਹੁਤ ਵਧੀਆ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ ਤੇ ਅਸੀਂ ਉਨ੍ਹਾਂ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਾਂ। ਉਨਾਂ ਕਿਹਾ ਕਿ ਅਸੀਂ ਸਭ ਪਰਿਵਾਰ ਦਿਨ ਰਾਤ ਇਕ ਕਰ ਕੇ ਆਮ ਆਦਮੀ ਪਾਰਟੀ ਲਈ ਕੰਮ ਕਰਾਂਗੇ ਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਾਂਗੇ। ਇਸ ਮੌਕੇ ਗੁਰਮਿੰਦਰ ਸਿੰਘ ਵਾਲਿਆਂ, ਪ੍ਰਦੀਪ ਸਿੰਘ ਪੀਏ, ਕਰਤਾਰ ਸਿੰਘ ਧੀਰ ਇੰਚਾਰਜ ਵਾਰਡ ਨੰਬਰ 9, ਨਿਸ਼ਾਨ ਸਿੰਘ ਫੌਜੀ, ਦਿਲਬਾਗ ਸਿੰਘ, ਭਪਿੰਦਰ ਸਿੰਘ ਮਲ੍ਹੀ , ਧਰਮਪ੍ਰੀਤ ਸਿੰਘ ਮੱਲ੍ਹੀ, ਸਿਮਰਜੀਤ ਸੋਨਾ, ਵਿਜੇ ਕੁਮਾਰ, ਵਿਸਾਲ , ਬਲਜੀਤ ਸਿੰਘ, ਹੈਦਰ, ਅਰਸ਼, ਗੁਰਪ੍ਰੀਤ ਸਿੰਘ, ਸ਼ੰਭੂ, ਵਿੱਕੀ, ਸਰਪੀਤ ਸਿੰਘ ਸੈਰੀ, ਅੰਮ੍ਰਿਤਪਾਲ ਸਿੰਘ ਮੱਲੀ, ਚੰਨਪ੍ਰੀਤ ਸਿੰਘ ਮੱਲ੍ਹੀ, ਰਾਹੁਲ ਸ਼ਰਮਾ, ਨਵਪ੍ਰੀਤ ਮੱਲ੍ਹੀ, ਨਵਰੀਤ ਮੱਲ੍ਹੀ, ਜੋਬਨਪੀਤ, ਵਿਕਰਮਜੀਤ ਸਿੰਘ, ਗੁਰਵਿੰਦਰ ਸਿੰਘ, ਵਰਿੰਦਰ ਸਿੰਘ, ਵਿੱਕੀ, ਹਰਪ੍ਰੀਤ ਸਿੰਘ, ਕਮਲ ਕੁਮਾਰ, ਜਗਜੀਤ ਸਿੰਘ, ਵਿਰਸਾ ਸਿੰਘ ਆਦਿ ਹਾਜ਼ਰ ਸਨ।



## ਜ਼ਿਲ੍ਹਾ ਗੁਰਦਾਸਪੁਰ 'ਚ ਬਲਾਕ ਪੱਧਰੀ ਰੋਜ਼ਗਾਰ ਮੇਲੇ 24 ਤੋਂ 4 ਅਗਸਤ ਤੱਕ

### ਐੱਸ ਆਈ ਐੱਸ ਸਕਿਓਰਿਟੀ ਕੰਪਨੀ ਕਰੇਗੀ ਸਕਿਓਰਿਟੀ ਗਾਰਡਾਂ ਦੀ ਭਰਤੀ

ਡੇਰਾ ਬਾਬਾ ਨਾਨਕ/ਧਾਰੀਵਾਲ (ਰਮੇਸ਼ ਸ਼ਰਮਾ/ਮਨਦੀਪ ਵਿੱਕੀ)-ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਨੌਜਵਾਨਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਰੋਜ਼ਗਾਰ ਮੁਹੱਈਆ ਕਰਵਾਉਣ ਹਿੱਤ ਹਰ ਮਹੀਨੇ ਰੋਜ਼ਗਾਰ ਦਫ਼ਤਰ ਵਿਖੇ ਪਲੇਸਮੈਂਟ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਆਤਮ ਨਿਰਭਰ ਬਣਾਇਆ ਜਾ ਸਕੇ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਐੱਸਆਈਐੱਸ ਸਕਿਓਰਿਟੀ ਕੰਪਨੀ ਵਲੋਂ 24 ਜੁਲਾਈ 2023 ਤੋਂ 04 ਅਗਸਤ 2023 ਤੱਕ ਜ਼ਿਲ੍ਹਾ ਗੁਰਦਾਸਪੁਰ ਵਿੱਚ ਬਲਾਕ ਪੱਧਰ 'ਤੇ ਰੋਜ਼ਗਾਰ ਮੇਲੇ ਆਯੋਜਿਤ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 24 ਜੁਲਾਈ 2023 ਨੂੰ ਬੀਡੀਪੀਓ ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਪਹਿਲਾ ਰੁਜ਼ਗਾਰ ਮੇਲਾ ਲੱਗੇਗਾ। ਇਸ ਤੋਂ ਬਾਅਦ 25 ਜੁਲਾਈ ਨੂੰ ਬੀਡੀਪੀਓ ਦਫ਼ਤਰ ਕਲਾਨੌਰ, 26 ਜੁਲਾਈ ਨੂੰ ਬੀਡੀਪੀਓ ਦਫ਼ਤਰ ਫਤਿਹਗੜ੍ਹ ਚੂੜੀਆਂ, 25 ਜੁਲਾਈ ਨੂੰ ਬੀਡੀਪੀਓ. ਦਫ਼ਤਰ ਬਟਾਲਾ, 28 ਜੁਲਾਈ ਨੂੰ ਬੀਡੀਪੀਓ. ਦਫ਼ਤਰ ਧਾਰੀਵਾਲ, 31 ਜੁਲਾਈ ਨੂੰ ਬੀ.ਡੀ.ਪੀ.ਓ. ਦਫ਼ਤਰ ਕਾਹਨੂੰਵਾਨ, 1 ਅਗਸਤ ਨੂੰ ਬੀ.ਡੀ.ਪੀ.ਓ. ਦਫ਼ਤਰ ਕਾਦੀਆਂ, ਮਿਤੀ 02 ਅਗਸਤ ਨੂੰ ਬੀ.ਡੀ.ਪੀ.ਓ. ਦਫ਼ਤਰ ਸ੍ਰੀ ਹਰਿਗੋਬਿੰਦਪੁਰ ਸਾਹਿਬ, ਮਿਤੀ 03 ਅਗਸਤ ਨੂੰ ਬੀ.ਡੀ.ਪੀ.ਓ. ਦਫ਼ਤਰ ਦੋਰਾਂਗਲਾ ਅਤੇ ਮਿਤੀ 04 ਅਗਸਤ ਨੂੰ ਬੀ.ਡੀ.ਪੀ.ਓ. ਦਫ਼ਤਰ ਗੁਰਦਾਸਪੁਰ ਵਿਖੇ ਰੋਜ਼ਗਾਰ ਕੈਂਪ ਲਗਾਏ ਜਾ ਰਹੇ ਹਨ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ਼੍ਰੀ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਇਹਨਾਂ ਰੋਜ਼ਗਾਰ ਮੇਲਿਆ ਵਿੱਚ ਐੱਸਆਈਐੱਸ ਸਕਿਉਰਿਟੀ ਕੰਪਨੀ ਵਲੋਂ ਸਕਿਓਰਿਟੀ ਗਾਰਡ ਦੀ ਭਰਤੀ ਕੀਤੀ ਜਾਵੇਗੀ। ਐੱਸਆਈਐੱਸ ਸਕਿਓਰਿਟੀ ਕੰਪਨੀ ਨੂੰ ਸਕਿਓਰਿਟੀ ਗਾਰਡ ਦੀ ਅਸਾਮੀ ਲਈ (ਕੇਵਲ ਲੜਕੇ) ਉਮੀਦਵਾਰਾਂ ਦੀ ਜ਼ਰੂਰਤ ਹੈ। ਸਕਿਓਰਿਟੀ ਗਾਰਡ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ, ਉਮਰ 20 ਤੋਂ 35 ਸਾਲ, ਅਤੇ ਕੱਦ 5 ਫੁੱਟ 7 ਇੰਚ ਹੋਣਾ ਚਾਹੀਦਾ ਹੈ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐੱਸਆਈਐੱਸ ਸਕਿਓਰਿਟੀ ਕੰਪਨੀ ਵਲੋਂ ਉਪਰੋਕਤ ਦਰਸਾਈਆਂ ਗਈਆਂ ਮਿਤੀਆਂ ਅਨੁਸਾਰ ਦਰਸਾਏ ਗਏ ਸਥਾਨਾਂ 'ਤੇ ਪ੍ਰਾਰਥੀਆਂ ਦੀ ਇੰਟਰਵਿਊ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇੰਟਰਵਿਊ ਕਰਨ ਉਪਰੰਤ ਚੁਣੇ ਗਏ ਪ੍ਰਾਰਥੀਆਂ ਨੂੰ 1 ਮਹੀਨੇ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਅਤੇ ਟ੍ਰੇਨਿੰਗ ਮੁਕੰਮਲ ਕਰਨ ਉਪਰੰਤ 15000 ਤੋਂ 17000 ਰੁਪਏ ਤਨਖਾਹ ਮਿਲਣਯੋਗ ਹੋਵੇਗੀ। ਇਸ ਤੋਂ ਇਲਾਵਾਂ ਕੰਪਨੀ ਵਲੋਂ ਫੰਡ, ਬੋਨਸ ਆਦਿ ਵੀ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਚੁਣੇ ਗਏ ਪ੍ਰਾਰਥੀਆਂ ਨੂੰ ਵੱਖ-ਵੱਖ ਮਾਲ, ਹੋਟਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿੱਚ ਜਾਬ ਮੁਹੱਈਆ ਕਰਵਾਈ ਜਾਂਦੀ ਹੈ। ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਆਪਣੇ ਵਿਦਿਅਕ ਯੋਗਤਾ ਦੇ ਦਸਤਾਵੇਜ ਲੈ ਕੇ ਮਿਤੀ 24 ਜੁਲਾਈ ਤੋਂ 04 ਅਗਸਤ ਤੱਕ ਉਪਰ ਦਰਸਾਏ ਗਏ ਸਥਾਨਾਂ 'ਤੇ ਸਵੇਰੇ 9:30 ਵਜੇ ਪਹੁੰਚਣ ਅਤੇ ਇਸਦਾ ਵੱਧ ਤੋਂ ਵੱਧ ਲਾਭ ਉਠਾਉਣ।




## ਪਾਵਰਕੌਮ ਮੈਨੇਜਮੈਂਟ ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਭੱਜ ਰਹੀ : ਗਿੱਲ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪਾਵਰਕਾਮ/ਟਰਾਂਸਕੋ ਪੈਨਸ਼ਨਰਜ ਯੂਨੀਅਨ ਪੰਜਾਬ ਮੰਡਲ ਧਾਰੀਵਾਲ ਦੀ ਮੀਟਿੰਗ ਹਰਕ੍ਰਿਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਸਥਾਨਕ 132 ਕੇ ਵੀ ਸਬ ਸਟੇਸ਼ਨ ਧਾਰੀਵਾਲ ਵਿਖੇ ਹੋਈ। ਮੀਟਿੰਗ ਵਿੱਚ ਯੂਨੀਅਨ ਦੇ ਸਰਕਲ ਪ੍ਰਧਾਨ ਸਾਥੀ ਹਜਾਰਾ ਸਿੰਘ ਗਿੱਲ ਨੇ ਵਿਸੇਸ ਤੌਰ ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਪ੍ਰਧਾਨ ਹਜਾਰਾ ਸਿੰਘ ਗਿੱਲ ਤੇ ਸਕੱਤਰ ਮਹਿੰਦਰ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਪੈਨਸ਼ਨਰਾਂ ਦੇ ਭੱਖਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਮੀਟਿੰਗਾਂ ਦੇ ਕੇ ਮੁਕਰ ਰਹੀ ਹੈ ਅਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਭੱਜ ਰਹੀ ਹੈ। ਜਿਸਦੇ ਰੋਸ ਵਜੋਂ ਪੈਨਸਨਰਜ ਯੂਨੀਅਨ ਪੰਜਾਬ ਰਜਿ.ਵਲੋਂ ਲੰਘੀ 4 ਜੁਲਾਈ ਨੂੰ ਹੈੱਡ ਆਫਿਸ ਪਟਿਆਲਾ ਦੇ ਤਿੰਨਾਂ ਗੇਟਾਂ ਉਪਰ ਰੋਸ਼ ਪ੍ਰਦਰਸਨ ਕਰਦੇ ਹੋਏ ਪਾਵਰਕੌਮ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਜਥੇਬੰਦੀ ਨੂੰ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਲਈ ਜਲਦ ਮੀਟਿੰਗ ਨਾ ਦਿੱਤੀ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਪੈਨਸਨਰਾਂ ਨੇ 1-1-2016 ਤੋਂ 30-6-2021 ਤੱਕ ਦੇ ਸੋਧੇ ਸਕੇਲਾਂ ਦਾ ਬਕਾਇਆ ਯਕਮੁਸ਼ਤ ਦੇਣ, ਗੁਰੈਚਟੀ ਅਤੇ ਲੀਵ ਇਨਕੈਸਮੈਂਟ ਦਾ ਫਰਕ ਜਾਰੀ ਕਰਨ, ਪੈਨਸ਼ਨਾਂ 2.45 ਗੁਣਾਂਕ ਦੀ ਬਜਾਏ 2.59 ਗੁਣਾਂਕ ਨਾਲ ਸੋਧਣਾ, ਕੈਸ਼ਲੈਸ ਮੈਡੀਕਲ ਮੁੜ ਲਾਗੂ ਕਰਨ, ਪੈਨਸ਼ਨ ਸਕੀਮ ਮੁੜ ਲਾਗੂ ਕਰਨ, 23 ਸਾਲਾ ਸਕੇਲ ਬਿਨਾਂ ਸ਼ਰਤ ਪੈਨਸ਼ਨਰਾਂ ਨੂੰ ਦੇਣ, ਬਿਜਲੀ ਯੂਨਿਟਾਂ ਦੀ ਰਿਆਇਤ ਲਾਗੂ ਕਰਨ ਦੀ ਮੰਗ ਕੀਤੀ। ਮੀਟਿੰਗ ਵਿੱਚ ਤਰਸੇਮ ਸਿੰਘ ਅਠਵਾਲ, ਸਤਨਾਮ ਸਿੰਘ ਕਲੇਰ, ਕੁਲਵੰਤ ਸਿੰਘ ਸੱਗੂ, ਕੁਲਵੰਤ ਸਿੰਘ ਦੂਲਾਨੰਗਲ, ਸੰਗਤ ਸਿੰਘ, ਜੋਗਿੰਦਰ ਸਿੰਘ, ਹਰਭਜਨ ਸਿੰਘ, ਵਰਿੰਦਰ ਸਿੰਘ, ਹਰਦੀਪ ਸਿੰਘ, ਨਰਿੰਦਰ ਸਿੰਘ, ਨਿਰਮਲ ਸਿੰਘ,ਰਤਨ ਚੰਦ, ਸੁਲੱਖਣ ਸਿੰਘ, ਸਵਰਨ ਮਸੀਹ, ਨਜੀਰ ਮਸੀਹ, ਵਜੀਰ ਸਿੰਘ, ਹਰਪਾਲ ਸਿੰਘ, ਰਣਜੀਤ ਸਿੰਘ, ਵਰਿੰਦਰ ਕੁਮਾਰ, ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ ਸ਼ਾਹਪੁਰ, ਬਲਦੇਵ ਸਿੰਘ, ਸੰਗਤ ਸਿੰਘ, ਸੁਖਦੇਵ ਸਿੰਘ ਸੋਹਲ, ਦਵਿੰਦਰ ਸਿੰਘ,ਜੋਗਿੰਦਰ ਸਿੰਘ ਆਦਿ ਪੈਨਸ਼ਨਰ ਹਾਜ਼ਰ ਸਨ।

# ਸੁਖਮਨਦੀਪ ਕੌਰ ਦੀ ਵਹਿਸ਼ੀਆਨਾ ਢੰਗ ਨਾਲ ਕੀਤੀ ਹੱਤਿਆ ਲਈ ਜ਼ਿੰਮੇਵਾਰ ਤਾਂਤਰਿਕ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਮੂਦਲ ਵਿਖੇ ਮੁਲਜ਼ਮਾਂ ਵਲੋਂ ਕਿਸੇ ਤਾਂਤਰਿਕ ਦੇ ਕਹਿਣ ਤੇ ਨੌਂ ਸਾਲਾ ਨਾਬਾਲਗ ਲੜਕੀ ਸੁਖਮਨਦੀਪ ਕੌਰ ਦੀ ਬੜੀ ਬੇਰਹਿਮੀ ਨਾਲ ਹੱਤਿਆ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਉੱਚ ਪੁਲਸ ਅਧਿਕਾਰੀਆਂ ਤੋਂ ਗ੍ਰਿਫਤਾਰ ਮੁਲਜ਼ਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਅਤੇ ਇਸ ਵਹਿਸ਼ੀ ਹੱਤਿਆ ਕਾਂਡ ਲਈ ਜ਼ਿੰਮੇਵਾਰ ਮੁਲਜ਼ਮਾਂ ਨੂੰ ਉਕਸਾਉਣ ਵਾਲੇ ਤਾਂਤਰਿਕ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸਦੇ ਨਾਲ ਹੀ ਸੁਸਾਇਟੀ ਨੇ ਲੋਕਾਂ ਨੂੰ ਤਰਕਸ਼ੀਲ ਸੋਚ ਅਪਣਾਉਣ ਅਤੇ ਅੰਧ ਵਿਸ਼ਵਾਸਾਂ,ਵਹਿਮਾਂ ਭਰਮਾਂ,ਪਾਖੰਡੀ ਬਾਬਿਆਂ ਤਾਂਤਰਿਕਾਂ ਅਤੇ ਜੋਤਸ਼ੀਆਂ ਦੇ ਝਾਂਸਿਆਂ ਤੋਂ ਬਚਣ ਦੀ ਵੀ ਅਪੀਲ ਕੀਤੀ ਹੈ। ਤਰਕਸ਼ੀਲ ਸੁਸਾਇਟੀ ਦੀਆਂ ਅੰਮ੍ਰਿਤਸਰ ਅਤੇ ਗੋਪਾਲਪੁਰ ਮਜਵਿੰਡ ਇਕਾਈਆਂ ਦੇ ਆਗੂਆਂ ਸੁਮੀਤ ਸਿੰਘ, ਮੁਖਤਿਆਰ ਗੋਪਾਲਪੁਰ, ਸੁਖਦੀਪ ਸਿੰਘ, ਜੋਗਿੰਦਰ ਗੋਪਾਲਪੁਰ, ਮਾਸਟਰ ਬਲਦੇਵ ਰਾਜ ਵੇਰਕਾ, ਸੇਵਾ ਸਿੰਘ ਮਜਵਿੰਡ ਅਤੇ ਪਰਮਜੀਤ ਸਿੰਘ ਨੇ ਪਿੰਡ ਮੂਦਲ ਵਿਖੇ ਪਹੁੰਚ ਕੇ ਮ੍ਰਿਤਕ ਲੜਕੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਤਰਕਸ਼ੀਲ ਸੁਸਾਇਟੀ ਵਲੋਂ ਪੂਰਨ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਕੀਤੀ। ਇਸ ਮੌਕੇ ਪੀੜਤ ਪਰਿਵਾਰ ਦੇ ਰਿਸ਼ਤੇਦਾਰ ਅਤੇ ਪਿੰਡ ਦੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਨੇ ਸੁਸਾਇਟੀ ਆਗੂਆਂ ਨੂੰ ਦੱਸਿਆ ਕਿ ਪੁਲੀਸ ਦੇ ਕਹਿਣ ਮੁਤਾਬਕ ਕਿਸੇ ਤਾਂਤਰਿਕ ਦੇ ਬਹਿਕਾਵੇ ਵਿਚ ਆ ਕੇ ਉਨ੍ਹਾਂ ਦੇ ਆਪਣੇ ਹੀ ਰਿਸ਼ਤੇਦਾਰਾਂ ਵਲੋਂ ਸੁਖਮਨਦੀਪ ਕੌਰ ਦੀ ਹੱਤਿਆ ਕਰਵਾਈ ਗਈ ਹੈ ਪਰ ਪੁਲਸ ਵਲੋਂ ਅਸਲ ਮੁਜਰਮ ਤਾਂਤਰਿਕ ਨੂੰ ਗ੍ਰਿਫਤਾਰ ਨਾ ਕਰਕੇ ਸਹੀ ਜਾਂਚ ਪੜਤਾਲ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ ਅਤੇ ਤਾਂਤਰਿਕ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਜਾ ਰਿਹਾ। ਤਰਕਸ਼ੀਲ ਆਗੂਆਂ ਵਲੋਂ ਵੇਰਕਾ ਥਾਣੇ ਪਹੁੰਚ ਕੇ ਥਾਣੇ ਦੇ ਮੁਖੀ ਇੰਸਪੈਕਟਰ ਹਰਸੰਦੀਪ ਸਿੰਘ ਨੂੰ ਹੱਤਿਆ ਲਈ ਉਕਸਾਉਣ ਵਾਲੇ ਤਾਂਤਰਿਕ ਦਾ ਨਾਮ ਪੁੱਛਣ ਤੇ ਉਨ੍ਹਾਂ ਤਾਂਤਰਿਕ ਦਾ ਨਾਮ ਦੱਸਣ ਤੋਂ ਗੁਰੇਜ਼ ਕੀਤਾ ਅਤੇ ਇੰਨਾ ਹੀ ਕਿਹਾ ਕਿ ਤਾਂਤਰਿਕ ਨੂੰ ਫੜਨ ਲਈ ਛਾਪੇ ਮਾਰੇ ਜਾ ਰਹੇ ਹਨ ਅਤੇ ਜਾਂਚ ਪੜਤਾਲ ਤੋਂ ਬਾਅਦ ਤਾਂਤਰਿਕ ਸਮੇਤ ਸਾਰੇ ਦੋਸ਼ੀਆਂ ਨੂੰ ਕਾਨੂੰਨੀ ਸਜ਼ਾ ਦਿਵਾਉਣ ਲਈ ਪੁਲੀਸ ਵਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਤਰਕਸ਼ੀਲ ਸੁਸਾਇਟੀ ਨੇ ਪੁਲੀਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਵਹਿਸ਼ੀ ਹੱਤਿਆ ਲਈ ਜ਼ਿੰਮੇਵਾਰ ਨਾਮਜ਼ਦ ਮੁਲਜ਼ਮਾਂ ਨੂੰ ਉਕਸਾਉਣ ਵਾਲੇ ਤਾਂਤਰਿਕ ਨੂੰ ਤੁਰੰਤ ਗ੍ਰਿਫਤਾਰ ਕਰਨ ਦੇ ਇਲਾਵਾ ਫਾਸਟ ਟਰੈਕ ਅਦਾਲਤ ਰਾਹੀਂ ਸਾਰੇ ਮੁਲਜ਼ਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਈ ਜਾਵੇ ਤਾਂਕਿ ਕੋਈ ਵਿਅਕਤੀ ਭਵਿੱਖ ਵਿਚ ਅਜਿਹਾ ਵਹਿਸ਼ੀ ਅਪਰਾਧ ਕਰਨ ਦੀ ਜੁਰਅਤ ਨਾ ਕਰ ਸਕੇ।

## ਖੇਤੀ ਮਸ਼ੀਨਰੀ 'ਤੇ ਸਬਸਿਡੀ ਲੈਣ ਸਬੰਧੀ ਬਿਨੈ ਪੱਤਰ ਦੇਣ ਲਈ ਸਮੇਂ 'ਚ ਵਾਧਾ : ਡੀ ਸੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਡਿਪਟੀ ਕਮਿਸ਼ਨਰ ਤਰਨ ਤਾਰਨ ਬਲਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸ ਦੀ ਸਾਂਭ-ਸੰਭਾਲ ਸਬੰਧੀ ਸਮੇਂ-ਸਮੇਂ ਤੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਨੂੰ ਅਪੀਲ ਵੀ ਕੀਤੀ ਜਾਂਦੀ ਹੈ ਕਿ ਫਸਲਾਂ ਦੀ ਰਹਿੰਦ-ਖੂੰਹਦ ਦਾ ਖੇਤੀ ਮਸ਼ੀਨਰੀ ਰਾਹੀਂ ਢੁਕਵਾਂ ਪ੍ਰਬੰਧਨ ਕਰਨ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਖੇਤੀ ਮਸ਼ੀਨਰੀ ਤੇ ਸਬਸਿਡੀ ਲਈ ਬਿਨੈ ਪੱਤਰ ਦੇਣ ਦੀ ਆਖਰੀ ਮਿਤੀ ਵਿੱਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਬਸਿਡੀ ਲੈਣ ਦੇ ਚਾਹਵਾਨ ਕਿਸਾਨ 15 ਅਗਸਤ 2023 ਤੱਕ ਸ਼ਾਮ 5 ਵਜੇ ਤੱਕ ਆਪਣੀਆਂ ਅਰਜ਼ੀਆਂ ਆਨਲਾਈਨ ਪੋਰਟਲ 'ਤੇ ਅਪਲਾਈ ਕਰ ਸਕਦੇ ਹਨ। ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂ ਨੇ ਦੱਸਿਆ ਕਿ ਸੀ. ਆਰ. ਐਮ. ਸਕੀਮ ਅਧੀਨ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ 05 ਲੱਖ ਦੀ ਲਾਗਤ ਦਾ ਸੀ. ਐਚ. ਸੀ. 15 ਲੱਖ ਦਾ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ 3000/4500 ਐਮ. ਟੀ. (ਪ੍ਰਤੀ ਸੀਜ਼ਨ) ਸਮਰੱਥਾ ਵਾਲੇ ਪੈਡੀ ਸਟਰਾਅ ਸਪਲਾਈ ਸੈਂਟਰ ਸਥਾਪਿਤ ਕੀਤੇ ਜਾਣਗੇ।

## ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)—ਚੀਫ ਖਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਦੀ ਆਰੰਭਤਾ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਰਲ ਕੇ ਜਪੁਜੀ ਸਾਹਿਬ ਅਤੇ ਚੌਪਈ ਸਾਹਿਬ ਦੇ ਪਾਠ ਕਰਕੇ ਕੀਤੀ ਗਈ। ਉਪਰੰਤ ਸਕੂਲ ਦੇ ਵਿਦਿਆਰਥੀਆਂ ਅਤੇ ਸੰਗੀਤ ਅਧਿਆਪਕ ਹਰਮਨਦੀਪ ਸਿੰਘ, ਵਰਿੰਦਰ ਸਿੰਘ ਅਤੇ ਬੀਬੀ ਅਮਨਪ੍ਰੀਤ ਕੌਰ ਵੱਲੋਂ ਗੁਰਬਾਣੀ ਦਾ ਹਰਜਸ ਕੀਰਤਨ ਕੀਤਾ ਗਿਆ। ਸਕੂਲ ਦੇ ਧਾਰਮਿਕ ਅਧਿਆਪਕ ਹਰਪਾਲ ਸਿੰਘ ਵੱਲੋਂ ਅਰਦਾਸ ਉਪਰੰਤ ਵਿਚਾਰਾਂ ਦੀ ਸਾਂਝ ਪਾਈ ਗਈ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਰਮਣੀਕ ਸਿੰਘ ਫਰੀਡਮ, ਜਤਿੰਦਰ ਬੀਰ ਸਿੰਘ ਬਹਿਲ ਅਤੇ ਹੈੱਡ ਮਿਸਟਰਸ ਮੈਡਮ ਸਿਮਰਪ੍ਰੀਤ ਕੌਰ ਤੋਂ ਇਲਾਵਾ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ। ਇਸ ਖੁਸ਼ੀ ਦੇ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਲੱਡੂ ਵੰਡੇ ਗਏ।

## ਵਾਤਾਵਰਨ ਦਿਵਸ ਮੌਕੇ ਭੋਏਵਾਲ ਵਿਖੇ ਨਵੀਂ ਨਰਸਰੀ ਦੀ ਸ਼ੁਰੂਆਤ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਵਣ-ਮੰਡਲ ਅਫਸਰ ਅਮਨੀਤ ਸਿੰਘ ਆਈ.ਐਫ.ਐਸ. ਅੰਮ੍ਰਿਤਸਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰਵਿੰਦਰ ਸਿੰਘ ਰੇਂਜ ਅਫਸਰ ਰਈਆ-2 ਅਤੇ ਪਿੰਡ ਭੋਏਵਾਲ ਅਤੇ ਆਸ-ਪਾਸ ਪਿੰਡਾਂ ਦੇ ਲੋਕਾਂ ਸਹਿਯੋਗ ਨਾਲ 'ਵਾਤਾਵਰਣ ਦਿਵਸ ਮਨਾਇਆ ਗਿਆ ਅਤੇ ਇੱਕ ਹੋਰ ਨਵੀਂ ਵਿਸ਼ਾਲ ਨਰਸਰੀ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਸੁਖਜਿੰਦਰਰਾਜ ਸਿੰਘ ਲਾਲੀ ਦੀ ਧਰਮ ਪਤਨੀ ਡਾ. ਸਤਿੰਦਰ ਕੌਰ ਗਿੱਲ ਮਜੀਠੀਆ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋ ਕਿ ਪ੍ਰੋਗਰਾਮ ਦੀ ਸ਼ੁਰੂਆਤ ਬੂਟੇ ਲਗਾ ਕੇ ਕੀਤੀ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਡਾ: ਗਿੱਲ ਮਜੀਠੀਆ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਵੀ ਇਕੋ ਉਪਰਾਲਾ ਹੈ ਕਿ ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਬਚਾਉਣ ਲਈ ਪੰਜਾਬ ਵਿੱਚ ਵੱਧ ਤੋਂ ਵੱਧ ਬੂਟੇ ਲਾਏ ਜਾਣ।

ਇਸ ਮੌਕੇ ਬਲਾਕ ਅਫਸਰ ਜਸਬਿੰਦਰ ਸਿੰਘ, ਬੀਟ ਇੰਚਾਰਜ ਰਾਜ ਸਿੰਘ ਜੇਈ ਹਰਮਨਜੀਤ ਸਿੰਘ ਨਹਿਰੀ ਵਿਭਾਗ, ਬਲਜਿੰਦਰ ਸਿੰਘ ਉਦੋਨੰਗਲ, ਨਿੰਬਰਵਿੰਡ, ਕੁਲਵੰਤ ਸਿੰਘ, ਲਖਬੀਰ ਸਿੰਘ, ਸੁਰਜੀਤ ਸਿੰਘ ਗਿੱਲ ਭੋਏਵਾਲ, ਹਰਪਾਲ ਸਿੰਘ ਭੋਏਵਾਲ, ਹਰਪਾਲ ਸਿੰਘ ਭੋਏਵਾਲ, ਸੁਰਜੀਤ ਸਿੰਘ ਰੰਧਾਵਾ ਭੋਏਵਾਲ, ਹਰਜਿੰਦਰ ਸਿੰਘ ਭੋਏਵਾਲ, ਸੰਤੋਖ ਸਿੰਘ ਸਾਬਕਾ ਸਰਪੰਚ ਭੋਏਵਾਲ, ਅਮਰਜੀਤ ਸਿੰਘ, ਸਤਨਾਮ ਸਿੰਘ ਜੱਜ ਤਨੇਲ, ਜਰਮਨਜੀਤ ਸਿੰਘ ਤਨੇਲ, ਜਸਮੀਤ ਸਿੰਘ ਰੰਧਾਵਾ, ਚੇਅਰਮੈਨ ਗੁਰਮੁੱਖ ਸਿੰਘ ਕਾਦਰਾਂਬਾਦ, ਬਲਿਹਾਰ ਸਿੰਘ ਟਾਹਲੀ ਸਾਹਬ, ਰਸਪਾਲ ਸਿੰਘ ਟਾਹਲੀ ਸਾਹਬ, ਨਾਨਕ ਸਿੰਘ ਰਾਮਦੀਵਾਲੀ, ਰਾਜਮੱਲ ਸਿੰਘ, ਨਿੱਬਰਵਿੰਡ, ਨਿਸ਼ਾਨ ਸਿੰਘ ਸ਼ਾਹ, ਮਨਜੀਤ ਸਿੰਘ ਅਤੇ ਰਾਜਾ ਨਿੱਬਰਵਿੰਡ, ਜਸਪ੍ਰੀਤ ਸਿੰਘ, ਪ੍ਰਗਟ ਸਿੰਘ ਟਾਹਲੀ ਸਾਹਿਬ ਭਾਈ ਦਲੇਰ ਸਿੰਘ ਖਾਲਸਾ ਸਾਧਪੁਰ ਸਮੇਤ ਵੱਡੀ ਗਿਣਤੀ ਵਿਚ ਆਗੂ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਡੇਂਗੂ ਬੁਖ਼ਾਰ ਤੋਂ ਬਚਣ ਸਬੰਧੀ ਜਾਣਕਾਰੀ ਦੇਣਾ ਜ਼ਰੂਰੀ: ਐੱਸ ਐੱਮ ਓ



ਕਲਾਨੌਰ, (ਮਨਦੀਪ ਕੁਮਾਰ)-ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਗੁਰਦਾਸਪੁਰ ਦੇ ਐਪੀਡੀਮਾਲੋਜਿਸਟ ਡਾ. ਪ੍ਰਭਜੋਤ ਕਲਸੀ ਅਤੇ ਕਲਾਨੌਰ ਤੋਂ ਐਸਐਮਓ ਡਾਕਟਰ ਲਖਵਿੰਦਰ ਸਿੰਘ ਅਠਵਾਲ ਦੇ ਨਿਰਦੇਸ਼ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਡਾਲਾ ਬਾਂਗਰ ਵਿਖੇ ਸਕੂਲ ਦੇ ਵਿਦਿਆਰਥੀਆਂ ਨੂੰ ਡੇਂਗੂ ਬੁਖ਼ਾਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਕੁਲਵੰਤ ਸਿੰਘ ਹੈਲਥ ਇੰਸਪੈਕਟਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਡੇਂਗੂ ਦਾ ਬੁਖ਼ਾਰ ਏਡੀਜ਼ ਅਸਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਵੇਰ ਵੇਲੇ ਜਾਂ ਸ਼ਾਮ ਵੇਲੇ ਕੱਟਦਾ ਹੈ ਡੇਂਗੂ ਬੁਖ਼ਾਰ ਦੀਆਂ ਨਿਸ਼ਾਨੀਆਂ ਤੇਜ਼ ਬੁਖ਼ਾਰ ਸਰੀਰ ਤੇ ਦਾਣੇ ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਮਸੂੜਿਆਂ ਵਿੱਚ ਖੂਨ ਵਗਣਾ ਮੁੱਖ ਨਿਸ਼ਾਨੀਆਂ ਹਨ। ਇਹ ਮੱਛਰ ਸਾਫ ਪਾਣੀ ਵਿਚ ਹੁੰਦਾ ਹੈ ਜਿਵੇਂ ਘਰਾਂ ਵਿੱਚ ਰੱਖੇ ਹੋਏ ਗਮਲੇ, ਫਰਿੱਜਾਂ ਵਿੱਚਲੇ ਵੇਸਟ ਪਾਣੀ ਵਾਲੀ ਟ੍ਰੇਅ, ਕੂਲਰਾਂ ਵਿੱਚ ਪਏ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਕਰਕੇ ਸਾਨੂੰ ਸਾਰਿਆਂ ਨੂੰ ਹਰ ਸ਼ੁੱਕਰਵਾਰ ਨੂੰ ਡਰਾਈਡੇਅ ਵਜੋਂ ਮਨਾਉਣਾ ਚਾਹੀਦਾ ਹੈ ਅਤੇ ਹਰ ਇੱਕ ਪਾਣੀ ਵਾਲੀ ਵਸਤੂ ਨੂੰ ਇੱਕ ਵਾਰ ਜ਼ਰੂਰ ਸਕਾਉਣਾ ਚਾਹੀਦਾ ਹੈ ਇਸ ਤੋਂ ਇਲਾਵਾ ਟੋਇਆਂ-ਟਿੱਬਿਆਂ ਅਤੇ ਖੜ੍ਹੇ ਪਾਣੀ ਵਿਚ ਸੜਿਆ ਹੋਇਆ ਇੰਜਣ ਦਾ ਤੇਲ ਪਾਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਹੈਲਥ ਇੰਸਪੈਕਟਰ, ਸਕੂਲ ਪ੍ਰਿੰਸੀਪਲ ਦੀਪਕ ਕੁਮਾਰ, ਸਕੂਲ ਦੇ ਅਧਿਆਪਕ ਸਹਿਬਾਨ ਅਤੇ ਵਿਦਿਆਰਥੀ ਮੌਜੂਦ ਸਨ।

## ਨਵਜੋਤ ਭੰਗੂ ਪ੍ਰਧਾਨ ਤੇ ਕੁਲਦੀਪ ਸਿੰਘ ਕਾਹਲੋਂ ਸਕੂਲ ਕਮੇਟੀ ਦੇ ਮੀਤ ਪ੍ਰਧਾਨ ਬਣੇ

ਮਜੀਠਾ (ਸੋਇਮ ਆਨੰਦ)-ਸਵ: ਪ੍ਰਿੰ. ਨਿਰਮਲ ਸਿੰਘ ਭੰਗੂ, ਸਾਬਕਾ ਮੈਂਬਰ ਡਾਇਰੈਕਟਰ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਸਾਬਕਾ ਪ੍ਰਿੰਸੀਪਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਾਲਸਾ ਕਾਲਜ ਤੇ ਸਟੇਟ ਨੈਸ਼ਨਲ ਐਵਾਰਡੀ ਦੀ ਯਾਦ ਵਿੱਚ ਬਣੀ ਨਿਰਮਲ ਸਿੰਘ ਭੰਗੂ ਮੈਮੋਰੀਅਲ ਐਜੂਕੇਸ਼ਨ, ਸਪੋਰਟਸ ਅਤੇ ਕਲਚਰ ਸੋਸਾਇਟੀ ਦੀ ਸਾਲ 2023-24 ਲਈ ਅਹੁਦੇਦਾਰਾਂ ਤੇ ਮੈਂਬਰਾਂ ਦੀ ਸਰਬਸੰਮਤੀ ਨਾਲ ਚੋਣ ਹੋਈ, ਜਿਸ ਵਿੱਚ ਸੋਸਾਇਟੀ ਦੀ ਚੇਅਰਪਰਸਨ ਬਲਵਿੰਦਰ ਕੌਰ ਭੰਗੂ, ਪ੍ਰਧਾਨ ਨਵਜੋਤ ਸਿੰਘ ਭੰਗੂ, ਗੱਜਣ ਸਿੰਘ ਪੰਨੂ ਬਿਸ਼ਨੀਵਾਲ ਸੀਨੀਅਰ ਮੀਤ ਪ੍ਰਧਾਨ, ਕੁਲਦੀਪ ਸਿੰਘ ਕਾਹਲੋਂ ਮੀਤ ਪ੍ਰਧਾਨ, ਗੁਰਵੰਤ ਕੌਰ ਸੰਧੂ ਜਨਰਲ ਸੱਕਤਰ, ਹਰਪ੍ਰੀਤ ਕੌਰ ਸੰਯੁਕਤ ਸੱਕਤਰ, ਪ੍ਰਮੋਦ ਸਰਮਾ ਪ੍ਰੈਸ ਸਕੱਤਰ, ਰੰਜਵਤ ਕੌਰ ਮੈਨੇਜਰ, ਰਾਜਵਿੰਦਰ ਕੌਰ ਸੰਧੂ, ਅਮਲਦੀਪ ਕੋਰ ਸੰਧੂ, ਹਰਮਨਜੀਤ ਸਿੰਘ, ਹਰਬੰਸ ਲਾਲ ਖੰਨਾ ਨਾਂਗਕਲਾ, ਜੋਬਨ ਜੀਤ ਸਿੰਘ ਕਾਦਰਾਬਾਦ, ਤਰਸੇਮ ਕੌਰ ਗਿੱਲ, ਰਾਜਨਬੀਰ ਸਿੰਘ ਢਿੱਲੋਂ ਕਸੇਲ ਸੋਸਾਇਟੀ ਦੇ ਮੈਂਬਰ ਨਿਯੁਕਤ ਹੋਏ। ਇਸ ਮੌਕੇ ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ ਰਿਟਾਇਰ ਕਰਨਲ ਸੁਖਚੈਨ ਸਿੰਘ ਢਿੱਲੋਂ, ਅਮਰਬੀਰ ਸਿੰਘ ਚੇਤਨਪੁਰਾ, ਦਲਜੀਤ ਸਿੰਘ ਮਜੀਠਾ, ਮਨਜੋਤ ਸਿੰਘ ਮਜੀਠਾ, ਪਲਵਿੰਦਰ ਸਿੰਘ, ਗੁਰਜੀਤ ਸਿੰਘ ਮਜੀਠਾ ਆਦਿ ਹਾਜ਼ਰ ਸਨ।

## ਪੀ ਐੱਸ ਪੀ ਸੀ ਐੱਲ ਦੇ ਡਾਇਰੈਕਟਰ ਬਣਨ 'ਤੇ ਜਸਬੀਰ ਸਿੰਘ ਢਿੱਲੋਂ ਦਾ ਨਿੱਘਾ ਸਵਾਗਤ



ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਨਵੇਂ ਬਣੇ ਡਾਇਰੈਕਟਰ ਜਸਬੀਰ ਸਿੰਘ ਢਿੱਲੋਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਨਤਮਸਤਕ ਹੋਏ। ਉਨ੍ਹਾਂ ਦੇ ਤਰਨ ਤਾਰਨ ਪਹੁੰਚ 'ਤੇ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਵਲੋਂ ਨਿੱਘਾ ਸਵਾਗਤ ਕੀਤਾ ਗਿਆ ਉਨ੍ਹਾਂ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਇੰਜੀਨੀਅਰ ਗੁਰਭੇਜ ਸਿੰਘ ਢਿੱਲੋਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਸਬੀਰ ਸਿੰਘ ਢਿੱਲੋਂ ਨੂੰ ਪੀਐਸਪੀਐਲ ਦਾ ਡਰੈਕਟਰ ਨਿਯੁਕਤ ਕਰਕੇ ਜ਼ਿਲਾ ਤਰਨ ਤਾਰਨ ਦਾ ਮਾਣ ਵਧਾਇਆ ਹੈ ਤੇ ਸਾਨੂੰ ਆਸ ਹੈ ਕਿ ਡਾਇਰੈਕਟਰ ਜਸਬੀਰ ਸਿੰਘ ਢਿੱਲੋ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ ਤੇ ਜੋ ਕਮੀਆਂ ਤੇ ਘਾਟਾਂ ਵਿਭਾਗ ਵਿੱਚ ਹਨ ਉਨ੍ਹਾਂ ਨੂੰ ਜਲਦ ਹੀ ਪੂਰਾ ਕਰਨਗੇ। ਇਸ ਮੌਕੇ ਗੁਰਭੇਜ ਸਿੰਘ ਢਿੱਲੋਂ ਸੀਨੀਅਰ ਮੀਤ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਪੰਜਾਬ, ਮੇਜਰ ਸਿੰਘ ਮੱਲੀਆਂ ਸਰਕਲ ਪ੍ਰਧਾਨ, ਹਰਜਿੰਦਰ ਸਿੰਘ ਚੌਹਾਨ ਸਰਕਲ ਪੈਨਸਨਰ ਵੈਲਫੇਅਰ ਫੈਡਰੇਸ਼ਨ ਪੰਜਾਬ, ਲਖਬੀਰ ਸਿੰਘ ਸੰਧੂ ਸਰਪ੍ਰਸਤ ਸਰਕਲ ਤਰਨਤਾਰਨ, ਸਤਪਾਲ ਸਿੰਘ ਵਾਲੀਆ ਪ੍ਰਧਾਨ ਬਾਰਡਰ ਜ਼ੋਨ, ਹਰਭੇਜ ਸਿੰਘ ਪੰਨੂੰ, ਸਤਨਾਮ ਸਿੰਘ ਸਰਾਂ, ਸੰਤੋਖ ਸਿੰਘ, ਜਗਜੀਤ ਸਿੰਘ ਜੀਓਬਾਲਾ, ਬਲਜਿੰਦਰ ਸਿੰਘ ਸਲਾਹਕਾਰ ਪੰਜਾਬ, ਰਣਜੀਤ ਸਿੰਘ ਪ੍ਰਧਾਨ ਸ਼ਹਿਰੀ ਮੰਡਲ ਤਰਨਤਾਰਨ, ਇੰਜੀਨੀਅਰ ਜਤਿੰਦਰ ਸਿੰਘ ਐਸਡੀਐਮ, ਦਲਜੀਤ ਸਿੰਘ ਕੋਟ, ਹਰਪਾਲ ਸਿੰਘ ਨੌਸ਼ਹਿਰਾ, ਜਸਪ੍ਰੀਤ ਸਿੰਘ ਸੋਹਲ, ਪਲਵਿੰਦਰ ਸਿੰਘ ਖਡੂਰ ਸਾਹਿਬ, ਲਖਬੀਰ ਸਿੰਘ ਰੇਸੀਆਣਾ, ਸਤੀਸ਼ ਕੁਮਾਰ ਸਰਹਾਲੀ, ਮੰਗਲ ਸਿੰਘ ਪ੍ਰਧਾਨ ਪੱਟੀ ਮੰਡਲ, ਇੰਜੀਨੀਅਰ ਨਰਿੰਦਰ ਸਿੰਘ ਉਪ ਮੰਡਲ ਸ਼ਹਿਰੀ ਤਰਨਤਾਰਨ, ਜਗਜੀਤ ਸਿੰਘ ਬਾਠ, ਸਵਰਨ ਸਿੰਘ, ਜਸਬੀਰ ਸਿੰਘ ਨੂਰਦੀ, ਰਣਜੀਤ ਸਿੰਘ ਲੋਹਕਾ ਪ੍ਰਧਾਨ ਮਾਣੋਚਾਹਲ, ਸੁਖਚੈਨ ਸਿੰਘ ਐਸ ਐਸ ਓ, ਗੁਰਦੇਵ ਸਿੰਘ ਬਾਠ ਪ੍ਰਧਾਨ ਭਿੱਖੀਵਿੰਡ, ਕੁਲਦੀਪ ਸਿੰਘ ਠਰੂ, ਅਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਅਰਸਪ੍ਰੀਤ ਸਿੰਘ, ਜੇਈ ਮਨਪ੍ਰੀਤ ਸਿੰਘ, ਹਰਜਿੰਦਰ ਸਿੰਘ ਠਰੂ, ਪ੍ਰਤਾਪ ਸਿੰਘ, ਬਲਵੀਰ ਸਿੰਘ, ਲਖਵੀਰ ਸਿੰਘ ਬੁੱਗਾ ਆਦਿ ਹਾਜ਼ਰ ਸਨ

## ਬੀ ਵੀ ਐੱਨ ਸਕੂਲ ਨੇੜੇ ਵਿਕਾਸ ਕੰਮ ਸ਼ੁਰੂ, ਵਾਰਡ ਵਾਸੀਆਂ ਵੱਲੋਂ ਧੰਨਵਾਦ



ਬਟਾਲਾ, (ਡਾ. ਮਲਵਿੰਦਰ ਸਿੰਘ)-ਵਿਧਾਇਕ ਅਮਨਸ਼ੇਰ ਸਿੰਘ ਕਲਸੀ ਵਲੋਂ ਸ਼ਹਿਰ ਬਟਾਲਾ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ ਅਤੇ ਲੋਕਾਂ ਦੀਆਂ ਪੁਰਾਣੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਧੀਰਜ ਵਰਮਾ, ਆਪ ਪਾਰਟੀ ਦੇ ਲੀਗਲ ਜੁਆਇੰਟ ਸੈਕਟਰੀ ਪੰਜਾਬ ਅਤੇ ਬੰਨੀ ਵਰਮਾ, ਨਰਿੰਦਰ ਵਰਮਾ, ਦਨੇਸ਼ ਅਗਰਵਾਲ, ਮਨੀਸ਼ ਮਹਾਜਨ, ਅਜੇ ਭਾਟੀਆ ਅਤੇ ਪ੍ਰਿੰਸ ਸ਼ਰਮਾ ਨੇ ਕੀਤਾ। ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਵਾਰਡ ਨੰਬਰ 14 ਬੀ.ਵੀ.ਐਨ ਸਕੂਲ ਨੇੜੇ ਗਲੀ ਦੇ ਵਿਕਾਸ ਕੰਮ ਸ਼ੁਰੂ ਕਰਵਾਇਆ ਗਿਆ ਹੈ ਅਤੇ ਨਾਲ ਸੀਵਰੇਜ ਵੀ ਪਾਇਆ ਜਾਵੇਗਾ। ਧੀਰਜ ਵਰਮਾ ਤੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਦੇ ਸ਼ੈਰੀ ਕਲਸੀ ਬਟਾਲਾ ਦੇ ਵਿਧਾਇਕ ਬਣੇ ਹਨ, ਉਸ ਦਿਨ ਤੋਂ ਬਟਾਲਾ ਸ਼ਹਿਰ ਅੰਦਰ ਵਿਕਾਸ ਕੰਮਾਂ ਦੀ ਝੜੀ ਲੱਗੀ ਹੋਈ ਹੈ। ਲੋਕਾਂ ਦੀਆਂ ਪੁਰਾਣੀਆਂ ਸਮੱਸਿਆਵਾਂ ਦੂਰ ਕੀਤੀਆਂ ਜਾ ਰਹੀਆਂ ਹਨ। ਸ਼ਹਿਰ ਦਾ ਸੁੰਦਰੀਕਰਨ ਕੀਤਾ ਜਾ ਰਿਹਾ ਹੈ। ਵਿਧਾਇਕ ਸ਼ੈਰੀ ਕਲਸੀ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕਰਵਾ ਰਹੇ ਹਨ। ਵਾਰਡ ਵਾਸੀਆਂ ਨੇ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ। ਸ਼ਹਿਰ ਵਿਚਲੀਆਂ ਵਿਰਾਸਤ ਦੀ ਪੁਨਰ-ਸੁਰਜੀਤੀ ਤੇ ਨਵੀਨੀਕਰਨ ਲਈ ਸ਼ਲਾਘਾਯੋਗ ਯਤਨ ਕੀਤੇ ਗਏ ਹਨ। ਲਾਇਬ੍ਰੇਰੀ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ। ਬਜ਼ਾਰਾਂ ਵਿੱਚ ਵਿਰਾਸਤੀ ਦਿੱਖ ਵਾਲੀਆਂ ਸਟਰੀਟ ਲਗਾਈਆਂ ਗਈਆਂ ਹਨ। ਸ਼ਹਿਰ ਦੇ ਪ੍ਰਮੁੱਖ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ। ਸ਼ਹਿਰ ਦੇ ਐਂਟਰੀ ਪੁਆਇੰਟਾਂ 'ਤੇ ਸ਼ਾਨਦਾਰ ਗੇਟਾਂ ਦੀ ਉਸਾਰੀ ਕਰਵਾਉਣ ਦਾ ਕੰਮ ਛੇਤੀ ਸ਼ੁਰੂ ਹੋਣ ਵਾਲਾ ਹੈ। ਸ਼ਹਿਰ ਵਿਚਲੀਆਂ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਲੋਕਾਂ ਨੂੰ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਹਲਕਾ ਧਾਰੀਵਾਲ ਅੰਦਰ ਲਗਾਇਆ 15ਵਾਂ ਗੁਰਮਤਿ ਕੈਂਪ ਸਮਾਪਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਲਕਾ ਧਾਰੀਵਾਲ ਅੰਦਰ ਐਸਜੀਪੀਸੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਦੇ ਸਹਿਯੋਗ ਨਾਲ ਲਗਾਏ ਗਏ ਹਫਤਾਵਾਰੀ ਗੁਰਮਤਿ ਕੈਂਪਾਂ ਦੀ ਲੜੀ ਤਹਿਤ 15 ਵਾਂ ਗੁਰਮਤਿ ਕੈਂਪ ਪਿੰਡ ਬਦੇਸਾ ਵਿੱਚ ਲਗਾਇਆ ਗਿਆ। ਇਸ ਕੈਂਪ ਵਿੱਚ 40 ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਅਤੇ ਪ੍ਰਚਾਰਕ ਭਾਈ ਜਗਰੂਪ ਸਿੰਘ ਕਲਿਆਣਪੁਰ ਨੇ ਦੱਸਿਆ ਕਿ 7 ਜੁਲਾਈ ਤੋਂ 19 ਜੁਲਾਈ ਤੱਕ ਲਗਾਏ ਕੈਂਪ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਗਈਆਂ ਜਿਸ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕਾਂ ਵਲੋਂ ਬੱਚਿਆਂ ਨੂੰ ਸਿੱਖ ਧਰਮ ਦੀ ਮੁੱਢਲੀ ਸਿੱਖਿਆ ਦੇਣ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਜਾਣਕਾਰੀ ਦਿੱਤੀ ਗਈ। ਕੈਂਪ ਦੇ ਅੱਜ ਸਮਾਪਤੀ ਸਮਾਗਮ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਂਪ 'ਚ ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀਬੀ ਜਸਬੀਰ ਕੌਰ ਜਫਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਰਣਜੀਤ ਸਿੰਘ ਕਲਿਆਣਪੁਰ ਮੈਨੇਜਰ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ, ਬਾਬਾ ਸੂਬਾ ਸਿੰਘ ਬਦੇਸਾ, ਭਾਈ ਜਗਰੂਪ ਸਿੰਘ ਕਲਿਆਣਪੁਰ, ਭਾਈ ਗੁਰਵਿੰਦਰ ਸਿੰਘ ਵੜੈਚ, ਬੀਬੀ ਰਾਜਬੀਰ ਕੌਰ ਆਦਿ ਸਮੇਤ ਹੋਰ ਸੰਗਤਾਂ ਵੀ ਹਾਜ਼ਰ ਸਨ।

## ਪੰਡੋਰੀ ਸਿੱਧਵਾਂ ਦੇ ਨੌਜਵਾਨ ਦੀ ਛੱਪੜ 'ਚੋਂ ਲਾਸ਼ ਬਰਾਮਦ

ਝਬਾਲ, (ਹਰਜਿੰਦਰ ਸਿੰਘ ਸੋਨੀ/ਗੌਰਬਿਨ ਸਿੰਘ ਸੋਨੀ)- ਥਾਣਾ ਝਬਾਲ ਅਧੀਨ ਆਉਂਦੇ ਪਿੰਡ ਪੰਡੋਰੀ ਸਿੱਧਵਾਂ ਦੇ 27 ਸਾਲਾ ਨੌਜਵਾਨ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਉਕਤ ਨੌਜਵਾਨ ਪਿਛਲੇ 2 ਦਿਨ ਤੋਂ ਘਰੋਂ ਗੁੰਮ ਹੋ ਗਿਆ ਸੀ। ਉਸ ਦੀ ਲਾਸ ਅੱਜ ਨਜ਼ਦੀਕੀ ਪਿੰਡ ਮੰਨਣ ਦੇ ਛੱਪੜ 'ਚੋਂ ਮਿਲਣ ਨਾਲ ਇਲਾਕੇ 'ਚ ਦਹਿਸ਼ਤ ਫੈਲ ਗਈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਗੁਰਜਿੰਦਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਪੰਡੋਰੀ ਸਿੱਧਵਾਂ 2 ਦਿਨਾਂ ਤੋਂ ਘਰੋਂ ਕਿਤੇ ਚਲਾ ਗਿਆ ਸੀ ਤੇ ਵਾਪਸ ਨਹੀਂ ਆਇਆ। ਸਵੇਰੇ ਕਿਸੇ ਵਿਅਕਤੀ ਨੇ ਦੱਸਿਆ ਕਿ ਪਿੰਡ ਮੰਨਣ ਦੇ ਛੱਪੜ 'ਚ ਇਕ ਨੌਜਵਾਨ ਦੀ ਲਾਸ਼ ਪਈ ਹੈ। ਜਦੋਂ ਆ ਕੇ ਘਰ ਵਾਲਿਆਂ ਨੇ ਵੇਖਿਆ ਤਾਂ ਇਹ ਉਨ੍ਹਾਂ ਦੇ ਪੁੱਤਰ ਗੁਰਜਿੰਦਰ ਸਿੰਘ ਦੀ ਲਾਸ਼ ਨਿਕਲੀ। ਇਸ ਤੋਂ ਬਾਅਦ ਘਰ ਵਾਲਿਆਂ ਦਾ ਰੋ-ਰੋ ਬੁਰਾ ਹਾਲ ਹੋ ਗਿਆ। ਇਸ ਸਬੰਧੀ ਥਾਣਾ ਝਬਾਲ ਵਿਖੇ ਇਤਲਾਹ ਦੇਣ 'ਤੇ ਥਾਣਾ ਮੁਖੀ ਗੁਰਚਰਨ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸਬ-ਸੈਂਟਰ ਉਦੋਨੰਗਲ 'ਚ ਲੱਗਾ ਡੇਂਗੂ ਜਾਗਰੂਕਤਾ ਕੈਂਪ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਸਿਵਲ ਸਰਜਨ ਅੰਮ੍ਰਿਤਸਰ ਡਾ. ਵਿਜੇ ਕੁਮਾਰ ਅਤੇ ਜ਼ਿਲਾ ਮਲੇਰੀਆ ਅਫਸਰ ਡਾ ਹਰਜੋਤ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ ਮੋਨਾ ਚਤਰਥ ਐਸਐਮਓਤਰਸਿੱਕਾ ਦੀ ਅਗਵਾਈ ਹੇਠ ਅੱਜ ਪਿੰਡ ਉੱਦੋਨੰਗਲ ਖੁਰਦ ਵਿਖੇ ਡੇਂਗੂ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਅਪਿੰਦਰ ਸਿੰਘ ਐਸ ਆਈ ਅਤੇ ਗੁਰਮੁਖ ਸਿੰਘ ਵਲੋਂ ਡੇਂਗੂ ਬੁਖਾਰ ਅਤੇ ਇਸ ਦੇ ਬਚਾਅ ਬਾਰੇ ਜਾਣਕਾਰੀ ਦਿੰਦਿਆਂ ਦਸਿਆ ਕਿ ਐਡੇਜ ਐਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਡੇਂਗੂ ਦਾ ਮੱਛਰ ਸਾਫ ਪਾਣੀ ਵਿਚ ਪਨਪਦਾ ਹੈ। ਇਹ ਦਿਨ ਅਤੇ ਸ਼ਾਮ ਵੇਲੇ ਕੱਟਦਾ ਹੈ। ਉਨ੍ਹਾ ਕਿਹਾ ਕਿ ਪਿੰਡ ਵਾਸੀ ਆਪਣੇ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਣ ਅਤੇ ਬਾਰਿਸ਼ ਦੇ ਪਾਣੀ ਨੂੰ ਘਰਾਂ ਲਾਗੇ ਖੜਾ ਨਾ ਹੋਣ ਦੇਣ। ਉਨਾਂ ਲੋਕਾਂ ਨੂੰ ਉਨਾਂ ਦੇ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟਰੇਆਂ, ਛੱਤਾਂ ਤੇ ਪਏ ਪੁਰਾਣੇ ਟਾਇਰਾਂ, ਭਾਂਡਿਆਂ, ਟੁੱਟੇ ਗਮਲਿਆਂ, ਟੈਂਕੀਆਂ ਵਿਚ ਬਾਰਿਸ਼ ਦਾ ਪਾਣੀ ਨਾ ਇਕੱਠਾ ਹੋਣ ਲਈ ਪ੍ਰੇਤਿ ਕੀਤਾ। ਉਨ੍ਹਾਂ ਕਿਹਾ ਕਿ ਡੇਂਗੂ ਦੇ ਮੱਛਰ ਕਾਰਨ ਜਿਥੇ ਬੁਖ਼ਾਰ ਹੁੰਦਾ ਹੈ ਉਥੇ ਸਿਰਦਰਦ, ਮਸੂੜਿਆਂ ਵਿਚੋਂ ਖ਼ੂਨ ਆਉਣਾ, ਮਾਸਪੇਸ਼ੀਆਂ ਵਿਚ ਦਰਦ, ਉਲਟੀਆਂ ਆਉਣਾ ਆਦਿ ਹੋ ਸਕਦੇ ਹਨ। ਇਸ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਪੂਰੀ ਤਰਾਂ ਕਵਰ ਕਰ ਕੇ ਰੱਖਣਾ ਚਾਹੀਦਾ ਹੈ। ਰਾਤ ਨੂੰ ਸੋਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਡੇਂਗੂ ਬੁਖ਼ਾਰ ਦਾ ਟੈੱਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਏਐਨਐਮ ਪਰਮਜੀਤ ਕੌਰ, ਕਵਲਜੀਤ ਕੌਰ ਆਸ਼ਾ ਹੋਰ ਪਿੰਡ ਵਾਸੀ ਹਾਜ਼ਰ ਸਨ।

# ਕਿਸਾਨ ਜਥੇਬੰਦੀਆਂ ਵੱਲੋਂ 24 ਨੂੰ ਸੂਬੇ ਭਰ 'ਚ ਡੀ ਸੀ ਦਫਤਰਾਂ ਅੱਗੇ ਲੱਗਣਗੇ ਮੋਰਚੇ

### ਮਸਲੇ ਹੱਲ ਨਾ ਹੋਣ ਦੀ ਸੂਰਤ 'ਚ ਅਗਲੇ ਦਿਨ ਰੇਲਵੇ ਟਰੈਕ ਕੀਤੇ ਜਾਣਗੇ ਜਾਮ : ਸਭਰਾਂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਜਥੇਬੰਦੀਆਂ ਵੱਲੋਂ 24 ਨੂੰ ਸੂਬੇ ਭਰ ਦੇ ਡੀਸੀ ਦਫਤਰਾਂ 'ਤੇ ਮੋਰਚੇ ਲਗਾਏ ਜਾ ਰਹੇ। ਮਸਲੇ ਹੱਲ ਨਾ ਹੋਣ ਦੀ ਸੂਰਤ ਵਿਚ ਅਗਲੇ ਦਿਨ ਰੇਲਵੇ ਟਰੈਕ ਵੀ ਜਾਮ ਕੀਤੇ ਜਾਣਗੇ। ਉਕਤ ਵਿਚਾਰ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾਂ ਨੇ ਹਰੀਕੇ ਵਿਖੇ ਹੋਈ ਮੀਟਿੰਗ ਦੌਰਾਨ ਇਕੱਤਰ ਕਿਸਾਨਾਂ ਮਜ਼ਦੂਰਾਂ ਨਾਲ ਸਾਂਝੇ ਕੀਤੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਭਰਾਂ ਨੇ ਆਖਿਆ ਕਿ ਸੂਬਾ ਸਰਕਾਰ ਕੇਰਲਾ ਸਰਕਾਰ ਦੀ ਤਰਜ਼ ਉੱਤੇ ਬਾਸਮਤੀ, ਮੂੰਗੀ, ਮੱਕੀ ਸਮੇਤ ਪੰਜਾਬ ਵਿੱਚ ਬੀਜੀਆਂ ਜਾਂਦੀਆਂ ਸਾਰੀਆਂ ਫਸਲਾਂ ਦੀ ਖ੍ਰੀਦ ਦੀ ਗਰੰਟੀ ਦਾ ਕਾਨੂੰਨ ਬਣਾਵੇ, ਮੱਕੀ ਤੇ ਮੂੰਗੀ ਦੀ ਮੰਡੀਆਂ ਵਿੱਚ ਹੋ ਰਹੀ ਲੁੱਟ ਤੋਂ ਕਿਸਾਨਾਂ ਨੂੰ ਬਚਾਉਣ ਲਈ ਵਿਕੀ ਫਸਲ ਦੇ ਭਾਅ ਤੇ ਸਰਕਾਰੀ ਭਾਅ ਵਿਚਲੇ ਅੰਤਰ ਦੀ ਭਰਪਾਈ ਪੰਜਾਬ ਸਰਕਾਰ ਕਰੇ। ਪੰਜਾਬ 'ਚ ਹਿਮਾਚਲ ਤੋ ਬਰਸਾਤਾਂ ਦੇ ਆਏ ਪਾਣੀ ਤੇ ਪੰਜਾਬ 'ਚ ਪਏ ਭਾਰੀ ਮੀਂਹ ਨਾਲ ਜਲੰਧਰ, ਕਪੂਰਥਲਾ, ਰੋਪੜ, ਪਟਿਆਲਾ, ਫਤਹਿਗੜ੍ਹ ਸਾਹਿਬ, ਮੋਹਾਲੀ, ਫਿਰੋਜ਼ਪੁਰ, ਫਾਜ਼ਿਲਕਾ, ਤਰਨਤਾਰਨ ਸਮੇਤ ਪੰਜਾਬ ਭਰ 'ਚ ਲੱਖਾਂ ਏਕੜ ਤਬਾਹ ਹੋਈ ਝੋਨੇ, ਮੱਕੀ, ਚਾਰਾ, ਸਬਜ਼ੀਆਂ ਸਮੇਤ ਹੋਰ ਫਸਲਾਂ ਦੀ ਗਿਰਦਾਵਰੀ ਕਰਵਾ ਕੇ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ, ਹੜ੍ਹਾਂ ਨਾਲ ਹਜ਼ਾਰਾਂ ਪਿੰਡਾਂ ਵਿੱਚ ਢਹਿ ਗਏ ਅਤੇ ਰੁੜ੍ਹ ਗਏ ਮਕਾਨਾਂ ਨੂੰ ਪੰਜਾਬ ਸਰਕਾਰ ਬਣਾ ਕੇ ਦੇਵੇ ਤੇ ਹੋਏ ਨੁਕਸਾਨ ਦੀ ਪੂਰਤੀ ਕਰੇ। ਹੜ੍ਹਾਂ ਕਾਰਨ ਮਨੁੱਖਾਂ ਤੇ ਪਸ਼ੂਆਂ ਦੇ ਹੋਏ ਜਾਨੀ ਨੁਕਸਾਨ ਦੀ ਸ਼ਨਾਖਤ ਕਰਕੇ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਹੜ੍ਹ ਪੀੜਤ ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ। ਭਾਰਤ ਮਾਲਾ ਪ੍ਰੋਜੈਕਟ ਅਧੀਨ ਬਣ ਰਹੇ ਨੈਸ਼ਨਲ ਹਾਈਵੇਅ ਲਈ ਐਕਵਾਇਰ ਕੀਤੀਆਂ ਜ਼ਮੀਨਾਂ ਦਾ ਰੇਟ ਇੱਕਸਾਰ ਕਰਨ ਤੇ ਪੰਜਾਬ ਭਰ ਵਿੱਚ ਕਿਸਾਨਾਂ ਨੂੰ ਪੈਸੇ ਦਿੱਤੇ ਬਗੈਰ ਧੱਕੇ ਨਾਲ ਕਬਜ਼ੇ ਨਾ ਕਰਨ ਦੀ ਮੰਨੀ ਹੋਈ ਮੰਗ ਪੰਜਾਬ ਸਰਕਾਰ ਤੇ ਨੈਸ਼ਨਲ ਹਾਈਵੇ ਅਥਾਰਿਟੀ ਲਾਗੂ ਕਰੇ ਤੇ ਵਾਅਦਾ ਖਿਲਾਫੀ ਕਰਕੇ ਗੁਰਦਾਸਪੁਰ ਆਦਿ ਜ਼ਿਲਿਆਂ ਵਿੱਚ ਵਧੇ ਰੇਟਾਂ ਦੇ ਹਿਸਾਬ ਨਾਲ ਪੈਸੇ ਦਿੱਤੇ ਬਿਨਾਂ ਜ਼ਮੀਨਾਂ ਉੱਤੇ ਕਬਜ਼ੇ ਲੈਣ ਦੀ ਕਾਰਵਾਈ ਬੰਦ ਕਰੇ। (ਅ) ਭਾਰਤ ਪੈਟਰੋਲੀਅਮ ਤੇਲ ਕੰਪਨੀ ਵੱਲੋਂ ਜ਼ਿਲਾ ਸੰਗਰੂਰ ਵਿੱਚ ਕਿਸਾਨਾਂ ਨੂੰ ਜ਼ਮੀਨਾਂ ਦਾ ਮੁਆਵਜ਼ਾ ਦਿੱਤੇ ਬਗੈਰ ਪਾਈਆਂ ਜਾ ਰਹੀਆਂ ਪਾਈਪ ਲਾਈਨਾਂ ਦਾ ਕੰਮ ਬੰਦ ਕੀਤਾ ਜਾਵੇ। ਪੰਜਾਬ ਭਰ ਵਿੱਚ ਅਬਾਦਕਾਰਾਂ ਵੱਲੋਂ ਪਿਛਲੇ ਕਈ ਦਹਾਕਿਆਂ ਤੋ ਬੰਜਰ ਪੁੱਟ ਕੇ ਅਬਾਦ ਕੀਤੀਆਂ ਜਮੀਨਾਂ ਦੇ ਪੱਕੇ ਮਾਲਕੀ ਹੱਕ ਵਿਧਾਨ ਸਭਾ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ ਉੱਤੇ ਕਾਨੂੰਨ ਬਣਾ ਕੇ ਮੰਨੀ ਹੋਈ ਮੰਗ ਮੁਤਾਬਕ ਕਾਸ਼ਤਕਾਰਾਂ ਨੂੰ ਦਿੱਤੇ ਜਾਣ ਤੇ ਸਰਕਾਰ ਵੱਲੋ ਜਿਲਾ ਫਾਜਲਿਕਾ ਦੇ ਪਿੰਡ ਨਵਾਂ ਸਲੇਮਸਾਹ ਤੇ ਚੱਕ ਵਜੀਦਾ ਸਮੇਤ ਆਦਿ ਜ਼ਿਲਿਆਂ ਵਿੱਚ ਅਬਾਦਕਾਰਾਂ ਕੋਲੋ ਧੱਕੇ ਨਾਲ ਜਮੀਨਾਂ ਖੋਹਣੀਆਂ ਬੰਦ ਕੀਤੀਆਂ ਜਾਣ ਤੇ ਹਾਈਕੋਰਟ ਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਕੀਤੀ ਜਾਵੇ। ਪ੍ਰੀਪੇਡ ਸਮਾਰਟ ਮੀਟਰਾਂ ਦਾ ਫੈਸਲਾ ਰੱਦ ਕਰਨ ਸਮੇਤ ਸਾਰੀਆਂ ਬਿਜਲੀ ਸਬੰਧੀ ਮੰਗਾਂ ਮੰਨੀਆਂ ਜਾਣ। ਪੰਜਾਬ ਦੀ ਸਾਰੀ ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕੀਤਾ ਜਾਵੇ ਤੇ ਨਵੇ ਸੂਏ, ਰਜਬਾਹੇ, ਖਾਲ ਕੱਢੇ ਜਾਣ ਤੇ ਜਮੀਨਦੋਜ ਪਾਈਪਾਂ ਪਾਈਆਂ ਜਾਣ ਤੇ ਪਾਣੀ ਨਾਲ ਸਬੰਧਤ ਸਾਰੀਆਂ ਮੰਗਾਂ ਦਾ ਹੱਲ ਕੱਢਿਆ ਜਾਵੇ। ਆਗੂਆਂ ਨੇ ਦੱਸਿਆ ਕਿ ਕਿਸਾਨ ਮਜਦੂਰ ਸੰਘਰਸ ਕਮੇਟੀ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜਾਦ ਵੱਲੋ 24 ਨੂੰ ਪੰਜਾਬ ਭਰ ਵਿੱਚ ਡੀਸੀ ਦਫਤਰਾਂ ਅੱਗੇ ਮੋਰਚੇ ਲਗਾਏ ਜਾ ਰਹੇ ਹਨ ਜੇਕਰ ਸੁਣਵਾਈ ਨਾਂ ਹੋਈ ਤਾਂ 25 ਜੁਲਾਈ ਨੂੰ ਇਹ ਮੋਰਚੇ ਰੇਲਵੇ ਟਰੈਕਾਂ ਉੱਤੇ ਤਬਦੀਲ ਕਰ ਦਿੱਤੇ ਜਾਣਗੇ, ਜਿਸਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਜ਼ੋਨ ਆਗੂ ਸਵਰਨ ਸਿੰਘ ਖਹਿਰਾ, ਜੁਗਰਾਜ ਸਿੰਘ ਰਾਜਸਥਾਨੀ ਅਤੇ ਪ੍ਰਧਾਨ ਦਲਜੀਤ ਸਿੰਘ ਹਰੀਕੇ ਨੇ ਵੀ ਆਪਣੇ ਵਿਚਾਰ ਰੱਖੇ ਅਤੇ 24, 25 ਜੁਲਾਈ ਦੇ ਘੋਲ ਵਿਚ ਵੱਡੀ ਗਿਣਤੀ ਸ਼ਮੂਲੀਅਤ ਲਈ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ।



# ਪੰਜਾਬ ਯੂਥ ਕਾਂਗਰਸ ਨੇ ਮਨੀਪੁਰ ਅੱਤਿਆਚਾਰ ਨੂੰ ਲੈ ਕੇ ਮੋਦੀ ਦਾ ਪੁਤਲਾ ਫੂਕਿਆ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**
ਸਮੂਹਿਕ ਏਕਤਾ ਅਤੇ ਔਰਤਾਂ ਦੀ ਸੁਰੱਖਿਆ ਅਤੇ ਮਾਣ-ਸਨਮਾਨ ਲਈ ਚਿੰਤਾ ਦੇ ਇੱਕ ਜਬਰਦਸਤ ਪ੍ਰਦਰਸ਼ਨ 'ਚ ਪੰਜਾਬ ਯੂਥ ਕਾਂਗਰਸ ਨੇ ਜਲੰਧਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ। ਇਹ ਵਿਰੋਧ ਹਾਲ ਹੀ 'ਚ ਮਨੀਪੁਰ ਵਿੱਚ ਔਰਤਾਂ ਨਾਲ ਹੋਈ ਅਣਮਨੁੱਖੀ ਅਤੇ ਸ਼ਰਮਨਾਕ ਘਟਨਾ ਦੇ ਪ੍ਰਤੀਕਰਮ ਵਜੋਂ ਹੋਇਆ ਹੈ, ਜਿਸ ਨੇ ਰਾਸ਼ਟਰ ਦੀ ਜ਼ਮੀਰ ਨੂੰ ਡੂੰਘੀ ਤਰ੍ਹਾਂ ਝੰਜੋੜਿਆ ਹੈ। ਪੰਜਾਬ ਯੂਥ ਕਾਂਗਰਸ ਦੇ ਸਕੱਤਰ ਅੰਗਦ ਦੱਤਾ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਇਸ ਨਿੰਦਣਯੋਗ ਕਾਰੇ ਦੀ ਨਿਖੇਧੀ ਕੀਤੀ ਅਤੇ ਔਰਤ ਨਾਲ ਕੀਤੀ ਗਈ ਘਿਨੌਣੀ ਹਰਕਤ 'ਤੇ ਤਿੱਖੀ ਨਫਰਤ ਦਾ ਪ੍ਰਗਟਾਵਾ ਕੀਤਾ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਆਪਣੀ ਸੱਤਾ ਦੇ ਲਾਲਚ 'ਚ ਇੰਨੇ ਅੰਨ੍ਹੇ ਹੋ ਗਏ ਹਨ ਕਿ ਮਨੀਪੁਰ ਦੀ ਅੱਗ ਉਨ੍ਹਾਂ ਦੀਆਂ ਅੱਖਾਂ ਤੱਕ ਨਹੀਂ ਪਹੁੰਚ ਰਹੀ ਹੈ। ਜਲੰਧਰ ਯੂਥ ਕਾਂਗਰਸ ਸ਼ਹਿਰੀ ਦੇ ਜਿਲ੍ਹਾ ਪ੍ਰਧਾਨ ਰਣਦੀਪ ਸੰਧੂ ਨੇ ਕਿਹਾ ਕਿਹਾ ਅਸੀਂ ਮੰਗ ਕਰਦੇ ਹਾਂ ਕਿ ਮਨੀਪੁਰ 'ਚ ਪੀੜਤਾਂ ਲਈ ਨਿਆਂ ਯਕੀਨੀ ਬਣਾਉਣ ਅਤੇ ਭਵਿੱਖ 'ਚ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਨੂੰ ਰੋਕਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ।



# ਮਨੀਪੁਰ ਔਰਤਾਂ ਦੀ ਨਗਨ ਪਰੇਡ ਤੇ ਬਲਾਤਕਾਰ ਦੀ ਘਿਨਾਉਣੀ ਘਟਨਾ ਵੰਡੀਆਂ ਪਾਊ ਨੀਤੀਆਂ ਦਾ ਸਿਖਰ : ਜਮਹੂਰੀ ਅਧਿਕਾਰ ਸਭਾ

**ਜਲੰਧਰ (ਕੇਸਰ)**
ਮਨੀਪੁਰ ਅੰਦਰ ਔਰਤਾਂ ਨੂੰ ਨਿਰਵਸਤਰ ਕਰਨ ਤੇ ਬਲਾਤਕਾਰ ਕਰਨ ਦੀ ਘਟਨਾ ਸਮਾਜ ਨੂੰ ਵੰਡਣ ਤੇ ਮਨੂੰ ਸਮ੍ਰਿਤੀ ਅਧਾਰਤ ਨੀਤੀ ਨੂੰ ਲਾਗੂ ਕਰਨ ਦਾ ਸਿਖਰ ਹੈ। ਮਨੀਪੁਰ ਦੇ ਮੁਖ ਮੰਤਰੀ ਦਾ ਕਹਿਣਾ ਕਿ ਅਜਿਹੀਆਂ ਸੈਂਕੜੇ ਐਫਆਈਆਰਾਂ ਦਰਜ ਹਨ,ਸਥਿਤੀ ਦਾ ਅਤਿ ਚਿੰਤਾਜਨਕ ਪੱਖ ਹੈ। ਕਿਉਂਕਿ ਇਹਨਾਂ ਮਾਮਲਿਆਂ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਦੋਸ਼ ਲਾਉਂਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਜਗਮੋਹਨ ਸਿੰਘ, ਪ੍ਰਿਤਪਾਲ ਸਿੰਘ ਜਰਨਲ ਸਕੱਤਰ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਕਿਹਾ ਕਿ ਮਨੀਪੁਰ ਭਾਜਪਾ ਦੀ ਸਰਕਾਰ ਮਾਰਚ ਵਿੱਚ ਸਥਾਪਤ ਹੋਈ ਅਤੇ 3 ਮਈ ਤੋਂ ਦੋ ਕਬੀਲਿਆਂ ਅੰਦਰ ਸ਼ੁਰੂ ਹੋਈਆਂ ਹਿੰਸਾਂ ਦੀ ਘਟਨਾਵਾਂ ਨੇ ਸਮਾਜ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ। ਭਾਰਤ ਦੇ ਗ੍ਰਹਿ ਮੰਤਰੀ ਨੇ ਵੀ ਇਸ ਸੂਬੇ ਦਾ ਦੌਰਾ ਕੀਤਾ ਪਰ ਹਿੰਸਾ ਬੇਰੋਕ ਟੋਕ ਜਾਰੀ ਹੈ। ਪ੍ਰਧਾਨ ਮੰਤਰੀ ਨੇ ਸਾਜ਼ਿਸ਼ੀ ਚੁੱਪੀ ਧਾਰੀ ਰੱਖੀ ਹੈ ਤੇ ਉਦੋਂ ਚੁੱਪ ਟੁੱਟੀ ਹੈ ਜਦ ਸੱਚਾਈ ਜਗ ਜਾਹਿਰ ਹੋ ਗਈ , ਸੁਪਰੀਮ ਕੋਰਟ ਨੇ ਸਖਤ ਨੋਟਿਸ ਲਿਆ ਅਤੇ ਪਾਰਲੀਮੈਂਟ ਵਿਚ ਜਵਾਬ ਦੇਹੀ ਸਾਹਮਣੇ ਸੀ । ਸੂਬੇ ਅੰਦਰ ਇੰਟਰਨੈੱਟ ਸੇਵਾਵਾਂ ਦੋ ਮਹੀਨਿਆਂ ਤੋਂ ਬੰਦ ਪਈਆਂ ਰਹੀਆਂ ਹਨ, ਹੁਣ ਗੁਹਾਟੀ ਹਾਈਕੋਰਟ ਦੇ ਹੁਕਮ ਨਾਲ ਸੀਮਤ ਇੰਟਰਨੈੱਟ ਚਾਲੂ ਹੋਣ ਤੋਂ ਤੁਰੰਤ ਬਾਅਦ ਇਹ ਵੀਡੀਓ ਸਾਹਮਣੇ ਆਈ ਹੈ ਭਾਵ ਦੋ ਮਹੀਨਿਆਂ ਅੰਦਰ ਮਨੀਪੁਰ ਦੇ ਲੋਕਾਂ ਦੇ ਦਰਦ ਦੀ ਕਹਾਣੀ ਜਰੂਰ ਗਹਿਰੀ ਹੋਵੇਗੀ। ਅਜਿਹਾ ਹੀ ਵਰਤਾਰਾ 2016 ਵਿੱਚ ਹਰਿਆਣੇ ਵਿੱਚ ਭਾਜਪਾ ਦੀ ਸਰਕਾਰ ਸਥਾਪਤ ਹੋਣ ਦੇ ਤੁਰੰਤ ਮਗਰੋਂ ਦੋ ਭਾਈਚਾਰਿਆਂ ਨੂੰ ਆਪਸ ਵਿੱਚ ਟਕਰਾਇਆ ਸੀ ਅਤੇ ਔਰਤਾਂ ਉਪਰ ਜਿਨਸੀ ਹਿੰਸਾ ਦੇ ਮਾਮਲੇ ਸਾਹਮਣੇ ਆਏ ਸਨ। ਅਜਿਹਾ ਪ੍ਰਗਟਾ 2002 ਦੇ ਗੁਜਰਾਤ ਕਤਲੇਆਮ ਵਿੱਚ ਵੀ ਸਾਹਮਣੇ ਆਇਆ ਜਿਸ ਦੇ ਦੋਸ਼ੀਆਂ ਨੂੰ ਭਾਜਪਾ ਸਰਕਾਰ ਨੇ ਮੁਆਫੀ ਦੇ ਕੇ ਰਿਹਾਅ ਕਰਨ ਬਾਅਦ ਹਾਰਾਂ ਨਾਲ ਸਵਾਗਤ ਕੀਤਾ ਅਤੇ ਚੋਣਾਂ ਅੰਦਰ ਦਾਖਲ ਕੀਤਾ। ਦੇਸ਼ ਅੰਦਰ ਔਰਤਾਂ ਉਪਰ ਜਬਰ ਦੀਆਂ ਨਿਤ ਵਾਪਰਦੀਆਂ ਘਟਨਾਵਾਂ ਵਿੱਚੋਂ ਹਾਥਰਸ, ਉਨਟਾਓ, ਕਠੂਆ, ਕੌਮਾਂਤਰੀ ਪਧਰ ਉੱਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਔਰਤ ਪਹਿਲਵਾਨਾਂ ਨਾਲ ਜੱਗ ਜਾਹਰ ਹੈ ਜਿਹੜੀ ਔਰਤ ਅਤੇ ਦਲਿਤ ਵਿਰੋਧੀ ਮਨੂਸਿਮਰਤੀ ਵਿਚਾਰਾਂ ਦਾ ਪ੍ਰਗਟਾਵਾ ਹੈ।

# ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਦੀ ਮੀਟਿੰਗ

**ਬਹਿਰਾਮ (ਅਵਤਾਰ ਕਲੇਰ)**
ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ ਪੰਜਾਬ ਦੀ ਮੀਟਿੰਗ ਡੇਰਾ 108 ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਸੁਸਾਇਟੀ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਕੀਤੀ। ਮੀਟਿੰਗ 'ਚ ਸ੍ਰੀ ਗੁਰੂ ਰਵਿਦਾਸ ਸਭਾਵਾਂ, ਡਾ. ਅੰਬੇਡਕਰ ਸਭਾਵਾਂ ਅਤੇ ਇਲਾਕੇ ਦੇ ਪੰਚਾਂ, ਸਰਪੰਚਾਂ ਨੇ ਹਿੱਸਾ ਲਿਆ। ਬੁਲਾਰਿਆਂ ਨੇ ਸੰਬੋਧਨ ਕਰਦਿਆਂ ਸੰਤ ਮਹਾਂਪੁਰਸ਼ਾਂ ਅਤੇ ਸੰਗਤਾਂ ਨੂੰ ਆਪਸੀ ਏਕਾ ਕਰਕੇ ਇੱਕ ਪਲੇਟਫਾਰਮ ਤੇ ਇਕੱਠੇ ਹੋਈਏ ਅਤੇ ਰਲਮਿਲ ਕੇ ਸਾਰੇ ਮਸਲੇ ਹੱਲ ਕਰੀਏ। ਮੀਟਿੰਗ 'ਚ ਹਰਿਦੁਆਰ ਆਸਰਮ ਅਤੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਅਤੇ ਸਮਾਜ ਦੀ ਜਾਇਦਾਦ ਤੇ ਨਜਾਇਜ ਕਬਜੇ ਛੁਡਵਾਉਣ ਲਈ ਸੰਗਤਾਂ ਨੂੰ ਨਾਲ ਲੈ ਕੇ ਮੁਹਿਮ ਅਤੇ ਕਨੂੰਨੀ ਲੜਾਈ ਲੜਨ 'ਤੇ ਜ਼ੋਰ ਦਿੱਤਾ ਗਿਆ। ਉਹਨਾਂ ਸੰਗਤਾਂ ਅਪੀਲ ਕੀਤੀ ਕਿ ਜੋ ਵੀ ਡੇਰਿਆਂ ਅਤੇ ਸਮਾਜ ਦੀ ਜਾਇਦਾਦ ਹੈ ਉਹ ਜਾਇਦਾਦ ਨੂੰ ਸੰਗਤਾਂ ਆਪ ਕਮੇਟੀਆ ਬਣਾ ਕੇ ਸੰਭਾਲ ਕਰਨ ਅਤੇ ਸੰਤ ਮਹਾਂਪੁਰਸ਼ ਆਪਣੇ ਡੇਰਿਆਂ 'ਚ ਭਜਨ ਬੰਦਗੀ ਕਰਨ। ਮੀਟਿੰਗ ਵਿੱਚ ਜੱਸੀ ਤੱਲ੍ਹਣ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਪੰਜਾਬ, ਯਸ ਬਰਨਾ ਤੋਂ ਇਲਾਵਾ ਸੰਤ ਮਹਾਂਪੁਰਸਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਸੈਕਟਰੀ ਦੀ ਭੂਮਿਕਾ ਸਭਾ ਦੇ ਸੈਕਟਰੀ ਸੰਤ ਨਿਰਮਲ ਸਿੰਘ ਅਵਾਦਾਨ ਨੇ ਨਿਭਾਈ। ਸਭਾ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਸਾਰੇ ਸੰਤ ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਦੇਸ ਰਾਜ ਗੋਬਿੰਦਪੁਰਾ ਫਗਵਾੜਾ, ਸੰਤ ਜਸਵਿੰਦਰ ਸਿੰਘ ਡਾਂਡੀਆ, ਸੰਤ ਸਤਨਾਮ ਦਾਸ ਗੱਜਣ ਮਹਿਮੂਦ, ਸੰਤ ਸਰਬਜੀਤ ਸਿੰਘ ਲੜੋਆ, ਸੰਤ ਸਤਨਾਮ ਦਾਸ ਮੰਡੀ, ਸੰਤ ਹਾਕਮ ਦਾਸ ਸੰਧਵਾਂ, ਸੰਤ ਟੈਹਿਲ ਨਾਥ ਨੰਗਲ ਖੇੜਾ, ਸੰਤ ਸਾਮ ਦਾਸ ਝੰਡੇਰ ਖੁਰਦ, ਸੰਤ ਜਸਵਿੰਦਰ ਪਾਲ ਪੰਡਵਾ, ਸੰਤ ਕਪੂਰ ਦਾਸ ਜਲੰਧਰ, ਸੰਤ ਪ੍ਰੇਮ ਦਾਸ ਗੜ੍ਹਸੰਕਰ, ਸੰਤ ਹਰਵਿੰਦਰ ਦਾਸ ਈਸਪੁਰ, ਸੰਤ ਰਾਜੇਸ਼ ਗਿਰੀ ਫਿਲੌਰ, ਸੰਤ ਆਤਮਾ ਦਾਸ ਅੱਪਰਾ, ਸੰਤ ਅਵਤਾਰ ਦਾਸ, ਸੁਰਜੀਤ ਸਿੰਘ ਖੇੜਾ, ਸੁਰਿੰਦਰ ਪਾਲ ਸਰਪੰਚ ਮੇਹਲੀ, ਮਦਨ ਲਾਲ ਰੰਧਾਵਾ, ਹਰਜਿੰਦਰ ਜੰਡਿਆਲੀ ਬਲਾਕ ਸੰਮਤੀ ਮੈਂਬਰ, ਜਥੇਦਾਰ ਸਰੂਪ ਸਿੰਘ ਖਲਵਾੜਾ, ਗਿਆਨੀ ਨਾਜਰ ਸਿੰਘ ਜੱਸੋਮਜਾਰਾ, ਸੁਰਿੰਦਰ ਸਰੋਆ ਆਦਿ ਹਾਜ਼ਰ ਸਨ।



# ਵਾਰਡਾਂ 'ਚ ਵਿਕਾਸ ਦੇ ਕੰਮ ਨਾ ਹੋਣ 'ਤੇ ਕਾਰਜ ਸਾਧਕ ਅਫਸਰ ਤੇ ਪ੍ਰਧਾਨ ਦੇ ਨਾਂਅ ਦਿੱਤੇ ਮੰਗ ਪੱਤਰ



**ਮਹਿਤਪੁਰ (ਰਾਜਾ)**
ਸਥਾਨਕ ਨਗਰ ਪੰਚਾਇਤ ਦੇ ਨਿਵਾਸੀਆਂ ਨੇ ਕਾਰਜ ਸਾਧਕ ਅਫਸਰ ਅਤੇ ਪ੍ਰਧਾਨ ਨਗਰ ਪੰਚਾਇਤ ਦੇ ਨਾਂਅ ਇੱਕ ਸਾਂਝਾ ਮੰਗ ਪੱਤਰ ਦਿੱਤਾ, ਜਿਸ ਵਿੱਚ ਮੰਗ ਕੀਤੀ ਗਈ ਕਿ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਵਾਰਡਾਂ ਵਿੱਚ ਆ ਰਹੀਆਂ ਮੁਸ਼ਕਿਲਾਂ ਦੀਆਂ ਦਰਖਾਸਤਾਂ ਦਿੰਦੇ ਰਹੇ ਹਾਂ ਪਰ ਕੋਈ ਕਾਰਵਾਈ ਨਹੀਂ ਹੋਈ। ਸਗੋਂ ਸਾਡੀਆਂ ਮੁਸ਼ਕਿਲਾਂ ਦਿਨ ਬ ਦਿਨ ਵਧ ਗਈਆਂ ਹਨ । ਪੱਤੀ ਝੁੱਘੀਆਂ ਵਿੱਚ ਇੱਕ ਢੇਰ ਨੂੰ ਚੁੱਕਣ ਅਤੇ ਮੀਂਹ ਕਾਰਨ ਇੱਕ ਗਲੀ ਵਿੱਚ ਪਏ ਟੋਏ ਨੂੰ ਪੂਰਨ ਅਤੇ ਹੋਰ ਮੁਸ਼ਕਿਲਾਂ ਆਦਿ ਸਬੰਧੀ ਕਈ ਵਾਰ ਜਾਣੂ ਕਰਵਾਇਆ ਹੈ ਪਰ ਹੱਲ ਨਹੀਂ ਹੋਇਆ ਹੈ। ਖੁਰਮਪੁਰ- ਸ਼ਾਹਪੁਰ ਬੱਸ ਸਟੈਂਡ ਦੀ ਹਾਲਤ ਕਾਫੀ ਨਾਜ਼ੁਕ ਬਣੀ ਹੋਈ। ਬਰਸਾਤ ਦਾ ਮੌਸਮ ਹੋਣ ਕਾਰਨ ਮੱਖੀਆ ਮੱਛਰ ਬਹੁਤ ਜਿਆਦਾ ਹਨ। ਮਹਿਤਪੁਰ ਦੇ ਹਰੇਕ ਵਾਰਡ ਵਿੱਚ ਫੋਗਿੰਗ ਕਰਵਾਈ ਜਾਵੇ, ਅਤੇ ਕਈ ਵਾਰਡਾਂ ਵਿੱਚ ਰਾਤ ਸਮੇਂ ਲਾਈਟਾਂ ਨਹੀਂ ਚੱਲਦੀਆਂ ਉਨਾਂ ਨੂੰ ਵੀ ਠੀਕ ਕਰਵਾਇਆ ਜਾਵੇ। ਅਗਰ ਸਾਡੀਆਂ ਮੰਗਾਂ 15 ਦਿਨਾਂ ਵਿੱਚ ਨਾ ਮੰਨੀਆਂ ਗਈਆਂ ਤਾਂ ਨਗਰ ਪੰਚਾਇਤ ਦਫਤਰ ਮਹਿਤਪੁਰ ਦਾ ਘਿਰਾਓ ਕੀਤਾ ਜਾਵੇਗਾ ਅਤੇ ਪੁਤਲੇ ਫੂਕੇ ਜਾਣਗੇ । ਇਸ ਮੌਕੇ ਡਾ. ਬੀ ਆਰ ਅੰਬੇਡਕਰ ਦਲਿਤ ਸੈਨਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਧਾਰੀਵਾਲ, ਸਾਬਕਾ ਸਰਪੰਚ ਮੰਗਤ ਰਾਮ, ਅਸ਼ਵਨੀ ਗਿੱਲ, ਸੰਦੀਪ ਦੀਪਾ, ਮਾਣਕ, ਅਜੈ ਵਿਰਦੀ, ਜਸਵੀਰ ਸਿੰਘ, ਨਿਰਮਲ ਸਿੰਘ, ਕੁਲਦੀਪ ਸਿੰਘ, ਰਾਜਾ, ਸੋਨੂੰ ਆਦਿ ਹਾਜਰ ਸਨ।

# ਮਨੀਪੁਰ ਘਟਨਾ ਦੀ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪੁਰਜ਼ੋਰ ਨਿਖੇਧੀ

**ਫਗਵਾੜਾ, (ਨ ਜ਼ ਸ)**- ਮਨੀਪੁਰ ਵਿੱਚ ਔਰਤਾਂ ਨਾਲ ਫਿਰਕਾਵਾਰਾਨਾ ਭੇਦ ਭਾਵ ਤਹਿਤ ਮਤੈਈ ਭਾਈਚਾਰੇ ਨਾਲ ਸਬੰਧਤ ਗੁੰਡਾ ਭੀੜ ਵਲੋਂ ਕੀਤੇ ਗਏ ਕਰੂਰ ਅਪਰਾਧ ਦੀ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਪੁਰਜ਼ੋਰ ਨਿਖੇਧੀ ਕਰਦੀ ਹੈ। ਸੁਸਾਇਟੀ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਸਿੰਘ ਅਤੇ ਜੋਨ ਜਲੰਧਰ ਦੇ ਆਗੂ ਸੁਰਜੀਤ ਟਿੱਬਾ, ਵਿਜੇ ਰਾਹੀ, ਬਲਵਿੰਦਰ ਪਰੀਤ, ਸੁਰਿੰਦਰਪਾਲ ਪਾਲ ਪੱਦੀ ਜਗੀਰ, ਮਾਸਟਰ ਸੁਖਦੇਵ ਫਗਵਾੜਾ ਨੇ ਮਨੀਪੁਰ ਵਿੱਚ ਦਰਿੰਦਗੀ ਵਾਲੇ ਕਾਰੇ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਿਹਾ ਕਿ ਹਾਕਮ ਵਰਗ ਆਪਦੇ ਹਿਤਾਂ ਲਈ ਜਾਤਾਂ ਧਰਮਾਂ ਤੇ ਕਬੀਲਿਆਂ ਵਿੱਚ ਨਫਰਤ ਫੈਲਾ ਕੇ ਵੰਡੀਆਂ ਪਾ ਰਿਹਾ ਹੈ। ਵੰਡੀਆਂ ਤੇ ਨਫਰਤ ਦੀ ਦੇਣ ਹੈ ਕਿ ਮਨੀਪੁਰ ਵਿੱਚ ਔਰਤਾਂ ਨਾਲ ਕਰੂਰ ਅਪਰਾਧ ਵਾਪਰ ਗਿਆ। ਹਕੂਮਤ ਪਿਛਲੇ ਢਾਈ ਮਹੀਨਿਆਂ ਤੋਂ ਮਨੀਪੁਰ ਵਿੱਚ ਫੈਲਾਈ ਗਈ ਗੁੰਡਾਗਰਦੀ ਨੂੰ ਜਾਣ ਬੁਝ ਕੇ ਅਣਗੌਲਿਆ ਕਰਦੀ ਆ ਰਹੀ ਹੈ। ਮਨੀਪੁਰ ਮੁੱਖ ਮੰਤਰੀ ਦੀ ਇਸ ਕਾਂਡ ਬਾਬਤ ਸਟੇਟਮੈਂਟ ਸਿਰੇ ਦੀ ਗੈਰ ਜ਼ਿੰਮੇਵਾਰਾਨਾ ਹੈ ਅਤੇ ਕੇਂਦਰ ਸਰਕਾਰ ਨੇ ਮਨੀਪੁਰ ਮਾਮਲੇ ਵਿੱਚ ਚੰਗੀ ਜ਼ਿੰਮੇਵਾਰੀ ਨਹੀਂ ਨਿਭਾਈ ਹੈ। ਸੁਸਾਇਟੀ ਮੰਗ ਕਰਦੀ ਹੈ ਕਿ ਮਨੀਪੁਰ ਕਾਂਡ ਵਿੱਚ ਸਿੱਧੇ ਸ਼ਾਮਲ ਅਪਰਾਧੀਆਂ ਅਤੇ ਪਰਦੇ ਪਿਛੇ ਸਾਜ਼ਿਸ਼ ਘੜਨ ਵਾਲੇ ਅਪਰਾਧੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ। ਕਾਂਡ ਦੀ ਸਾਜ਼ਿਸ਼ ਅਤੇ ਅਪਰਾਧੀਆਂ ਨੂੰ ਖੁੱਲ੍ਹ ਦੇਣ ਵਾਲੇ ਅਧਿਕਾਰੀਆਂ ਤੇ ਰਾਜਨੇਤਾਵਾਂ ਖਿਲਾਫ ਕ੍ਰਿਮੀਨਲ ਮੁਕੱਦਮਾ ਦਰਜ ਕੀਤਾ ਜਾਵੇ।

# ਪੀ ਐਚ ਸੀ ਚੱਕੋਵਾਲ ਅਧੀਨ ਪਿੰਡਾਂ 'ਚ ਕੀਤਾ ਡੇਂਗੂ ਸਰਵੇਖਣ



**ਬੁਲੋਵਾਲ, (ਵਿਰਦੀ)**
ਡਿਪਟੀ ਕਮਿਸ਼ਨਰ ਹੁਸ਼ਿਆਰਪੁਰ, ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਦੇਵ ਸਿੰਘ ਦੀ ਅਗਵਾਈ 'ਚ ਪੀ ਐਚ ਸੀ ਚੱਕੋਵਾਲ ਦੇ ਵੱਖ ਵੱਖ ਪਿੰਡਾਂ 'ਚ 'ਡਰਾਈ ਡੇਅ' ਸੰਬੰਧੀ ਸਰਵੇਖਣ ਕਰਵਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾ. ਬਲਦੇਵ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 'ਡਰਾਈ ਡੇਅ' ਪਿੰਡਾਂ ਵਿੱਚ ਮਨਾਇਆ ਗਿਆ ਜਿਸ ਅਧੀਨ ਸਾਰੇ ਘਰਾਂ 'ਚ ਤੇ ਪਿੰਡ ਵਿੱਚ ਹੈਲਥ ਇੰਸਪੈਕਟਰ ਗੁਰਦੇਵ ਸਿੰਘ, ਬਲਜੀਤ ਸਿੰਘ, ਕਸ਼ਮੀਰੀ ਲਾਲ, ਅਮਰਜੀਤ ਕੁਮਾਰ ਦੀ ਅਗਵਾਈ ਹੇਠ ਮਲਟੀਪਰਪਜ਼ ਹੈਕਥ ਵਰਕਰਾਂ ਦੀਆਂ ਟੀਮਾਂ ਤੇ ਨੇ ਖੜੇ ਪਾਣੀ ਦੇ ਸੋਮੇ ਚੈੱਕ ਕਰਕੇ ਮੱਛਰਾਂ ਦੀ ਬ੍ਰੀਡਿੰਗ ਚੈੱਕ ਕੀਤੀ ਗਈ। ਉਹਨਾਂ ਕਿਹਾ ਕਿ ਇਸ ਮੌਸਮ ਵਿੱਚ ਡੇਂਗੂ ਦਾ ਖਤਰਾ ਬਹੁਤ ਜ਼ਿਆਦਾ ਹੁੰਦਾ ਹੈ ਤੇ ਇਸ ਤੋਂ ਬਚਾਅ ਲਈ ਮੱਛਰਾਂ ਤੋਂ ਬਚਾਅ ਕਰਨਾ ਪੈਣਾ ਹੈ। ਲੋਕਾਂ ਨੂੰ ਇਸ ਕੰਮ 'ਚ ਸਿਹਤ ਵਿਭਾਗ ਦਾ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਹਰਦੀਪ ਸਿੰਘ ਬੀ ਈ ਈ ਨੇ ਕਿਹਾ ਕਿ ਡੇਂਗੂ ਤੇ ਮਲੇਰੀਆ ਤੋਂ ਬਚਾਅ ਲਈ ਸਿਹਤ ਵਿਭਾਗ ਦੇ ਮੁਲਾਜ਼ਮ ਤਨਦੇਹੀ ਨਾਲ ਕੰਮ ਕਰ ਰਹੇ ਹਨ। ਹੈਲਥ ਇੰਸਪੈਕਟਰ ਗੁਰਦੇਵ ਸਿੰਘ ਨੇ ਦੱਸਿਆ ਕਿ ਬਾਕੀ ਬਲਾਕ ਵਾਂਗ ਸ਼ਾਮਚੁਰਾਸੀ ਵਿਖੇ ਵੀ ਘਰ-ਘਰ ਜਾ ਕੇ ਡੈਂਗੂ ਸਰਵੇ ਕੀਤਾ ਗਿਆ। ਐਸ ਐਮ ਓ ਸ਼ਾਮਚੁਰਾਸੀ ਡਾ. ਜਤਿੰਦਰ ਸਿੰਘ ਗਿੱਲ ਦੀ ਰਹਨੁਮਾਈ ਹੇਠ ਕੀਤੇ ਸਰਵੇ ਦੀ ਟੀਮ ਵਿੱਚ ਐਚ ਆਈ ਅਮਰਜੀਤ ਕੁਮਾਰ, ਮਲਟੀਪਰਪਜ਼ ਹੈਲਥ ਵਰਕਰ ਇੰਦਰਜੀਤ ਸਿੰਘ, ਸਤਵੀਰ ਸਿੰਘ, ਬਲਵਿੰਦਰ ਸਿੰਘ, ਦਿਲਬਾਗ ਸਿੰਘ, ਗੁਰਦੀਪ ਸਿੰਘ, ਮਨਜੀਤ ਸਿੰਘ, ਆਸ਼ਾ ਫੈਸਿਲੀਟੇਟਰ ਜਸਵਿੰਦਰ ਕੌਰ, ਆਸ਼ਾ ਵਰਕਰ ਕਿਰਨਦੀਪ ਕੌਰ, ਕੁਲਵਿੰਦਰ ਕੌਰ, ਰਾਜਵਿੰਦਰ ਕੌਰ, ਅਮਰਜੀਤ ਕੌਰ, ਜਸਵਿੰਦਰ ਕੌਰ, ਸੁਰਿੰਦਰ ਕੌਰ ਵੀ ਸ਼ਾਮਲ ਸਨ।

# ਸਾਂਗਰਾ ਨੇੜਿਓਂ ਬੰਨ੍ਹ ਟੁੱਟਣ ਕਾਰਨ 16 ਪਿੰਡਾਂ 'ਚ ਪਾਣੀ ਭਰਿਆ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਹਲਕਾ ਸੁਲਤਾਨਪੁਰ ਲੋਧੀ ਦੇ ਬੀਤੇ ਕੱਲ ਮੰਡ ਖੇਤਰ ਸੁਲਤਾਨਪੁਰ ਲੋਧੀ ਦੇ ਦਰਿਆ ਬਿਆਸ ਅੰਦਰ ਵਸੇ ਪਿੰਡ ਸਾਂਗਰਾ ਨੇੜਿਓਂ ਬੰਨ ਟੁੱਟਣ ਕਾਰਨ ਤਕਰੀਬਨ 16 ਪਿੰਡਾਂ 'ਚ ਪਾਣੀ ਭਰ ਗਿਆ ਸੀ। ਪਾਣੀ ਵਿੱਚ ਘਿਰੇ ਲੋਕਾਂ ਨੂੰ ਬਾਹਰ ਕੱਢਣ ਲਈ ਪ੍ਰਸਾਸਨ ਵੱਲੋਂ 24 ਘੰਟੇ ਬਾਅਦ ਵੀ ਕਿਸਤੀਆਂ ਜਾਂ ਮੋਟਰ ਬੋਟ ਮੁਹੱਈਆ ਨਹੀਂ ਕਰਵਾਈ ਗਈ। ਜਿਸ ਦੇ ਸਿੱਟੇ ਵਜੋਂ ਇੱਕ ਬਿਮਾਰ ਕਿਸਾਨ ਟਹਿਲ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਬਾਊਪੁਰ ਕਦੀਮ ਦੀ ਕਿਸ਼ਤੀ ਨਾ ਮਿਲਣ ਕਾਰਨ ਮੌਤ ਹੋ ਗਈ। ਸਿੰਘ ਦੀ ਮੌਤ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ। ਮੰਡ ਖੇਤਰ ਦੇ ਲੋਕਾਂ ਵੱਲੋਂ ਪ੍ਰਸ਼ਾਸਨ ਪ੍ਰਤੀ ਆਪਣਾ ਰੋਸ ਜਾਹਿਰ ਕੀਤਾ ਗਿਆ। ਕਿਸਾਨ ਆਗੂ ਪਰਮਜੀਤ ਸਿੰਘ ਬਾਊਪੁਰ ਅਤੇ ਕੁਲਦੀਪ ਸਿੰਘ ਸਾਂਗਰਾ ਨੇ ਦੱਸਿਆ ਕਿ ਪਾਣੀ ਆਉਣ ਨਾਲ ਡੇਰਿਆਂ ਅਤੇ ਪਿੰਡਾਂ 'ਚ ਬੈਠੇ ਲੋਕ ਪਾਣੀ ਵਿੱਚ ਪੂਰੀ ਤਰ੍ਹਾਂ ਘਿਰ ਗਏ ਹਨ। ਜਿਸ ਕਰਕੇ ਕਿਸੇ ਤਰ੍ਹਾਂ ਦੀ ਐਮਰਜੈਂਸੀ ਅਤੇ ਦੁੱਖ ਸੁੱਖ ਵੇਲੇ ਘਰੋਂ ਬਾਹਰ ਜਾਣ ਲਈ ਉਹਨਾਂ ਦੇ ਕੋਲ ਕੋਈ ਵੀ ਪ੍ਰਬੰਧ ਨਹੀਂ ਹੈ। ਉਕਤ ਆਗੂਆਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਮੰਡ ਖੇਤਰ ਦੇ ਲੋਕਾਂ ਦੀ ਸੁਰੱਖਿਆ ਲਈ ਤੁਰੰਤ ਮੋਟਰ ਬੋਰਡ ਦਾ ਪ੍ਰਬੰਧ ਕਰਕੇ ਦਿੱਤਾ ਜਾਵੇ।

## ਤਖਤ ਸ੍ਰੀ ਕੇਸਗੜ੍ਹ ਸਾਹਿਬ ਬੇਅਦਬੀ ਮਾਮਲੇ ਦੇ ਦੋਸ਼ੀ ਨੂੰ ਮਿਲਣੀ ਚਾਹੀਦੀ ਸੀ ਫਾਂਸੀ ਦੀ ਸਜਾ : ਗਿਆਨੀ ਸੁਲਤਾਨ ਸਿੰਘ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**-ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦੋ ਸਾਲ ਪਹਿਲਾਂ ਹੋਈ ਬੇਅਦਬੀ ਦੇ ਦੋਸ਼ੀ ਨੂੰ ਰੂਪਨਗਰ ਦੀ ਅਦਾਲਤ ਵਲੋਂ ਸੁਣਾਈ ਗਈ ਪੰਜ ਸਾਲ ਦੀ ਕੈਦ ਅਤੇ ਪੰਜ ਹਜਾਰ ਰੁਪਏ ਜੁਰਮਾਨੇ ਦੀ ਸਜਾ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਨਾਕਾਫੀ ਦੱਸਦਿਆਂ ਆਖਿਆ ਕਿ ਬੇਅਦਬੀ ਦੇ ਦੋਸੀਆਂ ਨੂੰ ਫਾਂਸੀ ਦੀ ਸਜਾ ਮਿਲਣੀ ਚਾਹੀਦੀ ਹੈ। ਗਿਆਨੀ ਸੁਲਤਾਨ ਸਿੰਘ ਨੇ ਆਖਿਆ ਕਿ 13 ਸਤੰਬਰ 2021 ਨੂੰ ਅੰਮ੍ਰਿਤ ਵੇਲੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕ ਦੁਸਟ ਵਿਅਕਤੀ ਨੇ ਸਿਗਰਟ ਪੀ ਕੇ ਜਿੱਥੇ ਪਾਵਨ ਤਖਤ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ ਸੀ, ਉੱਥੇ ਦੁਨੀਆ ਭਰ 'ਚ ਵੱਸਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਸਨ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ ਅਤੇ ਇਸ ਵਰਤਾਰੇ ਪਿੱਛੇ ਕੋਈ ਵੱਡੀਆਂ ਸ਼ਕਤੀਆਂ ਕੰਮ ਕਰ ਰਹੀਆਂ ਹਨ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬੇਅਦਬੀ ਵੀ ਇਸੇ ਨਾਪਾਕ ਕੜੀ ਦਾ ਹਿੱਸਾ ਸੀ। ਬੇਸ਼ੱਕ ਬੇਅਦਬੀ ਕਰਨ ਵਾਲੇ ਦੋਖੀ ਨੂੰ ਮੌਕੇ 'ਤੇ ਫੜ ਕੇ ਪੁਲਸ ਹਵਾਲੇ ਕਰ ਦਿੱਤਾ ਗਿਆ ਸੀ ਪਰ ਇਸ ਬੇਅਦਬੀ ਦੀ ਘਟਨਾ ਦੇ ਪਿੱਛੇ ਦੀ ਸਾਜ਼ਿਸ਼ ਤੇ ਸਾਜ਼ਿਸ਼ਕਰਤਾ ਨੂੰ ਬੇਪਰਦ ਕਰਨਾ ਵੀ ਕਾਨੂੰਨ ਦਾ ਕੰਮ ਸੀ, ਜੋ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬੇਅਦਬੀ ਦੀ ਘਟਨਾ ਦੇ ਦੋਸ਼ੀ ਨੂੰ ਮੌਤ ਦੀ ਸਜਾ ਵਰਗੀ ਮਿਸਾਲੀ ਸਜਾ ਮਿਲਣੀ ਚਾਹੀਦੀ ਸੀ, ਤਾਂ ਜੋ ਭਵਿੱਖ ਵਿਚ ਕੋਈ ਵੀ ਮਾੜੀ ਸੋਚ ਵਾਲਾ ਵਿਅਕਤੀ ਇਹੋ ਜਿਹਾ ਪਾਪ ਕਰਨ ਦੀ ਹਿੰਮਤ ਨਾ ਕਰ ਸਕਦਾ।

## ਪੀ ਟੀ ਐੱਮ ਆਰੀਆ ਕਾਲਜ ਦਾ ਨਵਾਂ ਸੈਸ਼ਨ ਆਰੰਭ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਪੀ. ਟੀ ਐੱਮ ਆਰੀਆ ਕਾਲਜ ਵਿੱਖੇ ਨਵੇਂ ਸੈਸ਼ਨ ਦੀ ਆਰੰਭਤਾ ਤੇ ਭਵਿੱਖ ਦੀ ਮੰਗਲ ਕਾਮਨਾਵਾਂ ਲਈ ਹਵਨ ਕਰਵਾਇਆ ਗਿਆ। ਕਾਲਜ ਦੇ ਡਾਇਰੈਕਟਰ ਪ੍ਰੋ ਆਰ ਕੇ ਜੈਨ ਨੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਸਖਤ ਮਿਹਨਤ ਕਰਦੇ ਵਧੀਆ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ। ਕਾਲਜ ਦੇ ਪ੍ਰਧਾਨ ਓਮ ਪ੍ਰਕਾਸ਼ ਕੂੰਦੀ ਨੇ ਵੀ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਲਗਨ ਤੇ ਮਿਹਨਤ ਕਰਕੇ ਕਾਲਜ ਦਾ ਨਾਂਅ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ, ਅਧਿਆਪਕ, ਸਮੂਹ ਵਿਦਿਆਰਥੀ ਹਾਜਰ ਸਨ।

## ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਦੇ ਪੰਜ ਵਿਦਿਆਰਥੀਆਂ ਦੀ ਮੈਰੀਟੋਰੀਅਸ ਸਕੂਲ ਲਈ ਚੋਣ

**ਫਿਲੌਰ (ਨਿਰਮਲ)**- ਸਥਾਨਕ ਅੱਪਰਾ ਵਿਖੇ ਸਥਿਤ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ (ਜੋੜਿਆਂ ਵਾਲਾ) ਦੇ ਪੰਜ ਵਿਦਿਆਰਥੀਆਂ (ਰਾਕੇਸ਼ ਕੁਮਾਰ, ਸਿਮਰਨ, ਹਰਸ਼ਦੀਪ ਕੌਰ, ਪ੍ਰਿਯੰਕਾ ਰਾਣੀ, ਹਰਦੀਪ ਸਿੰਘ) ਦੀ ਮੈਰੀਟੋਰੀਅਸ ਸਕੂਲ ਲਈ ਚੋਣ ਹੋਣ ਕਾਰਨ ਇਲਾਕੇ ਭਰ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਹੈ। ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਪਹਿਲਾਂ ਵੀ ਆਪਣੇ ਵਿੱਦਿਅਕ ਪੱਧਰ, ਖੇਡਾਂ ਤੇ ਸਮਾਜਿਕ ਕਾਰਜਾਂ ਵਿੱਚ ਸ਼ਮੂਲੀਅਤ ਦੇ ਕਾਰਨ ਨਾਮਣਾ ਖੱਟ ਚੁੱਕਾ ਹੈ। ਸਕੂਲ ਮੁਖੀ ਮਾਸਟਰ ਜਸਪਾਲ ਸੰਧੂ ਦੀ ਅਗਵਾਈ ਹੇਠ ਦਿਨ ਪ੍ਰਤੀ ਦਿਨ ਤਰੱਕੀਆਂ ਕਰ ਰਹੇ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਮੈਰੀਟੋਰੀਅਸ ਲਈ ਚੁਣੇ ਜਾਣ ਦਾ ਸਿਹਰਾ ਸਕੂਲ ਸਟਾਫ, ਐਸ ਐਮ ਸੀ ਕਮੇਟੀ ਅਤੇ ਬੱਚਿਆਂ ਦੇ ਮਾਪਿਆਂ ਤੇ ਸਮੂਹ ਵਿਦਿਆਰਥੀਆ ਨੂੰ ਜਾਂਦਾ ਹੈ।

## ਬਾਬਾ ਮਿੱਤ ਸਿੰਘ ਦੀ ਯਾਦ ਨੂੰ ਸਮਰਪਿਤ ਸਾਲਾਨਾ ਗੁਰਮਤਿ ਸਮਾਗਮ ਭਲਕੇ

**ਆਦਮਪੁਰ (ਪਰਮਜੀਤ ਸਿੰਘ)**- ਬ੍ਰਹਮ ਗਿਆਨੀ ਸੰਤ ਬਾਬਾ ਮਿੱਤ ਸਿੰਘ ਜੀ ਦੀ ਸਾਲਾਨਾ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ 23 ਜੁਲਾਈ ਨੂੰ ਪਿੰਡ ਕਿਸਨ ਪੁਰ ਜੱਫਲ ਝਿੰਗੜ ਵਿਖੇ ਕਰਵਾਏ ਜਾ ਰਹੇ ਹਨ । ਮੁੱਖ ਸੇਵਾਦਾਰ ਬਾਬਾ ਤਲਵਿੰਦਰ ਸਿੰਘ ਪਰਮੇਸ਼ਰ ਸਿੰਘ ਨੇ ਦੱਸਿਆ ਕਿ 21 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾ ਰਹੇ ਹਨ ਜਿਨ੍ਹਾਂ ਦੇ ਐਤਵਾਰ 23 ਜੁਲਾਈ ਨੂੰ ਬਰਸੀ ਮੌਕੇ ਭੋਗ ਪਾਏ ਜਾਣਗੇ। ਸਮਾਗਮ ਦੌਰਾਨ ਕਥਾਵਾਚਕ ਸੰਤ ਤੇਜਾ ਸਿੰਘ ਖੁੱਡੀਆਂ ਕੁਰਾਲਾ ਵਾਲੇ, ਸੰਤ ਅਮੀਰ ਸਿੰਘ ਟਕਸਾਲ ਜਵੱਦੀ ਕਲਾਂ, ਜਥੇਦਾਰ ਬਾਬਾ ਜੰਗ ਬਹਾਦਰ ਮਸਤੂਆਣਾ,ਢਾਡੀ ਭਾਈ ਕਰਮਜੀਤ ਸਿੰਘ ਪਧਿਆਣਾ, ਭਾਈ ਰਛਪਾਲ ਸਿੰਘ ਲੁਧਿਆਣਾ, ਬਾਬਾ ਜੋਗਾ ਸਿੰਘ ਰਾਮੂਥਿਆੜਾ, ਭਾਈ ਹਰਜਿੰਦਰ ਸਿੰਘ ਤੇ ਭਾਈ ਜਗਜੀਤ ਸਿੰਘ ਹਜੂਰੀ ਰਾਗੀ ਤਪ ਅਸਥਾਨ ਬਾਬਾ ਮਿੱਤ ਸਿੰਘ ਹਾਜਰ ਹੋਣਗੇ। ਸਟੇਜ ਸਕੱਤਰ ਦੀ ਸੇਵਾ ਭਾਈ ਭਗਵਾਨ ਸਿੰਘ ਜੌਹਲ ਨਿਭਾਉਣਗੇ।



# ਨਡਾਲੋਂ ਵਿਖੇ ਸੰਤ ਬਾਬਾ ਦੀਵਾਨ ਸਿੰਘੀ, ਸੰਤ ਬਾਬਾ ਨਿਧਾਨ ਸਿੰਘ ਦੀ ਯਾਦ ਸਾਲਾਨਾ ਫੁੱਟਬਾਲ ਟੂਰਨਾਮੈਂਟ ਆਰੰਭ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**
ਪਿੰਡ ਨਡਾਲੋਂ ਵਿਖੇ ਸੰਤ ਬਾਬਾ ਦੀਵਾਨ ਸਿੰਘ ਜੀ, ਸੰਤ ਬਾਬਾ ਨਿਧਾਨ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਫੁੱਟਬਾਲ ਟੂਰਨਾਮੈਂਟ ਦਾ ਸ਼ਾਨੋ ਸ਼ੌਕਤ ਨਾਲ ਅਗਾਜ ਕੀਤਾ ਗਿਆ। ਮੰਨਾ ਨਡਾਲੋਂ ਨੇ ਦੱਸਿਆ ਇਸ ਫੁੱਟਬਾਲ ਟੂਰਨਾਮੈਂਟ ਵਿਚ ਇਲਾਕੇ ਦੀਆਂ ਨਾਮਵਰ 32 ਟੀਮਾਂ ਹਿੱਸਾ ਲੈਣਗੀਆਂ। ਉਦਘਾਟਨ ਸੰਤ ਬਾਬਾ ਜਸਪਾਲ ਸਿੰਘ ਨੈਕੀ ਵਾਲੇ ਪੰਜੋੜਾ ਵੱਲੋਂ ਅਰਦਾਸ ਬੇਨਤੀ ਹੋਣ ਤੋਂ ਬਾਅਦ ਰੀਬਨ ਕੱਟ ਕੇ ਕੀਤਾ ਗਿਆ। ਉਦਘਾਟਨੀ ਮੈਚ ਬਾਬਾ ਸ਼ੇਖ ਫਰੀਦ ਜੀ ਸਪੋਰਟਸ ਕਲੱਬ ਬੋਹਣ ਅਤੇ ਬੂਥ ਸਪੋਰਟਸ ਕਲੱਬ ਡੁਮੰਡਾ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਬਾਬਾ ਸ਼ੇਖ ਫਰੀਦ ਜੀ ਸਪੋਰਟਸ ਕਲੱਬ ਬੋਹਣ ਦੀ ਟੀਮ ਜੇਤੂ ਰਹੀ। ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਨਗਦ ਇਨਾਮ ਟਰਾਫੀ ਦੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਸੰਤ ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਬਾਬਾ ਜਰਨੈਲ ਸਿੰਘ ਖਾਲਸਾ ਨਡਾਲੋਂ, ਜਸਵੀਰ ਸਿੰਘ ਭੱਟੀ ਨਡਾਲੋਂ, ਤਰਸੇਮ ਸਿੰਘ, ਮਦਨ ਸਿੰਘ, ਹਰਮੇਸ਼ ਸਿੰਘ, ਲਖਵੀਰ ਸਿੰਘ, ਅਮਰੀਕ ਸਿੰਘ, ਲਖਵਿੰਦਰ ਸਿੰਘ, ਬਲਵੀਰ ਸਿੰਘ, ਮਨਜੀਤ ਸਿੰਘ ਮੰਨਾ, ਸੰਦੀਪ, ਤੋਤਾ ਸਿੰਘ, ਹੀਰਾ ਸਿੰਘ, ਧੋਨੀ, ਸਾਬੀ, ਸੋਨੀ, ਸਾਬੀ, ਮੰਨਾ ਦਿਲ, ਸੰਦੀਪ, ਗੋਪੀ, ਮਨਜੀਤ, ਪੁਨੀਤ ਆਦਿ ਹਾਜਰ ਸਨ।

# ਮਨੀਪੁਰ ਘਟਨਾ 'ਤੇ ਮੁੱਖ ਮੰਤਰੀ ਤੁਰੰਤ ਅਸਤੀਫਾ ਦੇਵੇ : ਮਹਿਲਾ ਕਿਸਾਨ ਯੂਨੀਅਨ

**ਜਲੰਧਰ,(ਸ਼ੈਲੀ ਐਲਬਰਟ)**
ਮਹਿਲਾ ਕਿਸਾਨ ਯੂਨੀਅਨ ਨੇ ਭਾਜਪਾ ਸਾਸ਼ਿਤ ਪਹਾੜੀ ਰਾਜ ਮਨੀਪੁਰ ਵਿੱਚ ਦੋ ਔਰਤਾਂ ਨਾਲ ਵਾਪਰੇ ਘਿਨਾਉਣੇ ਕਾਰੇ ਦੀ ਸਖਤ ਨਿੰਦਾ ਕੀਤੀ ਹੈ, ਜਿਸ ਵਿੱਚ ਇੱਕ ਫਿਰਕੇ ਦੇ ਬੇਕਾਬੂ ਫਸਾਦੀਆਂ ਨੇ ਵਿਰੋਧੀ ਧਿਰ ਦੀਆਂ ਦੋ ਅਬਲਾ ਔਰਤਾਂ ਨੂੰ ਨਗਨ ਕਰਕੇ ਘਸੀਟਿਆ, ਥੱਪੜ ਮਾਰੇ ਅਤੇ ਉਨ੍ਹਾਂ ਦੀ ਅਜਮਤ ਨੂੰ ਲੁੱਟਿਆ। ਮਹਿਲਾ ਕਿਸਾਨ ਯੂਨੀਅਨ ਦੀ ਪ੍ਰਧਾਨ ਬੀਬਾ ਰਾਜਵਿੰਦਰ ਕੌਰ ਰਾਜੂ ਨੇ ਮਨੀਪੁਰ ਦੇ ਮੁੱਖ ਮੰਤਰੀ ਤੋਂ ਤੁਰੰਤ ਅਸਤੀਫੇ ਦੀ ਮੰਗ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਕਿਹਾ ਹੈ ਕਿ ਮਾਸੂਮ ਔਰਤਾਂ ਵਿਰੁੱਧ ਇਸ ਅਤਿਘਿਨਾਉਣੇ ਅਪਰਾਧ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਮਿਸਾਲੀ ਸਜਾ ਦਿੱਤੀ ਜਾਵੇ। ਮਹਿਲਾ ਨੇਤਾ ਬੀਬਾ ਰਾਜੂ ਨੇ ਇਸ ਦੁੱਖਦਾਈ ਘਟਨਾ ਨੂੰ ਭਾਰਤ ਵਿੱਚ ਔਰਤਾਂ ਲਈ ਕਾਲਾ ਦਿਨ ਕਰਾਰ ਦਿੱਤਾ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ "ਬੇਟੀ ਬਚਾਓ" ਦੇ ਨਾਅਰੇ 'ਤੇ ਨਿਰਾਸ਼ਾ ਜਾਹਰ ਕਰਦਿਆਂ, ਉਨਾਂ ਅਫਸੋਸ ਨਾਲ ਕਿਹਾ ਕਿ ਮੋਦੀ ਸਰਕਾਰ ਦੇ ਸਾਸ਼ਨ ਦੌਰਾਨ ਭਾਰਤੀ ਔਰਤਾਂ ਦੀ ਸੁਰੱਖਿਆ ਵਿੱਚ ਸੁਧਾਰ ਹੋਣ ਦੀ ਬਜਾਏ ਬਦਤਰ ਹੋ ਗਈ ਹੈ। ਉਨਾਂ ਕਿਹਾ ਕਿ ਵੋਟਾਂ ਹਾਸਲ ਕਰਨ ਲਈ ਫਿਰਕੂ ਵੰਡ ਦੀ ਰਾਜਨੀਤੀ ਕਰਨ ਦੀ ਬਜਾਏ, ਸੱਤਾਧਾਰੀ ਨੇਤਾਵਾਂ ਦੀ ਜ਼ਿੰਮੇਵਾਰੀ ਸੱਜੇ-ਪੱਖੀਆਂ ਦੇ ਬੇਰਹਿਮ ਪੰਜਿਆਂ ਤੋਂ ਔਰਤਾਂ ਦੀ ਰੱਖਿਆ ਅਤੇ ਸੁਰੱਖਿਆ ਕਰਨਾ ਹੈ। ਪੀੜਤਾਂ ਖਾਤਰ ਇਨਸਾਫ ਦੀ ਮੰਗ ਲਈ ਜਾਰੀ ਇੱਕ ਸਖਤ ਬਿਆਨ ਵਿੱਚ, ਮਹਿਲਾ ਕਿਸਾਨ ਆਗੂ ਨੇ ਜੋਰ ਦੇ ਕੇ ਕਿਹਾ ਕਿ ਇਹ ਘਟਨਾ ਔਰਤਾਂ ਦੀ ਇੱਜਤ-ਆਬਰੂ 'ਤੇ ਇੱਕ ਘੋਰ ਹਮਲਾ ਹੈ ਅਤੇ ਲਗਾਤਾਰ ਜਾਰੀ ਹਿੰਸਾ ਤੋਂ ਪ੍ਰਭਾਵਿਤ ਪਹਾੜੀ ਰਾਜ ਵਿੱਚ ਔਰਤਾਂ ਨਾਲ ਸ਼ਰਮਨਾਕ, ਗੈਰ-ਮਨੁੱਖੀ ਅਤੇ ਅਤਿਅੰਤ ਦੁਖਦਾਈ ਸਲੂਕ ਨੂੰ ਉਜਾਗਰ ਕਰਦਾ ਹੈ, ਜਿੱਥੇ ਸੱਤਾਧਾਰੀਆਂ ਨੇ ਅਣ-ਮਨੁੱਖੀ ਹਮਲਿਆਂ ਦੀ ਲੜੀ ਵੱਲ ਅੱਖਾਂ ਬੰਦ ਕਰ ਰੱਖੀਆਂ ਹਨ। ਭਗਵਾ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦੀ ਸਖਤ ਆਲੋਚਨਾ ਕਰਦਿਆਂ ਬੀਬਾ ਰਾਜੂ ਨੇ ਜੋਰ ਦੇ ਕੇ ਕਿਹਾ ਕਿ ਮਨੀਪੁਰ ਵਿੱਚ ਪਿਛਲੇ ਦੋ ਮਹੀਨਿਆਂ ਤੋਂ ਨਸਲਕੁਸ਼ੀ ਕਰਨ ਵਾਲੀ ਭਿਆਨਕ ਹਿੰਸਾ ਤੋਂ ਪੂਰਾ ਦੇਸ਼ ਡੂੰਘਾ ਚਿੰਤਤ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਇਸ ਨਸਲਕੁਸ਼ੀ ਬਾਰੇ ਧਾਰੀ ਚੁੱਪ ਹੀ ਬਦਕਿਸਮਤੀ ਨਾਲ ਆਮ ਲੋਕਾਂ ਖਾਸਕਰ ਔਰਤਾਂ 'ਤੇ ਅਜਿਹੇ ਅਤਿਅੰਤ ਅਤੇ ਘਿਣਾਉਣੇ ਹਮਲਿਆਂ ਦਾ ਕਾਰਨ ਬਣੀ ਹੈ। ਬੀਬਾ ਰਾਜੂ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਨੇ ਓਲੰਪੀਅਨ ਪਹਿਲਵਾਨ ਲੜਕੀਆਂ ਦੀ ਅਜਮਤ ਨੂੰ ਹੱਥ ਪਾਉਣ ਦੇ ਦੋਸ਼ੀ ਆਪਣੀ ਪਾਰਟੀ ਦੇ ਬਾਹੂਬਲੀ ਸੰਸਦ ਮੈਂਬਰ ਬ੍ਰਿਜ ਭੂਸ਼ਨ ਸਿੰਘ, ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ, ਵਿਰੁੱਧ ਸਖਤ ਕਾਰਵਾਈ ਕੀਤੀ ਹੁੰਦੀ ਤਾਂ ਅਜਿਹੀ ਘਿਨੌਣੀ ਘਟਨਾ ਬਿਲਕੁਲ ਨਾ ਵਾਪਰਦੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਇਸ ਹਿੰਸਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾ ਰੋਕਣ ਦਾ ਦੋਸ਼ ਲਗਾਉਂਦੇ ਹੋਏ, ਮਹਿਲਾ ਨੇਤਾ ਨੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਤੁਰੰਤ ਹਿੰਸਾ ਤੋਂ ਪੀੜਤ ਰਾਜ ਦਾ ਦੌਰਾ ਕਰਨਾ ਅਤੇ ਉੱਥੇ ਚੱਲ ਰਹੀ ਨਸਲਕੁਸ਼ੀ ਨੂੰ ਰੋਕਣ ਲਈ ਤੁਰੰਤ ਕਦਮ ਚੁੱਕਣ।



# ਪਲਸ ਪੋਲੀਓ ਮੁਹਿੰਮ 'ਚ ਭਾਗ ਲੈਣ ਵਾਲੇ ਗੁਰੂ ਨਾਨਕ ਨਰਸਿੰਗ ਕਾਲਜ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਦਾ ਸਨਮਾਨ



**ਬਹਿਰਾਮ (ਅਵਤਾਰ ਕਲੇਰ)**
ਸਿਹਤ ਵਿਭਾਗ ਪੰਜਾਬ ਵੱਲੋਂ ਦੇਸ਼ ਨੂੰ ਪੋਲੀਓ ਮੁਕਤ ਬਣਾਈ ਰੱਖਣ ਲਈ ਚੱਲ ਰਹੀ ਪਲਸ ਪੋਲੀਓ ਮੁਹਿੰਮ ਵਿਚ ਭਾਗ ਲੈਣ ਵਾਲੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੇ ਨਰਸਿੰਗ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਡਾ. ਨਿਰਜੰਨ ਰਾਮ ਪਾਲ ਐਸ ਐਮ ਓ , ਪੀ ਐਚ ਸੀ ਸੁੱਜੋਂ ਨੇ ਦੱਸਿਆ ਕਿ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੀ ਐਚ ਸੀ ਸੁੱਜੋਂ ਦੇ ਪਿੰਡਾਂ ਵਿਚ 0 ਤੋਂ 5 ਸਾਲ ਦੀ ਉਮਰ ਦੇ ਤੱਕ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣ ਦਾ ਟੀਚਾ ਪੂਰੀ ਕਾਮਯਾਬੀ ਨਾਲ ਪੂਰਾ ਕੀਤਾ ਗਿਆ। ਇਸ ਮੁਹਿੰਮ ਨੂੰ ਸਫਲ ਕਰਨ ਲਈ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੇ ਨ ਰ ਸਿ ੰ ਗ ਵਿਦਿਆਰਥੀਆਂ ਵੱਲੋਂ ਦਿੱਤੇ ਵਿਸ਼ੇਸ਼ ਸਹਿਯੋਗ ਕਰਕੇ ਇਹਨਾਂ ਦਾ ਸਨਮਾਨ ਸਿਹਤ ਵਿਭਾਗ ਵੱਲੋਂ ਕੀਤਾ ਗਿਆ । ਇਸ ਮੌਕੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ ਨੇ ਨਰਸਿੰਗ ਵਿਦਿਆਰਥੀਆਂ ਤੋਂ ਇਲਾਵਾ ਡਾ.ਨਿਰੰਜਨ ਰਾਮ ਪਾਲ ਐਸ ਐਮ ਓ, ਪੀ ਐਚ ਸੀ ਸੁੱਜੋ ਤੇ ਰਾਜ ਕੁਮਾਰ ਬਲਾਕ ਐਕਸਟੈਸ਼ਨ ਅਫਸਰ ਦਾ ਵੀ ਮਾਣ-ਸਤਿਕਾਰ ਕੀਤਾ। ਇਸ ਮੌਕੇ ਕੁਲਵਿੰਦਰ ਸਿੰਘ ਢਾਹਾਂ , ਅਮਰਜੀਤ ਸਿੰਘ ਕਲੇਰਾਂ , ਮਹਿੰਦਰਪਾਲ ਸਿੰਘ , ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ , ਵਾਈਸ ਪ੍ਰਿੰਸੀਪਲ ਰਮਨਦੀਪ ਕੌਰ, ਮੈਡਮ ਜੋਤਸਨਾ ਕੁਮਾਰੀ ਅਤੇ ਨਰਸਿੰਗ ਅਧਿਆਪਕ ਵੀ ਹਾਜ਼ਰ ਸਨ।

# ਰਕੇਸ਼ ਟਕੈਤ ਨੇ ਮੋਹਾਲੀ ਦਾ ਦੌਰਾ ਕਰਕੇ ਕਿਸਾਨਾਂ ਦੀਆਂ ਮੁਸ਼ਕਲਾਂ ਵਿਚਾਰੀਆਂ

**ਖਰੜ (ਹਰਨਾਮ ਸਿੰਘ ਡੱਲਾ)**
ਭਾਰਤ ਮਾਲਾ ਪ੍ਰੋਜੈਕਟ 'ਚ ਕਿਸਾਨਾਂ ਦੀਆਂ ਆ ਰਹੀਆਂ ਜ਼ਮੀਨਾਂ ਬਾਰੇ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਕੌਮੀ ਕਿਸਾਨ ਆਗੂ ਰਕੇਸ਼ ਟਕੈਤ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਜਾਇਜਾ ਲਿਆ ਹੈ। ਜਿਲ੍ਹਾ ਮੋਹਾਲੀ ਦੇ ਆਈ ਟੀ ਸਿਟੀ ਮੋਹਾਲੀ ਤੋਂ ਕੁਰਾਲੀ ਤੱਕ ਬਣ ਰਹੇ ਨੈਸ਼ਨਲ ਹਾਈਵੇ ਰੋਡ 'ਚ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਨੈਸ਼ਨਲ ਹਾਈਵੇ ਅਥਾਰਟੀ ਨੂੰ ਅਕਵਾਇਰ ਕਰਵਾਈ ਜਾ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਿਲ੍ਹਾ ਪ੍ਰੈਸ ਸਕੱਤਰ ਰਣਬੀਰ ਸਿੰਘ ਗਰੇਵਾਲ ਵੱਲੋਂ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਆਗੂ ਰਾਕੇਸ਼ ਟਕੈਤ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਰਨਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਨੇ ਕਿਸਾਨ ਨੂੰ ਆ ਰਹੀਆਂ ਮੁਸ਼ਕਲਾਂ ਵਾਰੇ ਜਾਣੂ ਕਰਵਾਉਂਦੇ ਹੋਏ ਆਖਿਆ ਕਿ ਕਿਸਾਨਾਂ ਵੱਲੋਂ ਡੀ ਸੀ ਦਫਤਰ ਮੋਹਾਲੀ ਅੱਗੇ ਇੱਕ ਸਾਲ ਤੋਂ ਧਰਨਾ ਦਿੱਤਾ ਗਿਆ ਹੈ। ਜਦੋਂ ਇੱਕ ਸਾਲ ਤੱਕ ਪੰਜਾਬ ਸਰਕਾਰ ਤੇ ਮੋਹਾਲੀ ਪ੍ਰਸ਼ਾਸਨ ਨੇ ਕਿਸਾਨਾਂ ਦੀ ਕੋਈ ਗੱਲ ਨਹੀਂ ਸੁਣੀ ਤਾਂ ਮਜ਼ਬੂਰ ਹੋ ਕੇ ਕਿਸਾਨਾਂ ਵੱਲੋਂ ਮਾਣਯੋਗ ਪੰਜਾਬ ਹਰਿਆਣਾ ਹਾਈਕੋਰਟ ਦਾ ਰੁਖ ਕੀਤਾ ਸੀ। ਜਿਨ੍ਹਾਂ ਕਿਸਾਨਾਂ ਦੇ ਮਾਣਯੋਗ ਹਾਈਕੋਰਟ 'ਚ ਕੇਸ ਵਿਚਾਰ ਅਧੀਨ ਹਨ, ਉਹਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਦਾ ਪ੍ਰਸ਼ਾਸਨ ਵੱਲੋਂ ਧੱਕੇ ਨਾਲ ਕਬਜਾ ਲੈਣ ਦੀਆਂ ਵਾਰ ਵਾਰ ਕੋਸ਼ਿਸ਼ਾਂ ਕੀਤੀਆ ਜਾਂ ਰਹੀ ਹੈ। ਜਦੋਂਕਿ ਪੰਜਾਬ ਅਤੇ ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਇਨਸਾਫ ਦੇਣ 'ਚ ਅਸਫਲ ਹੋਈ ਜ਼ਮੀਨ ਦੇ ਮਾਲਕ ਕਿਸਾਨਾਂ ਨੇ ਮਜ਼ਬੂਰ ਹੋ ਕੇ ਹਾਈਕੋਰਟ ਦਾ ਰੁਖ ਕੀਤਾ ਹੈ। ਹੜ੍ਹਾਂ ਦੇ ਹਲਾਤਾਂ ਨੂੰ ਵੇਖਦੇ ਹੋਏ ਜੋ ਭਾਰਤ ਮਾਲਾ ਪ੍ਰੋਜੈਕਟ ਰਾਹੀਂ ਰੋਡ ਜ਼ਿਲ੍ਹਾ ਮੋਹਾਲੀ ਦੇ ਵੱਖ ਵੱਖ ਖੇਤਰਾਂ 'ਚੋਂ ਨਿਕਲ ਰਹੀ ਹੈ, ਉਸ ਰੋਡ ਦੀ ਉਚਾਈ 10 ਤੋਂ 15 ਫੁੱਟ ਤੱਕ ਹੈ। ਬਰਸਾਤਾਂ ਦੇ ਸਮੇਂ ਪਾਣੀ ਦੀ ਡਾਕ ਲੱਗ ਕੇ ਲੋਕਾਂ ਦਾ ਬਹੁਤ ਨੁਕਸਾਨ ਹੋਵੇਗਾ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਿਲ੍ਹਾ ਪ੍ਰੈਸ ਸਕੱਤਰ ਰਣਬੀਰ ਸਿੰਘ ਗਰੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੌਮੀ ਕਿਸਾਨ ਆਗੂ ਰਾਕੇਸ਼ ਟਕੈਤ ਤੇ ਲੱਖੋਵਾਲ ਵੱਲੋਂ ਕਿਸਾਨਾਂ ਦਾ ਸਾਥ ਦੇਣ ਦਾ ਭਰੋਸਾ ਦਿੱਤਾ ਹੈ। ਕਿਸਾਨ ਆਗੂਆਂ ਵੱਲੋਂ ਮੋਹਾਲੀ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਹੋਏ ਕਿਹਾ ਕਿ ਜੇਕਰ ਅੱਗੇ ਤੋਂ ਕਿਸਾਨਾਂ ਨਾਲ ਮੋਹਾਲੀ ਪ੍ਰਸ਼ਾਸਨ ਵੱਲੋਂ ਧੱਕਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਜਾਵੇਗਾ।



# ਜੋਗਿੰਦਰ ਮਾਨ ਦੀ ਹਾਜ਼ਰੀ 'ਚ ਪਿੰਡ ਢੰਡੋਲੀ ਦੀ ਪੰਚਾਇਤ ਨੇ ਫੜਿਆ ਆਪ ਦਾ 'ਝਾੜੂ'



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**
ਫਗਵਾੜਾ ਵਿਧਾਨ ਸਭਾ ਹਲਕੇ 'ਚ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਜਦੋਂ ਆਪ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੀ ਹਾਜਰੀ 'ਚ ਹਲਕੇ ਦੇ ਪਿੰਡ ਢੰਡੋਲੀ ਦੀ ਪੰਚਾਇਤ ਨੇ ਸਰਪੰਚ ਸੁਰਿੰਦਰ ਪਾਲ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸਮੁੱਚੀ ਪੰਚਾਇਤ ਦਾ ਜੋਗਿੰਦਰ ਸਿੰਘ ਮਾਨ ਤੋਂ ਇਲਾਵਾ ਆਪ ਆਗੂ ਦਲਜੀਤ ਸਿੰਘ ਰਾਜੂ ਤੇ ਨੌਜਵਾਨ ਆਗੂ ਵਰੁਣ ਬੰਗੜ ਚੱਕ ਹਕੀਮ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗੁਆਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦਿਨ-ਰਾਤ ਲੋਕ ਭਲਾਈ ਦੇ ਕੰਮ ਕਰ ਰਹੀ ਹੈ। ਚੋਣ ਮੈਨੀਫੈਸਟੋ 'ਚ ਪੰਜਾਬੀਆਂ ਨਾਲ ਕੀਤੇ ਵਾਅਦੇ ਇਕ-ਇਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਪੰਜਾਬ ਦੇ ਅਨੇਕਾਂ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ 'ਚ ਪ੍ਰਭਾਵਿਤ ਕਿਸਾਨਾਂ ਤੇ ਆਮ ਲੋਕਾਂ ਨੂੰ ਫੌਰੀ ਰਾਹਤ ਦਿੱਤੀ ਜਾ ਰਹੀ ਹੈ। ਮੁੱਖ ਮੰਤਰੀ ਖੁਦ ਮੌਕੇ 'ਤੇ ਜਾ ਕੇ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ। ਇਹਨਾਂ ਸਾਰੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਸਮੁੱਚਾ ਪੰਜਾਬ ਆਪ ਪਾਰਟੀ 'ਚ ਸ਼ਾਮਲ ਹੋਣ ਲਈ ਤਿਆਰ ਬੈਠਾ ਹੈ। ਉਹਨਾਂ ਪਿੰਡ ਢੰਡੋਲੀ ਦੀ ਪੰਚਾਇਤ ਨੂੰ ਭਰੋਸਾ ਦਿੱਤਾ ਕਿ ਪਿੰਡ ਦਾ ਸਮੁੱਚਾ ਵਿਕਾਸ ਕਰਵਾਇਆ ਜਾਵੇਗਾ ਤੇ ਅਧੂਰੇ ਪਏ ਵਿਕਾਸ ਦੇ ਕੰਮ ਪਹਿਲ ਦੇ ਅਧਾਰ 'ਤੇ ਪੂਰੇ ਕਰਵਾਏ ਜਾਣਗੇ। ਇਸ ਮੌਕੇ ਜਗਦੀਸ਼ ਰਾਮ ਪੰਚ, ਸੋਮ ਨਾਥ, ਕਰਮਜੀਤ, ਰਾਕੇਸ਼ ਕੁਮਾਰ ਕੇਸ਼ੀ, ਗੁਰਮੇਲ ਸਿੰਘ ਸਾਬਕਾ ਸਰਪੰਚ, ਚਮਨ ਲਾਲ, ਮੰਗਤ ਰਾਮ, ਹਰਬਲਾਸ, ਪਰਮਜੀਤ, ਲੱਭਾ ਰਾਮ, ਹਰਬੰਸ ਲਾਲ ਆਦਿ ਹਾਜਰ ਸਨ।

# ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ 'ਚ ਰਾਸ਼ਨ ਵੰਡਣ ਲਈ ਜੱਥਾ ਰਵਾਨਾ

**ਮੇਹਟੀਆਣਾ (ਜਗਤਾਰ ਸਿੰਘ ਸਿੰਘ ਭੁੰਗਰਨੀ)**
ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਵੱਲੋਂ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਰਾਸ਼ਨ ਵੰਡਣ ਲਈ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਤਰਨਾ ਦਲ ਅਤੇ ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਦੀ ਅਗਵਾਈ ਵਿੱਚ ਜੱਥਾ ਰਵਾਨਾ ਹੋਇਆ । ਸਮੂਹ ਇਲਾਕਾ ਨਿਵਾਸੀਆਂ ਅਤੇ ਵਿਸ਼ਵ ਦੋਆਬਾ ਰਾਜਪੂਤ ਸਭਾ ਇਟਲੀ ਦੇ ਵਿਸ਼ੇਸ਼ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਮਦਦ ਕਰਨ ਲਈ ਰਾਸ਼ਨ ਦੀਆਂ ਗੱਡੀਆਂ ਨੂੰ ਅਰਦਾਸ ਕਰਨ ਉਪਰੰਤ ਰਵਾਨਾ ਕੀਤਾ ਗਿਆ। ਫਰੰਟ ਦੇ ਜਨਰਲ ਸਕੱਤਰ ਨੇ ਦੱਸਿਆ ਕਿ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਰਾਸ਼ਨ ਕਿੱਟਾਂ ਵਿੱਚ ਤੇਲ ਸਰ੍ਹੋਂ, ਰੀਫਾਇੰਡ, ਦਾਲਾਂ, ਸੋਇਆਬੀਨ, ਨਮਕ, ਮਿਰਚ, ਮਸਾਲਾ ਸਾਬਣ,ਸੋਡਾ, ਮੋਮਬੱਤੀ, ਚਾਹ ਪੱਤੀ, ਰਸ, ਸ਼ੈਂਪੂ, ਮਾਚਿਸ ਆਦਿ ਹੜ੍ਹ ਪੀੜਤ ਇਲਾਕਿਆਂ ਵਿੱਚ ਲੋੜਵੰਦ ਪਰਵਾਰਾਂ ਨੂੰ ਜਥੇਦਾਰ ਬਾਬਾ ਗੁਰਦੇਵ ਸਿੰਘ ਦੀ ਅਗਵਾਈ ਵਿੱਚ ਪਿੰਡ ਭਰੋਆਨਾ ਵਿਖੇ ਵੰਡਿਆ ਗਿਆ । ਜਥੇਦਾਰ ਸ਼ਮਸ਼ੇਰ ਸਿੰਘ ਭਰੋਆਣਾ ਅਤੇ ਅਮਨਦੀਪ ਸਿੰਘ ਭਿੰਡਰ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ। ਇਸ ਮੌਕੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ, ਸਰਪ੍ਰਸਤ ਫਤਿਹ ਸਿੰਘ ਪਰਹਾਰ, ਅਮਰ ਕੌਰ -ਚਰਨ ਕੌਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ, ਜਸਵਿੰਦਰ ਸਿੰਘ ਸੰਘਾ, ਮਾ. ਅਵਤਾਰ ਸਿੰਘ ,ਵਰਿੰਦਰ ਸਿੰਘ ਭਿੰਡਰ ਬੱਡਲਾ, ਗੁਰਦਿਆਲ ਸਿੰਘ ਜਲਵੇਹੜਾ,ਜਸਪਾਲ ਸਿੰਘ ਮੰਡੇਰ, ਜਸਪਾਲ ਸਿੰਘ ਪ੍ਰਮਾਰ, ਸੁਖਜੀਤ ਸਿੰਘ ਪ੍ਰਮਾਰ ,ਉਂਕਾਰ ਸਿੰਘ ਮਿਨਹਾਸ ,ਦਵਿੰਦਰ ਸਿੰਘ ਬਿੰਦਾਂ ਮੇਹਟੀਅਣਾ, ਕਰਮਜੀਤ ਸਿੰਘ ਅਟਵਾਲ, ਸਤਨਾਮ ਸਿੰਘ ਪਰਹਾਰ, ਸਤਨਾਮ ਸਿੰਘ ਸ਼ਿੰਦੂ, ਸੱਤਪਾਲ ਸਿੰਘ ਮੋਨਾਂ ਕਲਾਂ, ਸੁਰਿੰਦਰ ਪਾਲ ਸਿੰਘ ਜੱਜ, ਮਹਿੰਦਰ ਸਿੰਘ ਰੱਬ ਪਾਂਸਟ, ਪਰਮਜੀਤ ਸਿੰਘ ਪੰਡੋਰੀ ਬੀਬੀ, ਮੈਨੇਜਰ ਬਲਵੀਰ ਸਿੰਘ ਤੰਬੜ ਗੁਰੂ ਨਾਨਕ ਮੋਦੀ ਖਾਨਾ ਕਰਿਆਨਾ ਸਟੋਰ ਭੁੰਗਰਨੀ, ਅਜੀਤ ਸਿੰਘ ਖਨੌੜਾ, ਕੁਲਵਿੰਦਰ ਸਿੰਘ ਰਸੂਲਪੁਰ ਨੇ ਸ਼ਮੂਲੀਅਤ ਕੀਤੀ।



# ਬਿਮਾਰੀਆਂ ਦੀ ਰੋਕਥਾਮ ਲਈ ਵਾਰਡ ਨੰਬਰ 42 'ਚ ਕਰਵਾਇਆ ਛਿੜਕਾਅ

**ਫਗਵਾੜਾ (ਡਾ. ਰਮਨ, ਢੱਡਾ)**
ਵਾਰਡ ਨੰ: 42 ਦੀ ਸਰਗਰਮ 'ਆਪ' ਆਗੂ ਪ੍ਰਿਤਪਾਲ ਕੌਰ ਤੁਲੀ ਨੇ ਨਗਰ ਨਿਗਮ ਫਗਵਾੜਾ ਦੇ ਸਹਿਯੋਗ ਨਾਲ ਲੋਕਾਂ ਨੂੰ ਮੱਛਰਾਂ ਤੋਂ ਰਾਹਤ ਦਿਵਾਉਣ ਅਤੇ ਬਰਸਾਤ ਦੇ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਵਾਰਡ ਵਿਚ ਸਪਰੇਅ ਕਰਵਾਈ। ਇਸ ਦੌਰਾਨ ਨਗਰ ਨਿਗਮ ਦੀ ਟੀਮ ਨੇ ਲਗਭਗ ਸਾਰੀਆਂ ਗਲੀਆਂ ਵਿੱਚ ਘਰ-ਘਰ ਜਾ ਕੇ ਦਵਾਈ ਦਾ ਛਿੜਕਾਅ ਕੀਤਾ। ਤੁਲੀ ਨੇ ਦੱਸਿਆ ਕਿ ਜੋ ਥੋੜ੍ਹਾ ਜਿਹਾ ਰਕਬਾ ਬਚਿਆ ਹੈ, ਉਸ ਵਿੱਚ ਜਲਦੀ ਹੀ ਕੰਮ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਆਉਣ ਵਾਲੇ ਦਿਨਾਂ ਵਿੱਚ ਫੌਗਿੰਗ ਕਰਵਾਉਣ ਦੀ ਗੱਲ ਵੀ ਕਹੀ। ਉਨ੍ਹਾਂ ਨੇ ਜਿੱਥੇ ਨਿਗਮ ਕਮਿਸ਼ਨਰ ਡਾ: ਨਯਨ ਜੱਸਲ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ ਉੱਥੇ ਹੀ ਉਨ੍ਹਾਂ ਕਿਹਾ ਕਿ ਵਾਰਡ ਦੇ ਲੋਕਾਂ ਦੀ ਹਰ ਸਮੱਸਿਆ ਦਾ ਹੱਲ ਕਰਵਾਉਣਾ ਉਹਨਾ ਦਾ ਫਰਜ਼ ਹੈ। ਜਦੋਂ ਤੋਂ ਉਹਨਾਂ ਨੇ ਜਨਤਕ ਜੀਵਨ ਵਿੱਚ ਕਦਮ ਰੱਖਿਆ ਹੈ, ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੇ ਹਨ। ਉਨ੍ਹਾਂ ਆਪਣੇ ਸਿਆਸੀ ਵਿਰੋਧੀਆਂ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਹਮੇਸ਼ਾ ਵਾਰਡ ਦੀ ਭਲਾਈ ਲਈ ਕੋਈ ਨਾ ਕੋਈ ਕੰਮ ਕਰਕੇ ਹੀ ਮੀਡੀਆ 'ਚ ਆਉਂਦੇ ਹਨ ਪਰ ਨਗਰ ਨਿਗਮ ਚੋਣਾਂ ਦੀ ਭਿਣਕ ਮਿਲਣ ਤੇ ਸਿਆਸਤ ਦੇ ਬਰਸਾਤੀ ਡੱਡੂ ਸੁਰਖੀਆਂ ਬਟੋਰਨ 'ਚ ਹੀ ਰੁੱਝੇ ਰਹਿੰਦੇ ਹਨ। ਲੋਕਾਂ ਵਿੱਚ ਜਾ ਕੇ ਉਹ ਨਾ ਤਾਂ ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣਦੇ ਹਨ ਅਤੇ ਨਾ ਹੀ ਵਾਰਡ ਦੇ ਵਿਕਾਸ ਵਿੱਚ ਕਦੇ ਸਹਿਯੋਗ ਕਰਦੇ ਹਨ। ਸਗੋਂ ਕੀਤੇ ਜਾ ਰਹੇ ਕੰਮ ਵਿੱਚ ਅੜਚਨ ਪੈਦਾ ਕਰਨਾ ਹੀ ਉਨ੍ਹਾਂ ਦਾ ਸ਼ੁਗਲ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਵਾਰਡ ਵਾਸੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਡੇਂਗੂ ਦੇ ਖਤਰੇ ਦੇ ਮੱਦੇਨਜ਼ਰ ਕੂਲਰਾਂ, ਗਮਲਿਆਂ, ਫਰਿੱਜਾਂ ਅਤੇ ਬਾਲਟੀਆਂ ਆਦਿ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ। ਆਪਣੇ ਆਲੇ-ਦੁਆਲੇ ਦੀ ਸਫ਼ਾਈ ਉਸੇ ਤਰ੍ਹਾਂ ਰੱਖੋ ਜਿਸ ਤਰ੍ਹਾਂ ਘਰਾਂ ਵਿੱਚ ਰੱਖਦੇ ਹਾਂ, ਕਿਉਂਕਿ ਗੰਦਗੀ ਵਿੱਚ ਪੈਦਾ ਹੋਣ ਵਾਲੇ ਮੱਛਰ ਮਲੇਰੀਆ ਫੈਲਾਉਂਦੇ ਹਨ ਤੇ ਸਾਫ਼ ਪਾਣੀ ਵਿੱਚ ਪੈਦਾ ਹੋਣ ਵਾਲੇ ਮੱਛਰ ਡੇਂਗੂ ਦਾ ਕਾਰਨ ਬਣਦੇ ਹਨ। ਇਸ ਮੌਕੇ ਉਨ੍ਹਾਂ ਦੇ ਪਤੀ ਗੁਰਦੀਪ ਸਿੰਘ ਤੁਲੀ ਸਮੇਤ ਵਾਰਡ ਦੇ ਹੋਰ ਪਤਵੰਤੇ ਵੀ ਹਾਜ਼ਰ ਸਨ।

